Ghadarite Babu Mangu Ram Mugowalia was one of very few Indians who entered the United States of America in the first decade of the 1900. When the historic Ghadar Lehar was launched in 1913, he had already spent more than three working years in the state of California. That he had the honour of being one of the pioneers of the Ghadar movement is well established by the fact that his name figured in the official record of those five members (Hari Singh, Gambhir Singh, Harcharn Das, Harnam Chand and Mangu Ram) who were arrested on board the ship Maverick. These five Ghadarite comrades carried with them "an ample supply of revolutionary literature,"writes L. P. Mathur in his seminal book on "Indian Revolutionary Movement in the U.S.A," published by Chand and Co., New Delhi in 1970. He further continued:"After some days the ship anchored off the Coronado islands, seventeen miles from San Diego (CA), (then) . . . to proceed to Hilo port to Hawaii, for receiving further orders. . . . The Dutch authorities seized the Maverick and arrested the Indians at Anjer. Out of these five Indians four escaped from the custody of the Dutch. They were, however, captured on the coast of Sumatra during their flight and were taken to Singapore." Another authentic source about his connections with the Ghadar Lehar is "Religious Rebels in the Punjab: The Ad Dharm Challenge to Caste," a seminal book authored by celebrated academic, Mark Juergensmeyer, who has done exhaustive field research on Babu Mangu Ram and his Ad Dharm movement in Punjab. Based on his detailed conversations with Babu Mangu Ram, Prof Mark provided vital information about his close association with the Ghadar movement. Yet another equally authentic source about Babu Mangu Ram's deep association with the Ghadar movement is an article published in Milap (Jullundur) on October 3, 1953.It revealed how old Ghadarites in California remembered Babu Mangu Ram even after almost forty years. During his extended conversations with Mark Juergensmeyer, Babu Mangu Ram himself told him that his Ghadar connections were discovered while he was in Philippines. After got exposed by the Marshall Field people, he was interned for six months during the visit of the Prince of Wales to Manila in 1922. Since he was among the earlier visitors to America and one of the pioneers of the Ghadar movement, his name also figured among the founder members of the first Sikh Temple at Stockton(CA) as mentioned by Charanjit Singh Pannu, the learned author of "Meri White House Pheri" published by Sangam publications of Patiala in 2015.

On return to his village after spending more than one and a half decade abroad, Babu Mangu Ram Mugowalia pained to experience similar caste-based social discriminations that he used to endure until his departure to America in 1909. His exposure to the equality before law and democratic way of living in the United States of America, on the one hand, and experience of secular and egalitarian mode of social relationship within the Ghadar movement,on the other, prompted him to openly challenge the centuries old oppressive caste-based hierarchies of high-low and pure-impure. When he sought the approval of his fellow comrades in the Ghadar party in America to launch a movement against caste and untouchability back home, true to their mission of achieving freedom from all sorts of social evils and foreign rule, as is clearly evident from their revolutionary writings and patriotic poetry (Ghadar Dian Gunjjan), they quickly agreed to hisnoble proposal. Consequently, it led to the formation of the historic Ad Dharm movement by Babu Mangu RamMugowalia and rest is the story. Had he been alive today, it would have definitely pained him to learn that despite his close association with the Ghadar movement and deep involvement in its various revolutionary activities, his photo is missing among that of his fellow comrades hung on the walls of the Ghadar Memorial (the birthplace of the Ghadar Lehar) in San Francisco (CA).

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-130

## ਚਉਕੇ ਦਾ ਭਰਮ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨਕੋਸ਼ ਅਨੁਸਾਰ ਚਉਕਾ-ਚਾਰਕੋਣਾ ਵਿਹੜਾ, ਰਸੋਈ ਦਾ ਚਾਰਕੋਣਾ ਮੰਡਲ-ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥ ਰਸੋਈ ਦੇ ਥਾਂ ਪੁਰ ਕੀਤਾ ਲੇਪਨ-ਦੇ ਕੈ ਚਉਕਾ ਕਢੀ ਕਾਰ॥ ਜੂਠੇ ਚਉਕੇ ਨਾਨਕਾ ਸਚਾ ਏਕੋ ਸੋਇ॥(ਮ:੩-੧੦੯੦) ਗੁਰੂ ਗ੍ਰੰਥ ਕੋਸ਼ ਅਨੁਸਾਰ-ਆਮ ਘਰਾਂ 'ਚ ਰਸੋਈ ਤੋਂ ਛੁੱਟ ਚਾਰ ਗੁੱਠਾਂ ਵਾਲਾ ਇਕ ਚੌਕਾ ਵੀ ਹੁੰਦਾ ਹੈ। ਇਹ ਘਰ ਦੇ ਖੁੱਲ੍ਹੇ ਵੇਹੜੇ 'ਚ ਚਾਰ ਲਕੀਰਾਂ ਵਾਹ ਕੇ ਕਈ ਵਾਰ ਆਮ ਧਰਤੀ ਤੋਂ ਕੁਝ ਉਚਾ ਬਣਾ ਲਿਆ ਜਾਂਦਾ ਅਤੇ ਗਊ ਗੋਬਰ ਨਾਲ ਲਿਪ-ਪੋਚ ਕੇ ਪਵਿਤ੍ਰ ਕਰ ਲਿਆ ਜਾਂਦਾ ਹੈ। ਮਿੱਥ ਹੈ ਕਿ ਇਸ ਵਿੱਚ ਤਿੰਨ ਦੇਵਤਿਆਂ ( ਅੰਨ ਦੇਵਤਾ, ਜਲ ਦੇਵਤਾ, ਅਗਨੀ ਦੇਵਤਾ) ਦਾ ਨਿਵਾਸ ਹੋਣ ਕਾਰਨ ਇਸ ਨੂੰ ਪਵਿਤ੍ਰ ਸਮਝਿਆ ਜਾਂਦਾ ਹੈ। ਇਸ 'ਚ ਚਮੜੇ ਦੀ ਜੁੱਤੀ, ਸੂਤਕ ਜਾਂ ਮਾਸਕ ਧਰਮ ਵਾਲੀ ਇਸਤਰੀ ਦਾ ਜਾਣਾ ਵਰਜਿਤੈ ਜੇ ਚਲੇ ਜਾਵੇ ਤਾਂ ਗੋਹੇ ਦਾ ਲੇਪਨ ਕੀਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਆਸਾ ਕੀ ਵਾਰ ਵਿੱਚ ਕਿਹੈ ਕਿ ਚੌਕਾ ਲਿੰਬ-ਪੋਚ ਕੇ ਪਵਿਤ੍ਰ ਕੀਤਾ ਜਾਂਦੈ ਪਰ ਉਸ 'ਚ ਬੈਠਣ ਵਾਲਾ ਜੂਠੈ ਫਿਰ ਚੌਕਾ ਪਵਿਤ੍ਰ ਕਿਵੇਂ? ਇਸ ਵਿਖਾਵੇ ਦੀ ਪਵਿਤ੍ਰਤਾ ਦੀ ਥਾਂ ਮਨ ਦੀ ਪਵਿਤ੍ਰਤਾ ਮਹੱਤਵ ਰੱਖਦੀ ਹੈ-ਅਭਾਖਿਆ ਕਾ ਕੁਠਾ ਬਕਰਾ ਖਾਣਾ॥ਚਉਕੇ ਉਪਰਿ ਕਿਸੈ ਨ ਜਾਣਾ॥ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥(ਮ:੧-੪੭੨) ਭਗਤ ਕਬੀਰ ਜੀ ਵੀ ਚਉਕੇ ਦੀ ਭਰਮ ਪਵਿਤ੍ਰਤਾ ਦਾ ਪਰਦਾਪਾਸ਼ ਕਰਦੇ ਫੁਰਮਾਂਦੇ ਹਨ ਕਿ-ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥(੧੧੯੫)

ਗੁਰੂ ਨਾਨਕ ਸਾਹਿਬ ਇਸ ਬਾਰੇ ਹੋਰ ਫੁਰਮਾਂਦੇ ਹਨ ਕਿ-ਸੁਇਨੇ ਕਾ ਚਉਕਾ ਕੰਚਨ ਕੁਆਰ॥ ਰੂਪੇ ਕੀਆ ਕਾਰਾ ਬਹੁ ਬਿਸਥਾਰੁ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ॥ ਗਰੁੜਾ ਖਾਣਾ ਦੁਧ ਸਿਉ ਗਾਡਿ॥ਰੇ ਮਨ ਲੇਖੈ ਕਬਹੂ ਨ ਪਾਇ॥ ਜਾਮਿ ਨ ਭਿਜੈ ਸਾਚ ਨਾਇ॥(ਮ:੧-੧੧੬੯) ਭਾਵ ਜੇ ਕੋਈ ਮਨੁੱਖ ਸੋਨੇ ਦਾ ਚੌਕਾ ਤਿਆਰ ਕਰੇ, ਸੋਨੇ ਦੇ ਹੀ ਉਸ 'ਚ ਭਾਂਡੇ ਵਰਤੇ, ਚੌਕੇ ਨੂੰ ਸੁੱਚਾ ਰੱਖਣ ਲਈ ਉਸ ਦੁਆਲੇ ਚਾਂਦੀ ਦੀਆਂ ਲਕੀਰਾਂ ਪਾਏ ਤੇ ਸੁੱਚ ਵਾਸਤੇ ਅਜਿਹੇ ਹੋਰ ਕਈ ਖਿਲਾਰੇ ਪਾਏ। ਭੋਜਨ ਤਿਆਰ ਕਰਨ ਲਈ ਗੰਗਾ ਦਾ ਜਲ ਲਿਆਵੇ ਤੇ ਅਰੁਣ ਦੀਆਂ ਲੱਕੜਾਂ ਦੀ ਅੱਗ ਤਿਆਰ ਕਰੇ। ਜੇ ਦੁੱਧ 'ਚ ਰਲਾ ਕੇ ਰਿੱਝੇ ਚੌਲਾਂ ਦਾ ਭੋਜਨ ਕਰੇ। ਤਾਂ ਭੀ ਹੇ ਮਨ! ਅਜਿਹੀ ਸੁੱਚ ਦੇ ਅਡੰਬਰ ਪ੍ਰਵਾਨ ਨਹੀਂ ਹੁੰਦੇ ਜਦ ਤੱਕ ਮਨੁੱਖ ਪ੍ਰਭੂ ਨਾਮ 'ਚ ਨਹੀਂ ਭਿਜਦਾ ਭਾਵ ਪ੍ਰੀਤ ਨਹੀਂ ਪਾਉਂਦਾ ਤਾਂ ਉਸ ਦਾ ਕੋਈ ਥੋਥਾ ਉਦਮ ਪ੍ਰਭੂ ਪ੍ਰਵਾਨ ਨਹੀਂ। ਮਤੁ ਸਚਾ ਅਖਰ ਭੁਲਿ ਜਾਇ ਚਉਕੇ ਭਿਟੇ ਨ ਕੋਇ॥ ਝੂਟੇ ਚਉਕੇ ਨਾਨਕਾ ਸਚਾ ਏਕੋ ਸੋਇ॥(੧੦੯੦) ਸੱਚਾ ਚੌਕਾ ਤੇ ਉਚੀ ਸੁਰਤ ਦੀਆਂ ਲਕੀਰਾਂ ਤੇ ਪ੍ਰਭੂ ਨਾਮ(ਨਿਯਮ) ਭੋਜਨ ਕਰਨ ਨਾਲ ਮਨ ਰੱਜ ਜਾਂਦਾ ਹੈ-ਸਚਾ ਚਉਕਾ ਸੁਰਤਿ ਕੀ ਕਾਰਾ॥ ਹਰਿ ਨਾਮੁ ਭੋਜਨੁ ਸਚੁ ਅਦਾਰਾ॥(੧੦੪੮)

ਉਪ੍ਰੋਕਤ ਬਿਆਨੀਆਂ ਚੌਕੇ ਸੁੱਚੇ-ਝੂਠੇ ਦੀਆਂ ਫੇਕ ਪਵਿਤ੍ਰਤਾਵਾਂ ਬਾਮਣ ਦੀ ਕਾਢ ਹਨ ਜਿੰਨਾਂ ਨੂੰ ਅਜੋਕੇ ਡੇਰੇਦਾਰ ਸੰਪ੍ਰਦਾਈ ਚੱਕੀ ਫਿਰਦੇ ਨੇ ਜਿਸ ਦਾ ਸਿੱਖ ਗੁਰੂਆਂ-ਭਗਤਾਂ ਨੇ ਭਰਵਾਂ ਖੰਡਨ ਕੀਤਾ। ਦੇਖੋ! ਜਦ ਘਰ 'ਚ ਬੱਚਾ ਪੈਦਾ ਹੁੰਦੈ ਤਾਂ ਜੱਚਾ ਬੀਬੀ ਨੂੰ ਅਪਵਿਤ੍ਰ ਸਮਝ ਚੌਕੇ ਨਹੀਂ ਚੜ੍ਹਨ ਦਿੱਤਾ ਜਾਂਦਾ ਅਖੇ ਇਸ ਸੂਤਕ ਨਾਲ ਚੌਕਾ ਜੂਠਾ ਹੋ ਜਾਂਦੈ ਤਾਂ ਹੀ 'ਕਾਰਾਂ' ਕੱਢ, ਗੋਬਰ ਦਾ ਪੋਚਾ ਫੇਰ ਕੇ ਅਖੌਤੀ ਪਵਿਤ੍ਰ ਕੀਤਾ ਜਾਂਦਾ ਹੈ।ਅਜੋਕਾ ਹਰੀ ਸਿੰਘ ਰੰਧਾਵੇ ਵਾਲਾ ਡੇਰੇਦਾਰ ਸਾਧ ਵੀ ਇਸ ਸੁੱਚ-ਭਿੱਟ ਦਾ ਪ੍ਰਚਾਰਕ ਜੋ ਔਰਤਾਂ ਨੂੰ ਕੁਦਰਤੀ ਮਾਂਹਵਾਰੀ ਆਉਣ ਕਰਕੇ ਅਪਵਿਤ੍ਰ ਸਮਝਦਾ ਤੇ ਚੌਕੇ ਚੜਨੋ ਰੋਕਦੈ ਜਿਸ ਦਾ ਕਨੇਡਾ ਦੀਆਂ ਬਹਾਦਰ ਬੀਬੀਆਂ ਨੇ ਗੁਰਦੁਆਰੇ ਕਥਾ ਕਰਦੇ ਦਾ ਚੰਗਾ ਮੱਕੂ ਠੱਪਿਆ ਸੀ।

# ਕਿਉਂ ਨਸੀਬ ਨਹੀ ਹੋਈ ਲੁਧਿਆਣਾ ਦੇ ਏ.ਸੀ.ਪੀ. ਨੂੰ ਪਲਾਜ਼ਮਾ ਇਲਾਜ ਪ੍ਰਣਾਲੀ?



ਡਾਕਟਰ ਅਵਤਾਰ ਸਿੰਘ
91-83603-42500

ਇਸ ਵੇਲੇ ਪੂਰੀ ਦੁਨੀਆ ਅੰਦਰ ਕਹਿਰ ਮਚਾ ਰਿਹਾ ਕੋਵਿਡ-19 ਸਾਰੇ ਸੰਸਾਰ ਲਈ ਮੁਸੀਬਤ ਬਣਿਆ ਹੋਇਆ ਹੈ ੀ ਹਰ ਦੇਸ਼ ਆਪਣੇ ਆਪਣੇ ਵਿਕਸਿਤ ਵਿਗਿਆਨਿਕ ਵਸੀਲਿਆਂ ਦੇ ਜਰੀਏ ਅੱਡੀ ਚੋਟੀ ਦਾ ਜ਼ੋਰ ਲਗਾ ਰਿਹਾ ਹੈ ਇਸ ਭਿਆਨਕ ਮਹਾਂਮਾਰੀ ਤੇ ਨਿਯੰਤਰਣ ਪਾਉਣ ਲਈ ੀ ਪਰ ਅੱਖ ਦੀ ਦੇਖਣ ਸ਼ਕਤੀ ਦੀ ਪਹੁੰਚ ਤੋਂ ਦੂਰ, ਔਸਤਨ 125 ਨੈਨੋ ਮੀਟਰ ਦੇ ਇਸ ਨਿੱਕੇ ਜਿਹੇ ਵਿਸ਼ਾਣੂ ਨੇ ਅਰਬਾਂ ਖਰਬਾਂ ਕਿਲੋਮੀਟਰ ਦੇ ਅਸੀਮਿਤ ਖੇਤਰ ਨੂੰ ਕਿਵੇਂ ਆਪਣੀ ਲਪੇਟ ਵਿਚ ਲਿਆ, ਕਿਸੇ ਤੋਂ ਲੁਕਿਆ ਨਹੀਂ ੀ ਸਾਰੇ ਦੇਸ਼ਾਂ ਦੀ ਤਕਨੀਕ ਇਸ ਵੇਲੇ ਤਰਲੋ ਮੱਛੀ ਹੋ ਰਹੀ ਏ, ਪਰ ਇਹ ਵਿਸ਼ਾਣੂ ਕਿਸੇ ਦਵਾਈ ਜਾਂ ਵੈਕਸੀਨ ਦੀ ਮਾਰ ਹੇਠ ਨਹੀਂ ਆ ਰਿਹਾ। ਹਾਂ ਕੁਦਰਤ ਨੇ ਓਹਨਾ ਖੁਸ਼ਕਿਸਮਤ ਲੋਕਾਂ ਨੂੰ ਜਰੂਰ ਮੁੜ ਜਿੰਦਗੀ ਬਖਸ਼ੀ ਜਿੰਨਾ ਦਾ ਮਾਨਸਿਕ ਤੇ ਆਤਮਿਕ ਵਿਸ਼ਵਾਸ ਏਨਾ ਸਿਰੜੀ ਰਿਹਾ ਕੇ ਇਸ ਭਿਆਨਕ ਨਾ ਦਿਸਣ ਵਾਲੇ ਦੁਸ਼ਮਣ ਨੂੰ ਮਾਤ ਪਾਉਣ ਵਿਚ ਉਹ ਕਾਮਯਾਬ ਹੋ ਗਏ। ਜੇ ਇਹ ਕਿਹਾ ਜਾਵੇ ਕੇ ਭਾਂਵੇਂ ਹਾਲੇ ਤੱਕ ਕੋਈ ਇਲਾਜ ਨਹੀਂ ਲੱਭਿਆ ਪਰ ਵਿਗਿਆਨ ਨੇ ਗੋਡੇ ਵੀ ਨਹੀਂ ਟੇਕੇ। ਜਿਥੇ ਸਾਰੀ ਦੁਨੀਆ ਦੇ ਵਿਗਿਆਨੀਆਂ ਨੇ ਇਸ ਵੇਲੇ ਇਸ ਭਿਆਨਕ ਮਹਾਂਮਾਰੀ ਦਾ ਤੋੜ ਲੱਭਣ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ, ਓਥੇ ਇਸ ਕੁਦਰਤੀ ਕਰੋਪੀ ਸਾਹਮਣੇ ਬੌਂਦਲੇ ਤੇ ਘਬਰਾਏ ਵਿਗਿਆਨ ਨੇ ਆਖਿਰ ਇੱਕ ਪੁਰਾਣਾ ਫਾਰਮੂਲਾ ਵਰਤਣ ਦਾ ਫੈਸਲਾ ਕੀਤਾ ਹੈ, ਜਿਸ ਦਾ ਨਾਮ ਹੈ ਪਲਾਜ਼ਮਾ ਥੈਰੇਪੀ (ਪਲਾਜ਼ਮਾ ਇਲਾਜ ਪ੍ਰਣਾਲੀ)।

### ਕੀ ਹੈ ਪਲਾਜ਼ਮਾ ਥੈਰੇਪੀ

ਏਮਿਲ ਵਾਨ ਬੇਹਰਿੰਗ ਨਾਮ ਦੇ ਇੱਕ ਜਰਮਨ ਵਿਗਿਆਨੀ ਨੇ ਪਹਿਲੀ ਵਾਰ ਇੱਕ ਖਰਗੋਸ਼ ਵਿਚ ਜੀਵਾਣੂ ਕਾਰਨ ਹੋਈ ਬਿਮਾਰੀ ਦੀ ਗੰਭੀਰ ਸਥਿਤੀ ਨੂੰ ਇੱਕ ਦੂਸਰੇ ਖਰਗੋਸ਼ (ਜਿਹੜਾ ਪਹਿਲਾਂ ਇਸ ਬਿਮਾਰੀ ਦੀ ਮਾਰ ਤੋਂ ਬਚ ਨਿਕਲਿਆ ਸੀ) ਦੇ ਖੂਨ ਤੋਂ ਤਿਆਰ ਕੀਤੇ ਸੀਰਮ ਦਾ ਟੀਕਾ ਲਾ ਕੇ ਠੀਕ ਕੀਤਾ। 1901 ਵਿੱਚ ਇਸ ਖੋਜ ਕਰਕੇ ਇਸ ਬੇਰਿੰਗ ਨਾਮ ਦੇ ਵਿਗਿਆਨੀ ਨੇ ਦਵਾਈ ਖੋਜ ਖੇਤਰ ਵਿਚ ਪਹਿਲਾ ਨੋਬਲ ਪੁਰਸਕਾਰ ਪ੍ਰਾਪਤ ਕੀਤਾ ੀ ਇਸ ਖੋਜ ਨੂੰ ਬਾਅਦ ਵਿਚ ਪਲਾਜ਼ਮਾKਐਂਟੀਬੌਡੀ ਥੈਰੇਪੀ (ਪਲਾਜ਼ਮਾKਐਂਟੀਬੌਡੀ ਇਲਾਜ ਪ੍ਰਣਾਲੀ) ਵੱਜੋਂ ਵਿਕਸਿਤ ਕੀਤਾ ਗਿਆ।

1918 ਵਿਚ ਇਸਦਾ ਪ੍ਰਯੋਗ ਸਪੈਨਿਸ਼ ਫਲੂ (ਸਪੇਨ ਵਿਚ ਫੈਲਿਆ ਫਲੂ) ਦੌਰਾਨ ਕੀਤਾ ਗਿਆ। ਫੇਰ 2003 ਵਿਚ ਸਾਰਸ (ਸਿਵੀਅਰ ਐਕਿਊਟ ਰੈਸਪੀਰੇਟਰੀ ਸਿੰਡਰੌਮ ) ਦੇ ਫੈਲਣ ਤੇ , 2012 ਵਿਚ ਮਰਸ (ਮਿਡਲ ਈਸਟ ਰੈਸਪੀਰੇਟਰੀ ਸਿੰਡ੍ਰਾਮ ) ਦੇ ਫੈਲਣ ਵੇਲੇ ਅਤੇ 2014 ਵਿੱਚ ਇਬੋਲਾ ਨਾਮ ਦੀ ਬਿਮਾਰੀ ਦੇ ਹਮਲੇ ਵੇਲੇ ਇਸ ਦਾ ਪ੍ਰਯੋਗ ਬਿਮਾਰੀ ਦੀ ਗੰਭੀਰ ਅਵਸਥਾ ਵਾਲੇ ਮਰੀਜਾਂ ਤੇ ਕੀਤਾ ਗਿਆ ਤੇ ਕਾਫੀ ਸਫਲ ਰਿਹਾ ੀ ਇਸ ਥੈਰੇਪੀ ਜਾਂ ਇਲਾਜ ਪ੍ਰਣਾਲੀ ਵਿਚ ਓਹਨਾ ਮਰੀਜਾਂ ਦਾ ਪਲਾਜ਼ਮਾ ਲਿਆ ਜਾਂਦਾ ਹੈ ਜਿਹੜੇ ਇਸ ਬਿਮਾਰੀ ਦੇ ਹਮਲੇ ਤੋਂ ਬਚ ਨਿਕਲੇ ਹੋਣ।

ਪਲਾਜ਼ਮਾ ਖੂਨ ਤੋਂ ਅਲੱਗ ਕੀਤਾ ਉਹ ਪੀਲਾ ਤਰਲ ਪਦਾਰਥ ਹੁੰਦਾ ਹੈ ਜਿਸ ਵਿਚ ਸਰੀਰ ਵੱਲੋਂ ਪੈਦਾ ਕੀਤੇ ਉਹ ਪ੍ਰੋਟੀਨਜ਼ ਹੁੰਦੇ ਹਨ ਜੋ ਬਿਮਾਰੀ ਪੈਦਾ ਕਰਨ ਵਾਲੇ ਵਿਸ਼ਾਣੂਆਂKਜੀਵਾਣੂਆਂ ਤੇ ਹਮਲਾ ਕਰਕੇ ਉਹਨਾਂ ਨੂੰ ਮਾਰਨ ਜਾਂ ਪ੍ਰਭਾਵਹੀਣ ਕਰਨ ਦੇ ਸਮਰੱਥ ਹੁੰਦੇ ਹਨ।

### ਇਹ ਪਲਾਜ਼ਮਾ ਕਿੰਨਾ ਵਿਅਕਤੀਆਂ ਤੋਂ ਲਿਆ ਜਾ ਸਕਦਾ ਹੈ?

ਇਹ ਪਲਾਜ਼ਮਾ ਬਿਮਾਰੀ ਦੀ ਰਿਪੋਰਟ ਨਿੱਲ ਆਉਣ ਤੋਂ ਤਕਰੀਬਨ 6 ਹਫਤੇ ਬਾਅਦ ਸਿਰਫ ਉਹਨਾਂ ਵਿਅਕਤੀਆਂ ਤੋਂ ਲਿਆ ਜਾਂਦਾ ਹੈ ਜਿਹੜੇ ਸ਼ੁਗਰ, ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ, ਬਲੱਡ ਕੈਂਸਰ, ਕਾਲੇ ਪੀਲੀਏ ਆਦਿ ਤੋਂ ਪ੍ਰਭਾਵਿਤ ਨਾ ਹੋਣ ਤੇ ਖਾਸ ਕਰਕੇ 60 ਸਾਲ ਦੀ ਉਮਰ ਤੋਂ ਹੇਠਾਂ ਹੋਣ।

### ਕਿਹੜੇ ਮਰੀਜਾਂ ਨੂੰ ਕਿਸ ਹਾਲਤ ਵਿਚ ਇਹ ਪਲਾਜ਼ਮਾ ਦਿੱਤਾ ਜਾ ਸਕਦਾ ਹੈ?

ਇਹ ਤਕਰੀਬਨ ਉਹਨਾਂ ਗੰਭੀਰ ਮਰੀਜ਼ਾਂ ਵਿਚ ਦਿੱਤਾ ਜਾਂਦਾ ਹੈ ਜਿੰਨਾ ਵਿਚ ਸਾਹ ਲੈਣ ਦੀ ਕਿਰਿਆ ਪ੍ਰਤੀ ਮਿੰਟ 30 ਤੋਂ ਵੱਧ ਹੋਵੇ (ਜਿਹੜੀ ਕੇ ਨਾਰਮਲ 18-20 ਪ੍ਰਤੀ ਮਿੰਟ ਹੁੰਦੀ ਹੈ ), ਜਿੰਨਾ ਵਿਚ ਆਕਸੀਜਨ ਦੀ ਸੇਚੂਰੇਸ਼ਨ 90 ਫ਼ੀਸਦੀ ਤੋਂ ਘਟ ਹੋਵੇ, ਜਿੰਨਾ ਦੇ ਕਈ ਅੰਗ ਬਿਮਾਰੀ ਗ੍ਰਸਤ ਨਾ ਹੋਣ (ਮਲਟੀ ਔਰਗੈਨ ਫੇਲਿਉਰ ) ਜਿਵੇਂ ਕੇ ਮਰੀਜ ਸ਼ੂਗਰ ਕਾਰਨ ਗੁਰਦੇ ਖਰਾਬ, ਦਿਲ ਦੀ ਬਿਮਾਰੀ ਤੇ ਫੇਫੜਿਆਂ ਦੇ ਗਲਣ ਆਦਿ ਤੋਂ ਪੀੜਿਤ ਨਾ ਹੋਵੇ। ਏਮਜ਼ ਦੇ ਮਾਈਕ੍ਰੋ ਬਾਇਲੋਜੀ ਵਿਭਾਗ ਦੇ ਸਾਬਕਾ ਹੈੱਡ ਡਾਕਟਰ ਸ਼ੋਭਾ ਬਰੂੜ ਅਨੁਸਾਰ ਕਈ ਅੰਗ ਬਿਮਾਰੀ ਗ੍ਰਸਤ ਮਰੀਜ ਵਿਚ ਪਲਾਜ਼ਮਾ ਪ੍ਰਣਾਲੀ ਸਫਲ ਨਹੀਂ ਹੁੰਦੀ ਕਿਓਂ ਕਿ ਐਂਟੀਬੌਡੀਜ਼ ਵਾਇਰਸ ਨੂੰ ਤਾਂ ਪ੍ਰਭਾਵ ਹੀਣ ਕਰ ਸਕਦੀਆਂ ਹਨ ਪਰ ਗਲੇ ਜਾਂ ਖਰਾਬ ਹੋਏ ਫੇਫੜਿਆਂ ਜਾਂ ਅੰਗਾਂ ਨੂੰ ਠੀਕ ਨਹੀਂ ਕਰ ਸਕਦੀਆਂ। ਇਹ ਪਲਾਜ਼ਮਾ ਇਲਾਜ ਪ੍ਰਣਾਲੀ ਦਾ ਪ੍ਰਯੋਗ ਕੋਈ ਵੀ ਸੰਸਥਾ ਜਾਂ ਹਸਪਤਾਲ ਭਾਰਤੀ ਮੈਡੀਕਲ ਖੋਜ ਪ੍ਰੀਸ਼ਦ ਦੀ ਮਨਜ਼ੂਰੀ ਤੋਂ ਬਿਨਾ ਨਹੀਂ ਕਰ ਸਕਦਾ। ਭਾਰਤ ਅੰਦਰ, ਭਾਰਤੀ ਮੈਡੀਕਲ ਖੋਜ ਪ੍ਰੀਸ਼ਦ ਨੇ ਇਸ ਦੇ ਪ੍ਰਯੋਗ ਲਈ ਬਕਾਇਦਾ ਨਿਰਦੇਸ਼ ਜਾਰੀ ਕਰਕੇ ਕਿਹਾ ਹੈ ਕੇ ਇਸਦਾ ਪ੍ਰਯੋਗ ਬਿਮਾਰੀ ਦੀ ਗੰਭੀਰ ਹਾਲਾਤਾਂ ਵਿਚ ਪਹੁੰਚੇ ਮਰੀਜਾਂ ਵਿਚ ਚੁਣਵੇਂ ਕੰਟਰੋਲ ਪ੍ਰਯੋਗ ਤਹਿਤ ਕੀਤਾ ਜਾਵੇ ਜਿਸ ਵਿਚ ਅੱਧੇ ਮਰੀਜਾਂ ਨੂੰ ਪਲਾਜ਼ਮਾK ਐਂਟੀਬੌਡੀਜ਼ ਦਿਤੀਆਂ ਜਾਣਗੀਆਂ ਤੇ ਅੱਧਿਆਂ ਨੂੰ ਪਲਾ-ਸੀਬੋ ਇਲਾਜ ਤਰੀਕੇ ਤਹਿਤ ਰੱਖਿਆ ਜਾਵੇਗਾ। ਭਾਰਤ ਅੰਦਰ ਇਸ ਇਲਾਜ ਪ੍ਰਣਾਲੀ ਦੀ ਸਭ ਤੋਂ ਪਹਿਲਾਂ ਕੇਰਲਾ ਰਾਜ ਨੂੰ ਇਜਾਜਤ ਮਿਲੀ ਪਰ ਚੰਗੀ ਕਿਸਮਤ ਨਾਲ ਓਥੇ ਕੋਈ ਮਰੀਜ ਇਸ ਹੱਦ ਤੱਕ ਗੰਭੀਰ ਨਹੀਂ ਹੋਇਆ ਕਿ ਉਸਨੂੰ ਇਹ ਇਲਾਜ ਪ੍ਰਣਾਲੀ ਦਿੱਤੀ ਜਾਂਦੀ, ਭਾਂਵੇਂ ਇਸ ਇਲਾਜ ਪ੍ਰਣਾਲੀ ਦੀ ਸਫਲਤਾ ਦਾ ਕੋਵਿਡ-19 ਦੀ ਮਹਾਂਮਾਰੀ ਨੂੰ ਮਾਤ ਪਾਉਣ ਵਿਚ ਹਾਲੇ ਜਿਆਦਾ ਕੁਝ ਸਾਹਮਣੇ ਨਹੀਂ ਆਇਆ ਪਰ ਪਨਾਸ (ਫੰਓ) ਨਾਮ ਦੇ ਜਰਨਲ ਵਿਚ ਛਪੀ ਰਿਪੋਰਟ ਅਨੁਸਾਰ ਚੀਨ ਵਿਚ ਜਿੰਨਾ 10 ਮਰੀਜਾਂ ਤੇ ਇਸਦਾ ਪ੍ਰਯੋਗ ਹੋਇਆ ਉਹਨਾ ਦੇ ਲੱਛਣ 1 ਤੋਂ 3 ਦਿਨਾਂ ਵਿਚ ਹੀ ਖਤਮ ਹੋ ਗਏ ਤੇ ਉਹ ਮਰੀਜ ਇਸ ਬੀਮਾਰੀ ਦੀ ਗ੍ਰਿਫ਼ਤ ਤੋਂ ਬਚ ਨਿਕਲੇ। ਹੁਣ ਜੇ ਪੰਜਾਬ ਦੀ ਗੱਲ ਕਰੀਏ ਤਾਂ ਹਾਲੇ ਤੱਕ ਇਥੇ ਇਸ ਇਲਾਜ ਪ੍ਰਣਾਲੀ ਦਾ ਇਸਤੇਮਾਲ ਨਹੀਂ ਹੋਇਆ। ਲੁਧਿਆਣਾ ਦੇ ਏ. ਸੀ. ਪੀ. ਸ੍ਰੀ ਅਨਿਲ ਕੋਹਲੀ ਦੇ ਸੀਰੀਅਸ ਹਾਲਾਤਾਂ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਮੁਸਤੈਦੀ ਦਿਖਾਉਂਦਿਆਂ ਇਸ ਇਲਾਜ ਪ੍ਰਣਾਲੀ ਦੀ ਇਜਾਜਤ ਲੈ ਲਈ ਸੀ ਪਰ ਪਤਾ ਲੱਗਾ ਹੈ ਕੇ ਉਨ੍ਹਾਂ ਦੀ ਮਲਟੀ ਔਰਗੈਨ ਫੇਲਿਉਰ (ਕਈ ਅੰਗ ਬਿਮਾਰੀ ਗ੍ਰਸਤ ਹੋਣ ਦੀ ਸਥਿਤੀ) ਕਰਕੇ ਉਹਨਾਂ ਤੇ ਇਸ ਇਲਾਜ ਪ੍ਰਣਾਲੀ ਦਾ ਉਪਯੋਗ ਨਾ ਹੋ ਸਕਿਆ। ਹਾਲਾਂ ਕਿ ਪੰਜਾਬ ਸਰਕਾਰ, ਲੋਕਲ ਪ੍ਰਸ਼ਾਸ਼ਨ ਤੇ ਸਿਹਤ ਵਿਭਾਗ ਨੇ ਪੂਰੀ ਸੰਜੀਦਗੀ ਤੇ ਸੁਹਿਰਦਤਾ ਨਾਲ ਉਹਨਾਂ ਦਾ ਇਲਾਜ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਪਰ ਆਖਿਰ ਇਸ ਭਿਆਨਕ ਮਹਾਂਮਾਰੀ ਨੇ ਉਹਨਾਂ ਨੂੰ ਆਪਣੀ ਲਪੇਟ ਵਿੱਚ ਲੈ ਹੀ ਲਿਆ ਇਹ ਚੰਗਾ ਹੋਇਆ ਕਿ ਪੰਜਾਬ ਸਰਕਾਰ ਵੱਲੋਂ ਉਹਨਾਂ ਦੇ ਪਰਿਵਾਰ ਨੂੰ 50 ਲੱਖ ਦੇਣ ਦਾ ਐਲਾਨ ਕੀਤਾ ਜਿਹੜਾ ਕਿ ਜਰੂਰੀ ਵੀ ਹੈ ਖਾਸ ਕਰਕੇ ਉਹਨਾਂ ਜਰੂਰੀ ਸੇਵਾਵਾਂ ਪ੍ਰਦਾਨ ਵਾਲੇ ਸਰਕਾਰੀ ਅਮਲੇ ਫੈਲੇ ਨੂੰ ਜਿਹੜੇ ਰਿਸ੍ਕ ਪ੍ਰੋਨ ਖੇਤਰਾਂ ਵਿੱਚ ਦਲੇਰੀ ਤੇ ਬਹਾਦਰੀ ਨਾਲ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾ ਰਹੇ ਹਨ। ਦਿਨੋਂ ਦਿਨ ਵੱਧ ਰਹੇ ਕੇਸ ਜਿਥੇ ਚਿੰਤਾ ਦਾ ਵਿਸ਼ਾ ਬਣਦੇ ਜਾ ਰਹੇ ਹਨ ਓਥੇ ਵਿਕਸਿਤ ਇਲਾਜ ਪ੍ਰਣਾਲੀ ਦੇ ਪ੍ਰਭਾਵੀ ਉਪਕਰਨਾਂ ਤੇ ਸੁਰਖਿਆ ਕਵਚਾਂ ਦਾ ਉਚੇਚੇ ਤੌਰ ਤੇ ਪ੍ਰਬੰਧ ਹੋਣਾ ਲਾਜਮੀ ਬਣ ਜਾਂਦਾ ਹੈ। ਲੁਧਿਆਣਾ ਦੇ ਏ ਸੀ ਪੀ ਕੋਹਲੀ ਦੇ ਜਾਣ ਤੋਂ ਸਾਰੇ ਅਮਲੇ ਫੈਲੇ ਨੂੰ ਸੁਰੱਖਿਆ ਕਵਚਾਂ ਤੇ ਅਹਿਤਿਆਤਾਂ ਦਾ ਸਖਤੀ ਨਾਲ ਪਾਲਣ ਕਰਨ ਦਾ ਸਬਕ ਲੈਣਾ ਚਾਹੀਦਾ ਹੈ ਕਿਉਂਕਿ ਦੇਖਣ ਵਿੱਚ ਆਇਆ ਹੈ ਕੇ ਕੁਝ ਅਧਿਕਾਰੀ ਤੇ ਕਰਮਚਾਰੀ, ਲੰਗਰ ਪਾਣੀ ਤੇ ਸੇਵਾ ਰਸਦ ਪਹੁੰਚਾਉਣ ਵਾਲੇ ਲੋਕ ਮਾਸਕ ਤੇ ਜਰੂਰੀ ਅਹਿਤਿਆਤਾਂ ਦਾ ਪ੍ਰਯੋਗ ਨਹੀਂ ਕਰ ਰਹੇ ਤੇ ਐਸਾ ਅੰਜਾਣਪੁਣਾ ਜਾਂ ਲਾਪਰਵਾਹੀ ਕੰਟ੍ਰੋਲਡ ਸਥਿਤੀ ਨੂੰ ਕਿਧਰੇ ਮੁੜ ਖਤਰਨਾਕ ਮੋੜ ਤੇ ਨਾ ਲੈ ਜਾਵੇ। ਮਨੁੱਖਤਾ ਦੀ ਭਲਾਈ ਲਈ ਹਰ ਨਾਗਰਿਕ ਨੂੰ ਆਪ ਹੀ ਆਪਣੇ ਫਰਜਾਂ ਪ੍ਰਤੀ ਬੇਹੱਦ ਸੁਹਿਰਦ ਹੋਣ ਦੀ ਲੋੜ ਹੈ।

ਇਹ ਵੀ ਦੇਖਣ ਵਿੱਚ ਆਇਆ ਹੈ ਕਿ ਭਾਰਤ ਅੰਦਰ ਹਾਲੇ ਵੀ ਇਸ ਭਿਆਨਕ ਬਿਮਾਰੀ ਨੂੰ ਲੈ ਕੇ ਲੋਕ ਸੁਹਿਰਦ ਨਹੀਂ ਹਨ। ਕਰਫਿਊ ਤੇ ਪ੍ਰਸ਼ਾਸ਼ਨਿਕ ਸਖਤੀ ਦੇ ਬਾਵਜੂਦ ਵੀ ਲੋਕ ਹੁੱਲੜਬਾਜ਼ੀ ਕਰਨ ਤੋਂ ਗੁਰੇਜ ਨਹੀਂ ਕਰਦੇ। ਕਿਤੇ ਕਿਤੇ ਪ੍ਰਸ਼ਾਸ਼ਨਿਕ ਪ੍ਰਬੰਧ ਵੀ ਅਸਰ ਤੇ ਰਸੂਖਦਾਰ ਤਬਕੇ ਸਾਹਮਣੇ ਲਾਚਾਰ ਨਾਜਰ ਆਉਂਦਾ ਹੈ ਜਿਵੇਂ ਕੇ ਸਾਬਕਾ ਪ੍ਰਧਾਨ ਮੰਤਰੀ ਐਚ ਡੀ ਦੇਵਗੌੜਾ ਦੇ ਪੋਤਰੇ ਨਿਖਿਲ ਦੇ ਵਿਆਹ ਤੇ ਸਮਾਜਿਕ ਦੂਰੀ (ਸੋਸ਼ਲ ਡਿਸਟੈਂਨਸਿੰਗ) ਦੀਆਂ ਧੱਜੀਆਂ ਉਡਦੀਆਂ ਦਿਖਾਈ ਦਿੱਤੀਆਂ ਜੋ ਕੇ ਇਸ ਸੰਕਟ ਦੀ ਘੜੀ ਵਿੱਚ ਰਾਸ਼ਟਰ ਦੇ ਹਿਤ ਵਿੱਚ ਨਹੀਂ। ਕੌਣ ਵਾਕਿਫ ਨਹੀਂ ਕੇ ਸਿਹਤ ਪ੍ਰਬੰਧਾਂ ਵਿੱਚ ਭਾਰਤ ਵਿੱਚ ਹਾਲੇ ਏਨੀ ਸਮਰੱਥਾ ਨਹੀਂ ਕੇ ਵਿਆਪਕ ਪੱਧਰ ਤੇ ਪਹੁੰਚੀ ਸਥਿਤੀ ਨੂੰ ਸਾਰਥਿਕਤਾ ਨਾਲ ਨਿਪਟ ਲਿਆ ਜਾਵੇ। ਮਾਸਕ ਤੇ ਪ੍ਰੋਟੈਕਟਿਵ ਕਿੱਟਾਂ ਨਾਲ ਜੂਝ ਰਹੇ ਦੇਸ਼ ਅੰਦਰ ਜਿਥੇ ਗਿਣਤੀ ਦੇ ਵੈਂਟੀਲੇਟਰ ਹਨ ਓਥੇ ਅਜਿਹੇ ਵਿੱਚ ਇਹਨਾਂ ਲਾਪਰਵਾਹੀਆਂ ਕਰਕੇ ਬਦਲਦੇ ਹਾਲਾਤਾਂ ਨੂੰ ਦੇਰ ਨਹੀਂ ਲੱਗਣੀ ਤੇ ਪਲਾਜ਼ਮਾ ਪ੍ਰਣਾਲੀ ਵਰਗੇ ਉਪਚਾਰਾਂ ਦਾ ਕੌਣ ਕੌਣ ਸਹਾਰਾ ਲੈ ਕੇ ਬਚ ਸਕਦਾ ਹੈ, ਕਹਿਣਾ ਬੇਹੱਦ ਮੁਸ਼ਕਿਲ ਹੋਵੇਗਾ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੋਰੋਨਾ ਆਫਤ ਵਿੱਚ ਕੇਂਦਰ ਵਲੋਂ ਪੰਜਾਬ ਨੂੰ ਕੋਈ ਸਹਾਇਤਾ ਨਾ ਦੇਣ ਸਬੰਧੀ ਕੈਪਟਨ ਅਮਰਿੰਦਰ ਦਾ ਬਿਆਨ ਘਟੀਆ ਰਾਜਨੀਤੀ : ਰਾਜੇਸ਼ ਬਾਘਾ

**ਫਗਵਾੜਾ-** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੋਰੋਨਾ ਆਫਤ ਦੌਰਾਨ ਕੇਂਦਰ ਦੀ ਮੋਦੀ ਸਰਕਾਰ ਵਲੋਂ ਇੱਕ ਪੈਸੇ ਵੀ ਮਦਦ ਨਾ ਕਰਨ ਸਬੰਧੀ ਲਗਾਏ ਦੋਸ਼ ਦੇ ਜਵਾਬ ਵਿੱਚ ਭਾਜਪਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਾਜੇਸ਼ ਬਾਘਾ ਨੇ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ। ਉਨ•ਾਂ ਕਿਹਾ ਕਿ ਇਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਰੋਨਾ ਤਬਾਹੀ ਨੂੰ ਸਿਆਸੀ ਮਤਭੇਦਾਂ ਤੋਂ ਵੱਖ ਰੱਖਦਿਆਂ ਹਰ ਸੂਬੇ ਨੂੰ ਸੰਭਵ ਸਹਾਇਤਾ ਦੇਣ ਦਾ ਉਪਰਾਲਾ ਕਰ ਰਹੇ ਹਨ ਉਥੇ ਦੂਸਰੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਲੋਕਲ ਪੱਧਰ ਦੇ ਕਾਂਗਰਸੀ ਆਗੂ ਝੂਠੀ ਬਿਆਨਬਾਜੀ ਨਾਲ ਸਿਆਸੀ ਲਾਭ ਲੱਭ ਰਹੇ ਹਨ। ਉਨ•ਾਂ ਕਿਹਾ ਕਿ ਕੇਂਦਰ ਨੇ ਕੋਵਿਡ - 19 ਤੋਂ ਬਚਾਅ ਲਈ ਪੰਜਾਬ 'ਤੇ 1621.87 ਕਰੋੜ ਰੁਪਏ ਦਾ ਪੈਕੇਜ ਜਾਰੀ ਕੀਤਾ ਹੈ, ਜਿਸ ਦੇ ਤਹਿਤ ਤੁਰੰਤ ਪ੍ਰਭਾਵ ਨਾਲ 33 ਹਜ਼ਾਰ 615 ਐਨ-95 ਮਾਸਕ, 4500 ਪੀ.ਪੀ.ਈ. ਕਿਟਸ ਅਤੇ 10.70 ਲੱਖ ਹਾਈਡ੍ਰੋਕਲੋਰੋਕਿਨ ਗੋਲੀਆਂ ਪੰਜਾਬ ਭੇਜੀਆਂ ਗਈਆਂ। ਐਸ ਡੀ ਆਰ ਐੱਫ ਫੰਡ ਵਿਚੋਂ ਪਹਿਲੀ ਕਿਸ਼ਤ ਵਜੋਂ 247.50 ਕਰੋੜ ਰੁਪਏ ਪੰਜਾਬ ਨੂੰ ਜਾਰੀ ਕੀਤੇ ਗਏ। ਨੈਸ਼ਨਲ ਹੈਲਥ ਮਿਸ਼ਨ ਤਹਿਤ 112.69 ਕਰੋੜ ਰੁਪਏ ਕੇਂਦਰ ਨੇ ਪੰਜਾਬ ਨੂੰ ਅਦਾ ਕੀਤੇ ਹਨ, ਜਿਸ ਵਿੱਚ 25 ਮਾਰਚ ਨੂੰ 40.82 ਕਰੋੜ ਰੁਪਏ ਅਤੇ 6 ਅਪ੍ਰੈਲ ਨੂੰ ਜਾਰੀ ਹੋਏ 71.87 ਕਰੋੜ ਰੁਪਏ ਸ਼ਾਮਲ ਹਨ। ਪੰਜਾਬ ਦੇ ਉਜਵਲਾ ਯੋਜਨਾ ਲਾਭਪਾਤਰੀਆਂ ਨੂੰ 3.21 ਲੱਖ ਗੈਸ ਸਿਲੰਡਰ ਮੁਫਤ ਰੀਫਿਲ ਕੀਤੇ ਗਏ ਹਨ। ਪੀ.ਐਮ. ਕਿਸਾਨ ਯੋਜਨਾ ਦੇ ਤਹਿਤ ਰਾਜ ਦੇ 18 ਲੱਖ 22 ਹਜ਼ਾਰ 656 ਕਿਸਾਨਾਂ ਦੇ ਖਾਤੇ ਵਿਚ ਦੋ ਹਜ਼ਾਰ ਰੁਪਏ ਪ੍ਰਤੀ ਖਾਤੇ ਦੀ ਦਰ ਨਾਲ 364.53 ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਪੀ.ਐਮ. ਜਨ ਧਨ ਯੋਜਨਾ ਤਹਿਤ 33 ਲੱਖ ਤੋਂ ਵੱਧ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ 165.28 ਕਰੋੜ ਰੁਪਏ, ਜਦਕਿ 7.02 ਰੁਪਏ ਬਜ਼ੁਰਗ, ਵਿਧਵਾ ਅਤੇ ਅਪੰਗ ਵਿਅਕਤੀਆਂ ਦੇ ਲਾਭਪਾਤਰੀਆਂ ਨੂੰ ਪੰਜ-ਪੰਜ ਸੌ ਰੁਪਏ ਦੀ ਵਿੱਤੀ ਸਹਾਇਤਾ ਅਨੁਸਾਰ ਦਿੱਤੇ ਗਏ ਹਨ। ਇਮਾਰਤ ਅਤੇ ਨਿਰਮਾਣ ਲਾਭਪਾਤਰੀਆਂ ਨੂੰ 190.80 ਕਰੋੜ ਦਾ ਫੰਡ ਜਾਰੀ ਕੀਤਾ ਗਿਆ ਹੈ। ਈ ਪੀ ਐਫ ਓ ਕੋਰੋਨਾ ਆਫਤ ਦੇ ਚਲਦੇ ਕੇਂਦਰ ਸਰਕਾਰ ਦੇ 4440 ਲਾਭਪਾਤਰੀਆਂ ਨੂੰ 9.23 ਕਰੋੜ ਰੁਪਏ ਅਦਾ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੇ ਐਲਾਨ ਅਨੁਸਾਰ ਉਜਵਲਾ, ਜਨ ਧਨ ਅਤੇ ਪੈਨਸ਼ਨ ਸਕੀਮਾਂ ਦਾ ਲਾਭ ਸਾਰੇ ਲਾਭਪਾਤਰੀਆਂ ਨੂੰ ਤਿੰਨ ਕਿਸ਼ਤਾਂ ਵਿਚ ਦਿੱਤਾ ਜਾਣਾ ਹੈ। ਜਿਸ ਵਿਚ ਅਪ੍ਰੈਲ, ਮਈ ਅਤੇ ਜੂਨ ਮਹੀਨੇ ਸ਼ਾਮਲ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਕੋਰੋਨਾ ਯੋਧਿਆਂ ਦੇ ਸਨਮਾਨ ਵਿੱਚ ਜੈਕਾਰੇ ਅਤੇ ਜੈਘੋਸ਼ ਸਬੰਧੀ ਕੀਤਾ ਗਿਆ ਐਲਾਨ ਵੀ ਘਟੀਆ ਰਾਜਨੀਤੀ ਨਾਲ ਪ੍ਰੇਰਿਤ ਸੀ ਜਿਸ ਨੂੰ ਜਨਤਾ ਨੇ ਸਵੀਕਾਰ ਨਹੀਂ ਕੀਤਾ। ਰਾਜੇਸ਼ ਬਾਘਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੁਰਜੋਰ ਅਪੀਲ ਕੀਤੀ ਕਿ ਕੇਂਦਰ ਵਲੋਂ ਭੇਜਿਆ ਰਾਸ਼ਨ ਬਿਨਾ ਕਿਸੇ ਪੱਖਪਾਤ ਤੋਂ ਹਰ ਲੋੜਵੰਦ ਪਰਿਵਾਰ ਤਕ ਪਹੁੰਚਾਇਆ ਜਾਵੇ ਤਾਂ ਜੋ ਕੋਰੋਨਾ ਆਫਤ ਵਿਚ ਕੋਈ ਵੀ ਲੋੜਵੰਦ ਪਰਿਵਾਰ ਭੁੱਖਾ ਨਾ ਰਹੇ।



# ਨਿਊਜ਼ੀਲੈਂਡ ਪਰਤ ਰਹੇ 1600 ਕਾਲੇ ਅਤੇ ਨੀਲੇ ਪਾਸਪੋਰਟ ਵਾਲਿਆਂ ਨੂੰ ਵਲਿੰਗਨ, ਕ੍ਰਾਈਸਟਚਰਚ ਅਤੇ ਹੋਰ ਥਾਵਾਂ ਉਤੇ ਰੱਖਿਆ ਜਾ ਸਕਦੈ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-ਇੰਡੀਆ ਅਤੇ ਨਿਊਜ਼ੀਲੈਂਡ ਵਿਖੇ ਚੱਲ ਰਹੀ ਕਰੋਨਾ ਤਾਲਾਬੰਦੀ ਦੇ ਕਾਰਨ ਭਾਰਤ ਦੇ ਵਿਚ ਇਸ ਵੇਲੇ 1600 ਦੇ ਕਰੀਬ ਨਿਊਜ਼ੀਲੈਂਡ ਦੇ ਨਾਗਰਿਕ ਅਤੇ ਪੀ. ਆਰ. ਧਾਰਿਕ ਵਤਨ ਵਾਪਿਸੀ ਦੀ ਉਡੀਕ ਵਿਚ ਹਨ। ਪਹਿਲਾ ਚਾਰਟਰ ਜਹਾਜ਼ 24 ਅਪ੍ਰੈਲ ਨੂੰ ਵੱਡੇ ਤੜਕੇ 2 ਵਜੇ ਦਿੱਲੀ ਤੋਂ ਉਡਣ ਦੀ ਤਿਆਰੀ ਵਿਚ ਹੈ। ਨਿਊਜ਼ੀਲੈਂਡ ਸਰਕਾਰ ਦੇ ਪ੍ਰਬੰਧਾਂ ਅਨੁਸਾਰ ਜੋ ਵੀ ਨਿਊਜ਼ੀਲੈਂਡ ਦੀ ਧਰਤੀ ਉਤੇ ਕਰੋਨਾ ਵਾਇਰਸ ਮਹਾਂਮਾਰੀ ਦੇ ਚਲਦਿਆਂ ਆਵੇਗਾ ਉਸ-ਨੂੰ 14 ਦਿਨ ਵਾਸਤੇ ਸਰਕਾਰ ਵੱਲੋਂ ਅਲੱਗ ਰੱਖਿਆ ਜਾਵੇਗਾ। ਔਕਲੈਂਡ ਦੇ ਵਿਚ ਜਗ੍ਹਾ ਮੁਸ਼ਕਿਲ ਦੇ ਨਾਲ ਲੱਭੀ ਹੈ ਇਸ ਕਰਕੇ ਹੁਣ ਇਨ੍ਹਾਂ ਯਾਤਰੀਆਂ ਨੂੰ ਵਲਿੰਗਟਨ, ਕ੍ਰਾਈਸਟਚਰਚ ਅਤੇ ਹੋਰ ਸ਼ਹਿਰਾਂ ਦੇ ਵਿਚ ਭੇਜਿਆ ਜਾ ਸਕਦਾ ਹੈ।

ਕੈ. ਅਮਰਿੰਦਰ ਸਿੰਘ
Capt. Amarinder Singh

ਮੁੱਖ ਮੰਤਰੀ, ਪੰਜਾਬ
Chief Minister, Punjab

## ਸ਼ੋਕ ਸੰਦੇਸ਼

ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਦੇ ਅਨਿਨ ਸੇਵਕ, ਬਚਪਨ ਤੋਂ ਹੀ ਗੁਰਮਤਿ ਸੰਗੀਤ ਨੂੰ ਪ੍ਰਣਾਏ ਅਤੇ ਗੁਰਮਤਿ ਦੇ ਸਾਰੇ ਰਾਗਾਂ ਵਿੱਚ ਪ੍ਰਪੱਕ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਜੀ ਦੇ ਬੇਵਕਤੀ ਅਕਾਲ ਚਲਾਣੇ ਉਤੇ ਮੈਨੂੰ ਡੂੰਘਾ ਦੁੱਖ ਹੋਇਆ ਹੈ। ਭਾਈ ਸਾਹਿਬ ਦੇ ਵਿਛੋੜੇ ਨਾਲ ਉਨ੍ਹਾਂ ਦੇ ਸਕੇ-ਸੰਬੰਧੀਆਂ, ਪੰਜਾਬ ਅਤੇ ਦੇਸ਼ ਵਿਦੇਸ਼ ਵਿੱਚ ਵਸਦੇ ਉਹਨਾਂ ਦੇ ਹਜ਼ਾਰਾਂ ਪ੍ਰਸੰਸਕਾਂ ਲਈ ਇੱਕ ਵੱਡਾ ਘਾਟਾ ਪਿਆ ਹੈ ਅਤੇ ਮੈਂ ਉਨ੍ਹਾਂ ਸਾਰਿਆਂ ਨਾਲ ਆਪਣੀ ਹਮਦਰਦੀ ਪ੍ਰਗਟ ਕਰਦਾ ਹਾਂ।

ਭਾਈ ਨਿਰਮਲ ਸਿੰਘ ਖਾਲਸਾ ਜੀ ਦੀ ਯਾਦ ਨੂੰ ਸਦੀਵੀ ਬਣਾਈ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਲੋਹੀਆਂ (ਸ਼ਾਹਕੋਟ) ਵਿੱਖੇ ਨਵੀਂ ਬਣਾਈ ਜਾ ਰਹੀ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ.) ਉਨ੍ਹਾਂ ਦੇ ਨਾਓਂ ਤੇ ਸਮਰਪਿੱਤ ਕਰਨ ਦਾ ਫੈਸਲਾ ਕੀਤਾ ਗਿਆ ਹੈ ।

ਮੈਂ ਭਾਈ ਸਾਹਿਬ ਜੀ ਦੀ ਆਤਮਿਕ ਸ਼ਾਂਤੀ ਵਾਸਤੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ।

(ਅਮਰਿੰਦਰ ਸਿੰਘ)

ਚੰਡੀਗੜ੍ਹ
19 ਅਪ੍ਰੈਲ 2020


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸਾਂਸਦ ਚੌਧਰੀ ਦਾ ਬੇਟਾ ਕਿਸ ਸਮਰੱਥਾ ਵਿੱਚ ਪ੍ਰਸ਼ਾਸਨ ਦੀ ਅਗਵਾਈ ਕਰ ਰਿਹਾ ਹੈ, ਪ੍ਰਸ਼ਾਸਨ ਦੱਸੇ -ਬਲਵਿੰਦਰ ਕੁਮਾਰ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਜਨਰਲ ਸਕੱਤਰ ਬਲਵਿੰਦਰ ਕੁਮਾਰ ਨੇ ਕਿਹਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦਾ ਬੇਟਾ ਚੌਧਰੀ ਵਿਕਰਮ ਸਿੰਘ ਆਖਰ ਕਿਸ ਸਮਰੱਥਾ ਵਿੱਚ ਹਲਕਾ ਫਿਲੌਰ ਵਿੱਚ ਪ੍ਰਸ਼ਾਸਨ ਦੀ ਅਗਵਾਈ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਮਹਾਮਾਰੀ ਕਰਕੇ ਪੂਰੇ ਸੂਬੇ ਵਿੱਚ ਕਰਫਿਊ ਲੱਗਾ ਹੋਇਆ ਹੈ ਤੇ ਸਾਰਿਆਂ ਤੋਂ ਇਸਦਾ ਪਾਲਨ ਕਰਵਾਇਆ ਜਾ ਰਿਹਾ ਹੈ। ਜੇਕਰ ਕੋਈ ਕਰਫਿਊ ਦੀ ਉਲੰਘਣਾ ਕਰਦਾ ਹੈ ਤਾਂ ਉਸਦੇ ਖਿਲਾਫ ਪਰਚਾ ਦਰਜ ਕਰ ਦਿੱਤਾ ਜਾਂਦਾ ਹੈ, ਪਰ ਹਲਕਾ ਫਿਲੌਰ ਵਿੱਚ ਇਹ ਦੇਖਣ ਵਿੱਚ ਆਇਆ ਹੈ ਕਿ ਚੌਧਰੀ ਵਿਕਰਮ ਸਿੰਘ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਗਵਾਈ ਦੇ ਰਿਹਾ ਹੈ, ਜੋ ਕਿ ਸੰਵਿਧਾਨਕ ਤੌਰ 'ਤੇ ਹਲਕੇ ਦਾ ਨੁਮਾਇੰਦਾ ਵੀ ਨਹੀਂ ਹੈ ਅਤੇ ਨਾ ਹੀ ਉਸ ਕੋਲ ਅਜਿਹਾ ਕੋਈ ਸੰਵਿਧਾਨਕ ਅਹੁਦਾ ਹੈ। ਚੌਧਰੀ ਵਿਕਰਮ, ਜਿਸਨੂੰ ਕਿ ਹਲਕੇ ਦੇ ਲੋਕਾਂ ਨੇ ਮੈਨਡੇਟ ਵੀ ਨਹੀਂ ਦਿੱਤਾ, ਕਰਫਿਊ ਵਿੱਚ ਪ੍ਰਸ਼ਾਸਨ ਵਲੋਂ ਉਸਨੂੰ ਲੋਕਾਂ ਦੇ ਨੁਮਾਇੰਦੇ ਦੇ ਤੌਰ 'ਤੇ ਮਨਵਾਇਆ ਜਾ ਰਿਹਾ ਹੈ, ਜੋ ਕਿ ਸਰਾਸਰ ਸੰਵਿਧਾਨਕ ਕਾਇਦੇ ਕਾਨੂੰਨਾਂ ਦੀ ਉਲੰਘਣਾ ਹੈ। ਚੌਧਰੀ ਵਿਕਰਮ ਜਦੋਂ ਇਲਾਕੇ ਵਿੱਚ ਰਾਸ਼ਨ ਵੰਡਣ ਜਾਂਦਾ ਹੈ ਤਾਂ ਐਸਡੀਐਮ ਫਿਲੌਰ, ਡੀ ਐਸ ਪੀ ਫਿਲੌਰ, ਤਹਿਸੀਲਪੁਰ, ਈਓ ਨਗਰ ਕੌਂਸਲ ਉਸਦੇ ਨਾਲ ਹੁੰਦੇ ਹਨ। ਉਹ ਮੰਡੀਆਂ ਦੇ ਕੰਮਕਾਜ ਵੀ ਦੇਖਣ ਜਾਂਦਾ ਹੈ ਤਾਂ ਉਦੋਂ ਵੀ ਇਹ



ਸਾਰੇ ਅਧਿਕਾਰੀ ਉਸਦੇ ਆਲੇ-ਦੁਆਲੇ ਮੌਜੂਦ ਹੁੰਦੇ ਹਨ। ਬਸਪਾ ਆਗੂ ਨੇ ਕਿਹਾ ਕਿ ਪ੍ਰਸ਼ਾਸਨ ਨੇ ਜੇਕਰ ਚੌਧਰੀ ਵਿਕਰਮ ਦੇ ਮਾਮਲੇ ਵਿੱਚ ਇਸ ਤਰ੍ਹਾਂ ਕਰਨਾ ਹੈ ਤਾਂ ਬਾਕੀ ਪਾਰਟੀਆਂ ਦੇ ਆਗੂਆਂ ਬਾਰੇ ਵੀ ਇਹੀ ਨਿਯਮ ਲਾਗੂ ਕਰ ਦੇਣੇ ਚਾਹੀਦੇ ਹਨ, ਪਰ ਬਾਕੀਆਂ ਨੂੰ ਪ੍ਰਸ਼ਾਸਨ ਵਲੋਂ ਕਾਨੂੰਨ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ ਤੇ ਕਾਂਗਰਸੀਆਂ 'ਤੇ ਇਹ ਕਾਨੂੰਨ ਲਾਗੂ ਨਹੀਂ ਕੀਤਾ ਜਾਂਦਾ। ਬਲਵਿੰਦਰ ਕੁਮਾਰ ਨੇ ਕਿਹਾ ਕਿ ਸਰਕਾਰੀ ਮਸ਼ੀਨਰੀ ਕਾਂਗਰਸੀ ਆਗੂਆਂ ਦੇ ਹੱਥਾਂ ਵਿੱਚ ਦਿੱਤੀ ਜਾ ਰਹੀ ਹੈ ਤੇ ਉਹ ਆਪਣੇ ਨਿੱਜੀ ਹਿੱਤ ਲਈ ਇਸਦੀ ਖੁੱਲ ਕੇ ਦੁਰਵਰਤੋਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਾਸ਼ਨ ਵੰਡਣ ਵਿੱਚ ਵੀ ਬਜਾਏ ਪ੍ਰਸ਼ਾਸਨਿਕ ਅਧਿਕਾਰੀ ਆਪਣੀ ਸਮਝ ਵਰਤਣ ਤੇ ਜ਼ਰੂਰਤਮੰਦ ਲੋਕਾਂ ਤੱਕ ਰਾਸ਼ਨ ਪਹੁੰਚਾਉਣ, ਇਸਦੀ ਕਮਾਨ ਵੀ ਕਾਂਗਰਸੀਆਂ ਦੇ ਹੱਥਾਂ ਵਿਚ ਦੇ ਦਿੱਤੀ ਹੈ। ਸਰਕਾਰੀ ਰਾਸ਼ਨ ਦੀ ਵੰਡ ਸਰਕਾਰੀ ਸਿਸਟਮ ਦੀ ਬਜਾਏ ਕਾਂਗਰਸੀਆਂ ਦੀ ਮਨਮਰਜ਼ੀ ਮੁਤਾਬਕ ਹੋ ਰਹੀ ਹੈ ਤੇ ਜਿਸ ਵਿੱਚ ਉਹ ਭੇਦਭਾਵ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਸ਼ਾਸਨ ਲਾਗੂ ਕਰਨ ਦੀ ਬਜਾਏ ਅਧਿਕਾਰੀਆਂ ਨੂੰ ਕਾਨੂੰਨ ਦਾ ਸ਼ਾਸਨ ਲਾਗੂ ਕਰਨਾ ਚਾਹੀਦਾ ਹੈ। ਕਰਫਿਊ ਦੇ ਓਹਲੇ ਕਾਂਗਰਸੀਆਂ ਵਲੋਂ ਕੀਤੀਆਂ ਜਾ ਰਹੀਆਂ ਮਨਮਰਜ਼ੀਆਂ ਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦਾ ਬਸਪਾ ਤਿੱਖਾ ਵਿਰੋਧ ਕਰਦੀ ਹੈ ਤੇ ਡੀਸੀ ਜਲੰਧਰ ਵਲੋਂ ਇਸ ਵਿਮਚ ਸੁਧਾਰ ਦੀ ਉਮੀਦ ਕਰਦੀ ਹੈ।

# ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਨਗਰ ਨਿਗਮ ਦੇ ਸਫਾਈ ਸੇਵਕਾਂ ਨੂੰ ਸਨਮਾਨਤ ਕਰਕੇ ਕੀਤੀ ਹੌਸਲਾ ਅਫਜਾਈ

**ਫਗਵਾੜਾ (ਬੀ.ਕੇ.ਰੱਤੂ)** ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅੱਜ ਫਗਵਾੜਾ ਨਗਰ ਨਿਗਮ ਦੇ ਸਫਾਈ ਸੇਵਕਾਂ ਦੀ ਹੌਸਲਾ ਅਫਜਾਈ ਕਰਦਿਆਂ ਸਥਾਨਕ ਮੇਹਲੀ ਗੇਟ ਵਰਿੰਦਰਾ ਪਾਰਕ ਦੇ ਨਜਦੀਕ ਕੂੜੇ ਦੇ ਡੰਪ ਦੀ ਸਫਾਈ ਕਰ ਰਹੇ ਸਫਾਈ ਸੇਵਕਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਉਨ•ਾਂ ਕਿਹਾ ਕਿ ਕੋਰੋਨਾ ਵਾਇਰਸ ਦੇ ਖਾਤਮੇ ਦੀ ਲੜਾਈ ਵਿਚ ਸਫਾਈ ਸੇਵਕਾਂ ਦਾ ਬਹੁਤ ਹੀ ਵਢਮੁੱਲਾ ਯੋਗਦਾਨ ਹੈ। ਕੋਰੋਨਾ ਵਾਇਰਸ ਗੰਦਗੀ ਵਿਚ ਹੀ ਫਲਦਾ-ਫੁੱਲਦਾ ਹੈ ਅਤੇ ਸਫਾਈ ਸੇਵਕ ਆਪਣੀ ਜਿੰਦਗੀ ਦੀ ਪਰਵਾਹ ਨਾ ਕਰਦੇ ਹੋਏ ਨਿਡਰਤਾ ਨਾਲ ਸਾਡੀ ਸੁਰੱਖਿਆ ਹਿਤ ਸਵੱਛਤਾ ਲਈ ਕੰਮ ਕਰ ਰਹੇ ਹਨ। ਉਹਨਾਂ ਦੱਸਿਆ ਕਿ ਨਗਰ ਨਿਗਮ ਫਗਵਾੜਾ ਰਾਹੀਂ ਸਮੂਹ ਸਫਾਈ ਸੇਵਕਾਂ ਦਾ 31 ਮਾਰਚ ਤੱਕ



ਦੀਆਂ ਤਨਖਾਹਾਂ ਅਤੇ ਭੱਤਿਆਂ ਦਾ ਭੁਗਤਾਨ ਕਰਵਾ ਦਿੱਤਾ ਗਿਆ ਹੈ ਤਾਂ ਜੋ ਉਹਨਾਂ ਨੂੰ ਆਰਥਕ ਤੰਗੀ ਮਹਿਸੂਸ ਨਾ ਹੋਵੇ। ਇਸ ਮੌਕੇ ਸਨਮਾਨਤ ਹੋਣ ਵਾਲਿਆਂ ਵਿਚ ਨਗਰ ਨਿਗਮ ਫਗਵਾੜਾਦੇ ਸੁਪਰਡੈਂਟ ਮਲਕੀਤ ਰਾਮ, ਸੁਪਰਵਾਈਜਰ ਕੁਲਵੰਤ ਰਾਏ ਕਾਲੀ, ਜਗਦੀਸ਼ ਨਰੇਸ਼ ਕੁਮਾਰ, ਸੁਭਾਸ਼ ਗੋਰਵ, ਮਨਜੀਤ, ਲਕਸ਼ਮੀ, ਸਮ੍ਰਿਤੀ ਅਤੇ ਚਮੇਲੀ ਸ਼ਾਮਲ ਸਨ ਜਦਕਿ ਵਿਧਾਇਕ ਧਾਲੀਵਾਲ ਦੇ ਨਾਲ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਨਰੇਸ਼ ਭਾਰਦਵਾਜ, ਸੀਨੀਅਰ ਆਗੂ ਵਿਨੋਦ ਵਰਮਾਨੀ, ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਗੁਰਜੀਤ ਪਾਲ ਵਾਲੀਆ, ਕਮਲ ਧਾਲੀਵਾਲ, ਅਮਰਜੀਤ ਬਸੂਟਾ, ਤਿਲਕਰਾਜ ਮੱਟੂ, ਰਾਕੇਸ਼ ਕਰਵਲ ਆਦਿ ਉਚੇਰੇ ਤੌਰ ਤੇ ਮੌਜੂਦ ਸਨ।

# ਮੀਡੀਆ ਘਰਾਣਿਆਂ ਵਲੋ ਪੱਤਰਕਾਰਾਂ ਦੀਆਂ ਤਨਖਾਹਾਂ ਕੱਟਣ ਤੇ ਨੌਕਰੀਆਂ ਕੱਢਣ ਦੇ ਰੁਝਾਨ ਦੀ ਕਾਲਮਨਵੀਸ ਮੰਚ ਵਲੋਂ ਨਿੰਦਾ

**ਫਗਵਾੜਾ (ਬੀ.ਕੇ.ਰੱਤੂ)** ਕਾਲਮ ਨਵੀਸ ਪੱਤਰਕਾਰ ਮੰਚ ਪੰਜਾਬ ਕੁੱਝ ਮੀਡੀਆ ਘਰਾਣਿਆਂ ਵੱਲੋਂ ਕੋਰੋਨਾ ਵਾਇਰਸ ਦੇ ਬਹਾਨੇ ਆਪਣੇ ਮੁਲਾਜ਼ਮਾਂ ਦੀਆਂ ਤਨਖਾਹਾਂ ਕੱਟਣ, ਪੱਤਰਕਾਰਾਂ ਅਤੇ ਡੈਸਕ ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਦਾ ਕਾਲਮਨਵੀਸ ਪੱਤਰਕਾਰ ਮੰਚ ਨੇ ਸਖਤ ਨਿਖੇਧੀ ਕੀਤੀ ਹੈ। ਪ੍ਰੈੱਸ ਜਾਰੀ ਕਰਦਿਆ ਸੂਬਾ ਪ੍ਰਧਾਨ ਗੁਰਮੀਤ ਸਿੰਘ ਪਲਾਹੀ, ਜਨਰਲ ਸਕੱਤਰ ਡਾ ਗੁਰਚਰਨ ਨੂਰਪੁਰ ਮੀਤ ਪ੍ਰਧਾਨ ਗਿਆਨ ਸਿੰਘ ਮੋਗਾ, ਸ਼ਿਆਮ ਸੁੰਦਰ ਦੀਪਤੀ ਤੇ ਸੂਬਾ ਕਮੇਟੀ ਮੈਂਬਰ ਸੁਰਿੰਦਰ ਮਚਾਕੀ ਜਨਰਲ ਸਕੱਤਰ ਨੇ ਕਿਹਾ ਕਿ ਇਹ ਕਦਮ ਸਰਾਸਰ ਗ਼ੈਰ ਜਮਹੂਰੀ, ਗ਼ੈਰ ਸੰਵਿਧਾਨਕ ਤੇ ਜ਼ੋਰ-ਜਬਰੀ ਹੀ ਨਹੀਂ ਬਲਕਿ ਮੁਲਾਜ਼ਮਾਂ ਦੇ ਰੁਜ਼ਗਾਰ ਦੇ ਹੱਕ 'ਤੇ ਸਿੱਧਾ ਛਾਪਾ ਹੈ। ਉਨ੍ਹਾਂ ਕਿਹਾ ਕਿ ਕੁਝ ਮੀਡੀਆ ਅਦਾਰਿਆਂ ਨੇ ਤਾਂ ਆਪਣੇ ਪ੍ਰਕਾਸ਼ਨ ਰੱਦ ਕਰਨ ਦੀ ਵੀ ਯੋਜਨਾ ਤਿਆਰ ਕਰ ਲਈ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕੁੱਝ ਰੋਜ਼ਾਨਾ ਅਖਬਾਰਾਂ ਨੇ ਤਾਂ ਆਪਣੇ ਸਫ਼ਿਆਂ ਦੀ ਗਿਣਤੀ ਵੀ ਘਟਾ ਦਿੱਤੀ ਹੈ। ਮੁਲਕ 'ਚ ਲੌਕ ਡਾਊਨ ਕਾਰਨ ਇੰਡੀਅਨ ਐਕਸਪ੍ਰੈੱਸ ਤੇ ਬਿਜ਼ਨੈੱਸ ਸਟੈਂਡਰਡ ਨੇ ਆਪਣੇ ਮੁਲਾਜ਼ਮਾਂ ਦੀ ਤਨਖਾਹ ਕੱਟਣ ਦੀ ਫੈਸਲਾ ਕੀਤਾ ਹੈ। ਟਾਈਮਜ਼ ਆਫ ਇੰਡੀਆ ਨੇ ਐਤਵਾਰ ਮੈਗਜ਼ੀਨ ਦੀ ਟੀਮ ਨੂੰ ਫ਼ਾਰਗ ਕਰ ਦਿੱਤਾ ਹੈ। ਇੰਡੀਆ ਟੂਡੇ ਨੇ 46 ਪੱਤਰਕਾਰਾਂ, ਛੇ ਕੈਮਰਾ ਮੈਨ ਤੇ 17 ਪ੍ਰੋਡਿਊਸਰਾਂ ਦੀ ਸੂਚੀ ਤਿਆਰ ਕੀਤੀ ਹੈ ਜਿਨ੍ਹਾਂ ਨੂੰ ਅਦਾਰੇ ਨੂੰ ਪੈ ਰਹੇ ਘਾਟੇ ਕਾਰਨ ਕੱਢਿਆ ਜਾ ਰਿਹਾ ਹੈ। ਇੱਕ ਕੌਮੀ ਨਿਊਜ਼ ਏਜੰਸੀ ਨੇ ਆਪਣੇ ਮੁਲਾਜ਼ਮਾਂ ਨੂੰ ਸਿਰਫ 60 ਫੀਸਦੀ ਤਨਖਾਹ ਹੀ ਜਾਰੀ ਕੀਤੀ ਹੈ। ਈ ਟੀ ਪਨਾਸ਼ ਤੇ ਬੰਬੇ ਟਾਈਮਜ਼ ਨੂੰ ਇਕੱਠੇ ਕਰਨ ਦੀ ਯੋਜਨਾ ਹੈ ਅਤੇ ਪਨਾਸ਼ ਨੇ ਆਪਣੇ 50 ਫੀਸਦੀ ਸਟਾਫ ਨੂੰ ਬਿਨ ਤਨਖਾਹ ਛੁੱਟੀ ਜਾਣ ਲਈ ਕਿਹਾ ਹੈ। ਇਕ ਜਾਣਕਾਰੀ ਮੁਤਾਬਕ ਹਿੰਦੁਸਤਾਨ ਮਰਾਠੀ ਨੂੰ 30 ਅਪ੍ਰੈਲ ਤੋਂ ਬੰਦ ਕਰਨ ਦੀ ਯੋਜਨਾ ਹੈ ਅਤੇ ਇਸ ਨੇ ਆਪਣੇ ਸਾਰੇ ਮੁਲਾਜ਼ਮਾਂ ਤੇ ਐਡ-ੀਟਰਾਂ ਨੂੰ ਘਰਾਂ ਨੂੰ ਜਾਣ ਦੀ ਆਖਿਆ ਹੈ। ਉਰਦੂ ਅਖਬਾਰ 'ਨਈ ਦੁਨੀਆਂ' ਅਤੇ 'ਈਵਨਿੰਗ ਸਟਾਰ ਆਫ ਮੈਸੂਰ' ਨੇ ਆਪਣੀ ਪਬਲੀਕੇਸ਼ਨ ਰੋਕ ਦਿੱਤੀ ਹੈ ਅਤੇ ਆਊਟਲੁੱਕ ਨੇ ਪ੍ਰਿੰਟਿੰਗ ਤੇ ਰੋਕ ਲਾ ਦਿੱਤੀ ਹੈ। ਮੰਚ ਆਗੂਆਂ ਨੇ ਕਿਹਾ ਕਿ ਇਸ ਔਖੀ ਘੜੀ ਵਿੱਚ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣਾ ਬਹੁਤ ਹੀ ਘਾਤਕ ਹੈ ਅਤੇ ਇਸ ਤੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ। ਵੱਖ ਵੱਖ ਪਬ-ਲੀਕੇਸ਼ਨ ਦੇ ਬੰਦ ਹੋਣ ਨਾਲ ਲੋਕਾਂ ਦੇ ਸੂਚਨਾ ਦੇ ਅਧਿਕਾਰ 'ਤੇ ਵੀ ਹਮਲਾ ਹੁੰਦਾ ਹੈ।



ਮੀਡੀਆ ਰਾਹੀ ਲੋਕ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੀ ਨਹੀਂ ਮਾਣਦੇ ਬਲਕਿ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਸਨ। ਮੀਡੀਆ ਕਰਮੀਆਂ ਦੀ ਛਾਂਟੀ ਨਾ ਸਿਰਫ ਉਨ੍ਹਾਂ ਦੀ ਰੋਟੀ-

ਰੋਜ਼ੀ ਖੋਹਣ ਦੇ ਤੁਲ ਹੈ ਬਲਕਿ ਲੋਕਾਂ ਨੂੰ ਦੇਸ਼ ਦੁਨੀਆਂ ਦੀ ਖ਼ਬਰਸਾਰ ਤੋਂ ਵਾਂਝਿਆਂ ਕਰਨਾ ਵੀ ਹੈ। ਉਨ੍ਹਾਂ ਮੰਗ ਕੀਤੀ ਕਿ ਮੀਡੀਆ ਅਦਾਰਿਆਂ ਵੱਲੋਂ ਛਾਂਟੀ ਕੀਤੇ ਜਾ ਰਹੇ ਮੁਲਾਜ਼ਮਾਂ ਦੀਆਂ ਸੇਵਾਵਾਂ ਤੁਰੰਤ ਬਹਾਲ ਕੀਤੀਆਂ ਜਾਣ। ਮੰਚ ਆਗੂਆਂ ਟ੍ਰਿਬਿਊਨ ਗਰੁੱਪ ਦੇ ਸੀਨੀਅਰ ਪੱਤਰਕਾਰ ਦਵਿੰਦਰ ਪਾਲ ਨਾਲ ਚੰਡੀਗੜ੍ਹ ਪੁਲੀਸ ਵਲੋ ਬਦਸਲੂਕੀ ਕਰਨ ਤੇ ਗੈਰ ਕਾਨੂੰਨੀ ਹਿਰਾਸਤ ਚ ਰੱਖਣ ਦੀ ਸਖਤ ਨਿੰਦਿਆ ਕੀਤੀ ਤੇ ਜੁੰਮੇਵਾਰ ਪੁਲੀਸ ਅਫਸਰਾਂ 'ਤੇ ਕਾਨੂੰਨੀ ਕਾਰਵਾਈ ਕਰਨ ਦੋ ਵੀ ਮੰਗ ਕੀਤੀ।

107 ਵਰ੍ਹੇ ਪਹਿਲਾਂ 21 ਅਪਰੈਲ 1913 ਨੂੰ ਗ਼ਦਰ ਪਾਰਟੀ ਬਣੀ ਸੀ ।ਜਰਨੈਲਾਂ ਦੀ ਚੋਣ ਹੋਈ ਤੇ ਉਨ੍ਹਾਂ ਨੇ ਸੰਵਿਧਾਨ ਲਿਖਿਆ ।ਇਸ ਵਾਰੇ ਤਾਂ ਅਸੀਂ ਸਭ ਜਾਣਦੇ ਹੀ ਹਾਂ ਕਿ ਗ਼ਦਰੀ ਬਾਬਿਆਂ ਨੇ 'ਗ਼ਦਰ' ਨਾਮ ਦਾ ਅਖ਼ਬਾਰ ਕੱਢਿਆ ਸੀ ਬਾਅਦ ਵਿੱਚ ਉਸ ਦੇ ਅਧਾਰਿਤ ਹੀ ਗ਼ਦਰ ਪਾਰਟੀ ਦਾ ਨਾਮ ਪ੍ਰਚੱਲਿਤ ਹੋਇਆ । ਤੁਹਾਨੂੰ ਗ਼ਦਰ ਪਾਰਟੀ ਦੇ 107 ਵੇਂ ਵਰ੍ਹੇਗੰਢ 'ਤੇ ਇਨਕਲਾਬੀ ਵਧਾਈ ਦੇਂਦਾ ਹਾ ।

ਵਲੋਂ :-ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ।

– ਮਨਮੋਹਨ ਪੂੰਨੀ

# ਬੇਵੱਸ ਕਿਸਾਨਾਂ ਦੇ ਹਲਾਤਾਂ ਨੂੰ ਬਿਆਨ ਕਰਦਾ ਹੈ ਸ਼ੇਰਪੁਰੀ, ਦਾ ਨਵਾਂ ਗੀਤ "ਮਜਬੂਰੀ"




**ਨਿਊਯਾਰਕ, (ਰਾਜ ਗੋਗਨਾ –** ਸੋਕੇ ਤੋ ਲੈਕੇ ਹੜ੍ਹਾਂ ਤੇ ਫਸਲ ਵੱਢਣ ਮੌਕੇ ਗੜ੍ਹੇ ਤੇ ਮੰਡੀਆ ਵਿਚ ਹੋ ਰਹੀ ਕਿਸਾਨ ਦੀ ਖੱਜਲ ਖੁਆਰੀ ਨੂੰ ਬਿਆਨ ਕਰਦਾ ਹੈ ਗਾਇਕ ਬਲਵੀਰ ਸ਼ੇਰਪੁਰੀ ਦਾ ਨਵਾਂ ਗੀਤ "ਮਜਬੂਰੀ, ਵਿਦੇਸ਼ੀ ਕੰਪਨੀ "ਜੀ, ਮਿਊਜ਼ਿਕ ਅਤੇ ਸਾਬੀ ਚੀਨੀਆ ਦੀ ਪੇਸ਼ਕਾਰੀ ਹੇਠ ਤਿਆਰ ਹੋਏ ਇਸ ਗੀਤ ਨੂੰ ਹਰੀ ਅਮਿਤ ਵੱਲੋ ਸੰਗੀਤਕ ਧੁੰਨਾਂ ਨਾਲ ਸ਼ਿਗਾਰਿਆ ਗਿਆ ਹੈ ਜਦ ਕਿ ਵੀਡੀਓ ਫਿਲਮਾਂਕਣ ਕੁਲਦੀਪ ਸਿੰਘ ਦੁਆਰਾ ਕੀਤਾ ਗਿਆ ਹੈ.ਸੰਤ ਬਲਬੀਰ ਸਿੰਘ ਸੀਚੇਵਾਲ ਦੇ ਅਸ਼ੀਰਵਾਦ ਪ੍ਰਾਪਤ ਇਸ ਦਰਦ ਰੂਪੀ ਗੀਤ ਨੂੰ ਲਖਵਿੰਦਰ ਸਿੰਘ ਡੋਗਰਾਂਵਾਲ, (ਰੀਗਲ ਰੈਸਟੋਰੈਂਟ) ਤੇ ਸੰਜੀਵ ਲਾਂਬਾ (ਪੰਜਾਬ ਇੰਮੀਗਰੇਸ਼ਨ ਸਰਵਿਸ) ਵੱਲੋ ਸਪਾਂਸਰ ਕੀਤਾ ਗਿਆ ਹੈ । ਰੇਸ਼ਮ ਸਿੰਘ ਬਾਜਵਾ, ਬਲਵਿੰਦਰ ਸਿੰਘ ਢਿੱਲੋ ਅਤੇ ਆਸਟਰੇਲੀਅਨ ਸਿੱਖ ਸਪੋਰਟ ਦਾ ਵਿਸ਼ੇਸ਼ ਧੰਨਵਾਦ ਹੈ।

BERKSHIRE HATHAWAY
BH HS
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਕਰੋਨਾ ਵਾਇਰਸ ਦੇ ਭਿਆਨਕ ਕਹਿਰ ਮੂਹਰੇ ਬੇਵੱਸ ਲੋਕਾਈ

ਵੁਲਵਰਹੈਂਪਟਨ (ਬਿਊਰੋ) ਅੱਜ ਕਰੋਨਾ ਵਾਇਰਸ ਲੱਗਭੱਗ ਪੂਰੇ ਵਿਸ਼ਵ 'ਚ ਬਹੁਤ ਬੁਰੀ ਤਰ੍ਹਾਂ ਫੈਲ ਚੁੱਕਾ ਹੈ ਤੇ ਇਸ ਦਾ ਕੋਈ ਸਥਾਈ ਉਪਾਅ ਅੱਜ ਤੱਕ ਨਹੀਂ ਲੱਭਿਆ ਜਾ ਸਕਿਆ। ਬੇਸ਼ੱਕ ਸਾਰੇ ਮੁਲਕਾਂ ਦੀਆਂ ਸਰਕਾਰਾਂ/ ਸਾਇੰਸਦਾਨ ਦਿਨ ਰਾਤ ਇਸ ਨਾਮੁਰਾਦ ਅਦਿੱਖ ਵਾਇਰਸ ਦੇ ਖਾਤਮੇ ਲਈ ਵੈਕਸੀਨ ਤਿਆਰ ਕਰਨ ਵਿਚ ਜੁਟੇ ਹੋਏ ਹਨ। ਬੇਹਿਸਾਬ ਕੀਮਤੀ ਜਾਨਾਂ ਇਸ ਵਾਇਰਸ ਦੀ ਲਪੇਟ ਵਿਚ ਆ ਕੇ ਇਸ ਫਾਨੀ ਸੰਸਾਰ ਨੂੰ ਸਦਾ-ਸਦਾ ਲਈ ਅਲਵਿਦਾ ਆਖ ਗਈਆਂ ਹਨ ਤੇ ਲੱਖਾਂ ਕੀਮਤੀ ਇਨਸਾਨ ਜ਼ਿੰਦਗੀ-ਮੌਤ ਦਰਮਿਆਨ ਜੂਝ ਰਹੇ ਹਨ ਤੇ ਇਹਨਾਂ ਦਾ ਇਲਾਜ ਕਰਦੇ-ਕਰਦੇ ਬਹੁਤ ਸਾਰੇ ਡਾਕਟਰ/ਨਰਸਾਂ ਤੇ ਹੋਰ ਪੈਰਾ-ਮੈਡੀਕਲ ਸਟਾਫ, ਪੁਲਿਸ ਵਿਭਾਗ, ਫਾਇਰ ਵਿਭਾਗ ਦੇ ਕਰਮਚਾਰੀ ਆਦਿ ਜੋ ਫਰੰਟ ਲਾਈਨ 'ਤੇ ਹਨ, ਵੀ ਕੀਮਤੀ ਜਾਨਾਂ ਗੁਆ ਚੁੱਕੇ ਹਨ।



Molk Raj Heera son of Harbans Singh Heera and Charno passed away 14/4/2020. Leaving his family, wife Angela, 3 children, sisters Nicky, Narindra and Valindra. From Wolverhampton and pind Moran Wale, Hoshiarpur.

ਇਹਨਾਂ ਸਭਨਾਂ ਲਈ ਸਰਬੱਤ ਦੇ ਭਲੇ ਲਈ ਧਾਰਿਮਕ ਸਥਾਨਾਂ ਅੰਦਰ/ਬਾਹਰ, ਆਪਸੀ ਗੈਪ ਬਣਾ ਕੇ, ਘਰਾਂ 'ਚ ਰਹਿ ਕੇ ਅਰਦਾਸਾਂ ਹੋ ਰਹੀਆਂ ਹਨ ਕਿ ਜਗਤ ਜਲੰਦਾ ਰੱਖ ਲੈ ਅਪਨੀ ਕਿਰਪਾ ਧਾਰ। ਦੇਖੋ ਕਦੋਂ ਇਸ ਕਰੋਪੀ ਦਾ ਕਹਿਰ ਰੁਕਦਾ ਹੈ। ਅੱਜ ਸਮਾਂ ਅਜਿਹਾ ਆ ਗਿਆ ਹੈ ਕਿ ਅੰਤਿਮ ਸਸਕਾਰ ਤੱਕ ਵੀ ਜਾਣਾ ਨਸਬ ਨਹੀਂ ਹੋ ਰਿਹਾ ਕਿ ਆਪਣੇ ਹੱਥੀਂ ਅੰਤਿਮ ਵਿਦਾਇਗੀ ਦੇ ਸਕਣ। ਕਿਤੇ ਕਿਤੇ ਤੀਵੀਂ-ਆਦਮੀ ਇਕੱਠਿਆਂ ਨੂੰ ਕਰੋਨਾ ਨੇ ਕਲਾਵੇ 'ਚ ਲੈ ਲਿਆ, ਜਿਵੇਂ ਕਿ ਸਾਡੇ ਦੋਸਤ ਸ੍ਰੀ ਐਚ. ਆਰ. ਲਾਲੀ (ਨਿਊਯਾਰਕ) ਨਾਲ ਵਾਪਰੀ, ਜਿੱਥੇ ਉਹ ਡਾਕਟਰਾਂ ਤੋਂ ਇਲਾਜ ਨਾਲ ਕਰੋਨਾ ਵਾਇਰਸ ਦਾ ਮੁਕਾਬਲਾ ਕਰਨ 'ਚ ਸਫਲ ਰਿਹਾ ਪਰ ਉਸ ਦੀ ਜੀਵਨ ਸਾਥਣ ਤੋਂ ਸੱਖਣਾ ਹੋ ਗਿਆ।

ਇਸੇ ਤਰ੍ਹਾਂ ਇੰਗਲੈਂਡ ਤੋਂ ਖਬਰ ਅਨੁਸਾਰ ਵੁਲਵਰਹੈਂਪਟਨ ਨਿਵਾਸੀ, ਜਿਹਨਾਂ ਦਾ ਪਿਛਲਾ ਪਿੰਡ ਮੋਰਾਂਵਾਲੀ (ਹੁਸ਼ਿਆਰਪੁਰ) ਹੈ, ਸ੍ਰੀ ਹਰਬੰਸ ਸਿੰਘ ਹੀਰਾ ਅਤੇ ਸ੍ਰੀਮਤੀ ਚਰਨੋ ਹੀਰਾ ਦਾ ਇਕੋ ਇਕ ਸਪੁੱਤਰ ਸ੍ਰੀ ਮੁਲਕ ਰਾਜ ਹੀਰਾ (52) 14 ਅਪ੍ਰੈਲ 2020 ਨੂੰ ਹਸਪਤਾਲ ਗਿਆ, ਕਿਸੇ ਹੋਰ ਇਲਾਜ ਲਈ ਪਰ ਉਹ ਵੀ ਕਰੋਨਾ ਵਾਇਰਸ ਦੀ ਲਪੇਟ 'ਚ ਆ ਗਿਆ ਤੇ ਜ਼ੇਰੇ-ਇਲਾਜ ਡਾਕਟਰਾਂ ਦੀ ਦੇਖ-ਰੇਖ, ਖਾਸ ਸਕੀ ਭੈਣ ਜੋ ਉਸ ਦੀ ਸਕੀ ਭੈਣ ਜੋ ਨਰਸ ਵਜੋਂ ਦੇਖ-ਰੇਖ ਕਰ ਰਹੀ ਸੀ, ਤੇ ਦੇਖਦੇ-ਦੇਖਦੇ ਉਸਦੇ ਸਾਹ-ਮਣੇ ਹੱਥਾਂ 'ਚ ਜ਼ਿੰਦਗੀ ਦੀ ਬਾਜ਼ੀ ਹਾਰ ਗਿਆ। ਅਜਿਹਾ ਕਿੰਨੇ ਹਜ਼ਾਰਾਂ ਪ੍ਰਾਣੀ ਜਾਨਾਂ ਗੁਆ ਚੁੱਕੇ ਹਨ, ਜਿਹਨਾਂ ਨੂੰ ਅਸੀਂ ਜਾਣਦੇ ਵੀ ਨਹੀਂ ਪਰ ਅਦਾਰਾ 'ਦੇਸ਼ ਦੁਆਬਾ' ਇਸ ਬੇਹੱਦ ਦੁਖੀ ਘੜੀਆਂ 'ਚ ਸਭ ਦੇ ਭਲੇ ਦੀ ਅਰਦਾਸ ਕਰਦਾ ਹੈ ਤੇ ਵਿਛੜੀਆਂ ਰੂਹਾਂ ਦੀ ਆਤਮਕ ਸ਼ਾਂਤੀ ਲਈ ਪ੍ਰਵਰਦਗਾਰ ਅੱਗੇ ਅਰਜ਼ੋਈ ਕਰਦਾ ਹੈ ਕਿ ਇਹਨਾਂ ਸਭਨਾਂ ਨੂੰ ਆਪਣੇ ਚਰਨਾਂ 'ਚ ਨਿਵਾਸੀ ਦੇਈਂ ਤੇ ਮਗਰ ਸਭ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਤੇ ਇਸ ਭਿਆਨਕ ਕਰੋਨਾ ਵਾਇਰਸ ਤੋਂ ਮੁਕਤ ਕਰੇ ਤੇ ਆਓ ਆਪਾਂ ਸਮੇਂ-ਸਮੇਂ ਸਰਕਾਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਹਦਾਇਤਾਂ ਦਾ ਪਾਲਣ ਵੀ ਜ਼ਰੂਰੀ ਕਰੀਏ। ਅੱਜ ਇਹ ਲੜਾਈ ਕਰਨਾ ਵਾਇਰਸ ਨਾਲ ਪੂਰੇ ਵਿਸ਼ਵ ਦੀ ਹੈ।

# ਸ਼ਹੀਦ ਭਗਤ ਸਿੰਘ ਨਗਰ 'ਚ ਕੋਰੋਨਾ ਤੋਂ ਇਹਤਿਆਤ ਲਈ ਜ਼ਿਲ੍ਹੇ ਦੀ ਮੰਡੀਆਂ 'ਚ 19 ਮੈਡੀਕਲ ਟੀਮਾਂ ਤਾਇਨਾਤ- ਡੀ ਸੀ

## ਪਠਲਾਵਾ, ਲਧਾਣਾ ਉੱਚਾ ਤੇ ਮਹਿਲ ਗਹਿਲਾਂ ਮੰਡੀਆਂ 'ਚ ਸੀਲ ਕੀਤੇ ਪਿੰਡ ਦੀ ਜਿਣਸ ਹੀ ਆਵੇਗੀ

**ਨਵਾਂਸ਼ਹਿਰ,(ਰੇਸ਼ਮ ਕਰਨਾਣਵੀ)**- ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ 'ਚ ਕਣਕ ਦੇ ਖਰੀਦ ਸੀਜ਼ਨ ਦੀ ਸ਼ੁਰੂਆਤ ਦੇ ਨਾਲ ਹੀ ਕੋਰੋਨਾ ਵਾਇਰਸ ਤੋਂ ਇਹਤਿਆਤ ਲਈ ਮੰਡੀਆਂ 'ਚ ਕਿਸਾਨਾਂ, ਲੇਬਰ ਤੇ ਖਰੀਦ 'ਚ ਜੁਟੇ ਹੋਰ ਅਮਲੇ ਦੀ ਸਿਹਤ ਜਾਂਚ ਲਈ ਅੱਜ ਤੋਂ 19 ਮੈਡੀਕਲ ਟੀਮਾਂ ਨੂੰ ਸਰਗਰਮ ਕਰ ਦਿੱਤਾ ਗਿਆ ਹੈ।

ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਵਿਨੈ ਬਬਲਾਨੀ ਨੇ ਅੱਜ ਖਰੀਦ ਪ੍ਰਬੰਧਾਂ ਦੇ ਮੁਲਾਂਕਣ ਲਈ ਸੱਦੀ ਮੀ-ਟਿੰਗ ਦੌਰਾਨ ਕੀਤਾ। ਇਸ ਮੀਟਿੰਗ 'ਚ ਏ ਡੀ ਸੀ (ਜ) ਅਦਿਤਿਆ ਉੱਪਲ, ਐਸ ਡੀ ਐਮ ਨਵਾਂਸ਼ਹਿਰ ਜਗਦੀਸ਼ ਸਿੰਘ ਜੌਹਲ, ਐਸ ਡੀ ਐਮ ਬਲਾਚੌਰ ਜਸਬੀਰ ਸਿੰਘ, ਐਸ ਡੀ ਐਮ ਬੰਗਾ ਗੌਤਮ ਜੈਨ ਅਤੇ ਸਹਾਇਕ ਕਮਿਸ਼ਨਰ (ਜ) ਦੀਪਜੋਤ ਕੌਰ ਮੌਜੂਦ ਸਨ।




ਮੀਟਿੰਗ 'ਚ ਬੰਗਾ ਸਬ ਡਵੀਜ਼ਨ ਦੇ ਪਠਲਾਵਾ ਅਤੇ ਆਲੇ ਦੁਆਲੇ ਦੇ 15 ਸੀਲ ਕੀਤੇ ਪਿੰਡਾਂ ਦੀ ਚਾਲੂ ਖਰੀਦ ਸੀਜ਼ਨ ਦੌਰਾਨ ਜਿਣਸ ਵੇਚਣ 'ਚ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਾ ਆਵੇ, ਇਸ ਲਈ ਇਨ੍ਹਾਂ ਪਿੰਡਾਂ ਲਈ ਪਠਲਾਵਾ, ਲਧਾਣਾ ਉੱਚਾ ਅਤੇ ਮਹਿਲ ਗਹਿਲਾਂ ਦੀਆਂ ਮੰਡੀਆਂ ਰਾਖਵੀਂਆਂ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਮੰਡੀਆਂ 'ਚ ਇਨ੍ਹਾਂ 15 ਪਿੰਡਾਂ ਤੋਂ ਇਲਾਵਾ ਹੋਰ ਕਿਸੇ ਪਿੰਡ ਦੀ ਜਿਣਸ ਨਹੀਂ ਵੇਚੀ ਜਾ ਸਕੇਗੀ। ਇਨ੍ਹਾਂ ਮੰਡੀਆਂ 'ਚ ਸੈਨੇਟਾਈਜ਼ੇਸ਼ਨ ਅਤੇ ਕੋਵਿਡ-19 ਰੋਕਥਾਮ ਤਹਿਤ ਸਮੁੱਚੇ ਪ੍ਰਬੰਧ ਮੁਕੰਮਲ ਕਰਨ ਦੀ ਹਦਾਇਤ ਵੀ ਕੀਤੀ ਗਈ।

ਇਸ ਦੇ ਨਾਲ ਹੀ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ 'ਚ ਆੜ੍ਹਤੀਆਂ ਨੂੰ ਆਪਣੇ ਸਟਾਫ਼, ਲੇਬਰ ਅਤੇ ਜਿਮੀਂਦਾਰਾਂ ਦੀ ਨਿਯਮਿਤ ਸਿਹਤ ਜਾਂਚ ਲਈ ਇੰਨਫ੍ਰਾਰੈਡ ਥਰਮੋਮੀਟਰ ਦਾ ਪ੍ਰਬੰਧ ਕਰਨ ਦੀ ਹਦਾਇਤ ਵੀ ਕੀਤੀ ਗਈ।

ਮੀਟਿੰਗ ਦੌਰਾਨ ਜ਼ਿਲ੍ਹਾ ਮੰਡੀ ਅਫ਼ਸਰ ਮੁਕੇਸ਼ ਕੈਲੇ ਨੇ ਦੱਸਿਆ ਕਿ ਕਲ੍ਹ 18 ਮੰਡੀਆਂ 'ਚ ਕਣਕ ਦੀ ਆਮਦ ਹੋਈ ਅਤੇ 13 ਮੰਡੀਆਂ 'ਚ ਭਾਅ ਲਾਏ ਗਏ। ਉਨ੍ਹਾਂ ਦੱਸਿਆ ਕਿ ਅੱਜ ਨਿਯ-ਮਿਤ ਤੌਰ 'ਤੇ ਉਨ੍ਹਾਂ ਸਾਰੀਆਂ ਮੰਡੀਆਂ ਜਿਨ੍ਹਾਂ 'ਚ ਮਾਲ ਆਇਆ ਹੋਇਆ ਹੈ, ਦੀ ਬੋਲੀ ਹੋਵੇਗੀ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਕੁੱਝ ਆੜ੍ਹਤੀਆਂ ਵੱਲੋਂ ਜ਼ਿਲ੍ਹੇ 'ਚ ਵਰਤੋਂ ਯੋਗ ਪਾਸ ਦੀ ਜ਼ਿਲ੍ਹੇ ਤੋਂ ਬਾਹਰ ਜਾਣ 'ਚ ਕੀਤੀ ਵਰਤੋਂ ਸਬੰਧੀ ਪੜਤਾਲ ਰਿਪੋਰਟ ਦੇਣ ਲਈ ਆਖਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਕੋਈ ਵੀ ਆੜ੍ਹਤੀ ਅੰਤਰ ਜ਼ਿਲ੍ਹਾ ਪਾਸ ਲਈ ਸਹਾਇਕ ਕਮਿਸ਼ਨਰ ਪਾਸੋਂ ਪ੍ਰਵਾਨਗੀ ਲਵੇ।

ਉਨ੍ਹਾਂ ਨੇ ਜ਼ਿਲ੍ਹੇ 'ਚ ਆਰਜ਼ੀ ਫੜ੍ਹ ਵਾਲੇ ਇੱਕ ਸ਼ੈਲਰ ਮਾਲਕ ਵੱਲੋਂ ਆਪਣੇ ਲੈਟਰ ਪੈਡ 'ਤੇ ਹੀ ਲੇਬਰ ਲਿਆਉਣ ਲਈ ਜਾਰੀ ਪਾਸ ਦਾ ਸਖਤ ਨੋਟਿਸ ਲੈਂਦੇ ਹੋਏ ਡੀ ਐਫ ਐਸ ਸੀ ਨੂੰ ਤੁਰੰਤ ਬਣਦੀ ਕਾਰਵਾਈ ਅਮਲ 'ਚ ਲਿਆਉਣ ਲਈ ਕਿਹਾ, ਜਿਸ 'ਤੇ ਡੀ ਐਫ ਐਸ ਸੀ ਰਾਕੇਸ਼ ਭਾਸਕਰ ਨੇ ਦੱਸਿਆ ਕਿ ਇਸ ਸ਼ੈਲਰ 'ਚ ਬਣਾਏ ਆਰਜ਼ੀ ਫੜ੍ਹ ਨੂੰ ਕੈਂਸਲ ਕਰਨ ਦੀ ਸਿਫ਼ਾਰਸ਼ ਮੁੱਖ ਦਫ਼ਤਰ ਨੂੰ ਕੀਤੀ ਜਾ ਚੁੱਕੀ ਹੈ।

ਮੀਟਿੰਗ 'ਚ ਮੁੱਖ ਖੇਤੀਬਾੜੀ ਅਫ਼ਸਰ ਸੁਰਿੰਦਰ ਸਿੰਘ, ਜੀ ਓ ਜੀ ਦੇ ਮੁਖੀ ਕਰਨਲ (ਸੇਵਾ ਮੁਕਤ) ਚੂਹੜ ਸਿੰਘ ਅਤੇ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਪ੍ਰਤੀਨਿਧ ਮੌਜੂਦ ਸਨ।

# ਨਵਾਂਸ਼ਹਿਰ 'ਚ 17ਵੇਂ ਮਰੀਜ਼ ਨੇ ਵੀ ਕੋਰੋਨਾ 'ਤੇ ਫ਼ਤਿਹ ਪਾਈ

## 72 ਸਾਲਾ ਮਾਤਾ ਪ੍ਰੀਤਮ ਕੌਰ ਹਸਪਤਾਲ ਦੇ ਸਟਾਫ਼ ਨੂੰ ਅਸੀਸਾਂ ਦਿੰਦੀ ਘਰ ਨੂੰ ਗਈ

**ਨਵਾਂਸ਼ਹਿਰ, (ਰੇਸ਼ਮ ਕਰਨਾਣਵੀ)** - ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਆਈਸੋਲੇਸ਼ਨ ਵਾਰਡ 'ਚੋਂ ਅੱਜ ਇੱਕ ਹੋਰ ਮਰੀਜ਼ ਦੇ ਬਾਹਰ ਆਉਣ ਨਾਲ ਜ਼ਿਲ੍ਹੇ 'ਚ ਕੋਰੋਨਾ 'ਤੇ ਫ਼ਤਿਹ ਹਾਸਲ ਕਰਨ ਵਾਲਿਆਂ ਦੀ ਗਿਣਤੀ 17 'ਤੇ ਪੁੱਜ ਗਈ। ਅੱਜ ਮਾਤਾ ਪ੍ਰੀਤਮ ਕੌਰ (72) ਜਦੋਂ ਆਈਸੋਲੇਸ਼ਨ ਵਾਰਡ 'ਚੋਂ ਬਾਹਰ ਆਏ ਤਾਂ ਐਂਬੂਲੈਂਸ ਤੱਕ ਆਉਂਦਿਆਂ ਹੀ ਉਨ੍ਹਾਂ ਨੇ ਨਮ ਅੱਖਾਂ ਨਾਲ ਹਸਪਤਾਲ ਦੇ ਸਟਾਫ਼ ਲਈ ਅਸੀਸਾਂ ਦੀ ਝੜੀ ਲਗਾ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਜੋ ਹੌਸਲਾ ਜ਼ਿੰਦਗੀ ਦੀ ਲੜਾਈ ਲੜਨ ਦਾ ਹਸਪਤਾਲ ਦੇ ਸਟਾਫ਼ ਤੋਂ ਮਿਲਿਆ, ਉਸ ਦਾ ਬਿਆਨ ਸ਼ਬਦਾਂ ਤੋਂ ਪਰੇ ਹੈ।



ਮਾਤਾ ਪ੍ਰੀਤਮ ਕੌਰ ਆਪਣੇ ਸਰਪੰਚ ਪੁੱਤਰ ਹਰਪਾਲ ਸਿੰਘ ਨਾਲ ਜ਼ਿਲ੍ਹਾ ਹਸਪਤਾਲ ਤੋਂ ਘਰ ਜਾਣ ਸਮੇਂ ਐਸ ਐਮ ਓ ਡਾ. ਹਰਵਿੰਦਰ ਸਿੰਘ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸਤਬੀਰ ਸਿੰਘ ਪੱਲੀ ਝਿੱਕੀ ਨਾਲ ਦਿਖਾਈ ਦੇ ਰਹੇ ਹਨ।

ਬੀਬੀ ਪ੍ਰੀਤਮ ਕੌਰ ਜੋ ਪਠਲਾਵਾ ਦੇ ਸਰਪੰਚ ਹਰਪਾਲ ਸਿੰਘ ਦੇ ਮਾਤਾ ਹਨ, ਬੀਤੀ 26 ਮਾਰਚ ਨੂੰ ਆਪਣਾ ਕੋਰੋਨਾ ਦਾ ਟੈਸਟ ਪਾਜ਼ੇਟਿਵ ਆਉਣ ਬਾਅਦ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਆਈਸੋਲੇਸ਼ਨ ਵਾਰਡ 'ਚ ਲਿਆਂਦੇ ਗਏ ਸਨ। ਸਰਪੰਚ ਹਰਪਾਲ ਸਿੰਘ ਵੀ ਪਹਿਲਾਂ ਤੋਂ ਹੀ ਆਈਸੋਲੇਸ਼ਨ ਵਾਰਡ 'ਚ ਇਲਾਜ ਅਧੀਨ ਸੀ ਅਤੇ ਠੀਕ ਹੋਣ ਬਾਅਦ 7 ਅਪਰੈਲ ਨੂੰ ਆਈਸੋਲੇਸ਼ਨ ਵਾਰਡ ਤੋਂ ਬਾਹਰ ਆਏ ਸਨ।

ਆਪਣੀ ਭੈਣ ਦੇ ਠੀਕ ਹੋਣ ਦੀ ਖੁਸ਼ੀ ਸਾਂਝੀ ਕਰਨ ਵਿਸ਼ੇਸ਼ ਤੌਰ 'ਤੇ ਹਸਪਤਾਲ ਪੁੱਜੇ ਨਵਾਂਸ਼ਹਿਰ ਨੇੜਲੇ ਪਿੰਡ ਉਸਮਾਨਪੁਰ ਦੇ ਸਾਬਕਾ ਸਰਪੰਚ ਅਤੇ ਸੇਵਾਮੁਕਤ ਮੁੱਖ ਅਧਿਆਪਕ ਅਜਾਇਬ ਸਿੰਘ ਤਾਂ ਹਸਪਤਾਲ ਦੇ ਸਟਾਫ਼ ਦੀ ਸੇਵਾ ਭਾਵਨਾ ਤੋਂ ਇੰਨੇ ਖੁਸ਼ ਹੋਏ ਕਿ ਤੁਰੰਤ ਆਪਣੀ ਇੱਕ ਮਹੀਨੇ ਦੀ ਪੈਨਸ਼ਨ (40 ਹਜ਼ਾਰ ਰੁਪਏ) ਹਸਪਤਾਲ ਦੇ ਐਸ ਐਮ ਓ ਹਰਪਾਲ ਸਿੰਘ ਨੂੰ ਚੈਕ ਦੇ ਰੂਪ 'ਚ ਸੌਂਪ ਦਿੱਤੀ।

ਜ਼ਿਕਰਯੋਗ ਹੈ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ 18 ਮਾਰਚ ਦੀ ਸਵੇਰ ਨੂੰ ਪਠਲਾਵਾ ਦੇ ਇੱਕ ਬਜ਼ੁਰਗ ਬਲਦੇਵ ਸਿੰਘ ਦੀ ਮੌਤ ਨੂੰ ਸ਼ੱਕੀ ਕੋਵਿਡ-19 ਪੀੜਤ ਮੰਨਦਿਆਂ ਉਸ ਦਾ ਲਿਆ ਟੈਸਟ ਪਾਜ਼ੇਟਿਵ ਆਉਣ ਬਾਅਦ, 19 ਅਪਰੈਲ ਤੋਂ 26 ਅਪਰੈਲ ਤੱਕ ਆਈਸੋਲੇਸ਼ਨ ਵਾਰਡ 'ਚ 18 ਮਰੀਜ਼ ਲਿਆਂਦੇ ਗਏ ਸਨ। ਇਨ੍ਹਾਂ 'ਚੋਂ 14 ਮਰੀਜ਼ ਸਵ. ਬਲਦੇਵ ਸਿੰਘ ਦੇ ਪਰਿਵਾਰ ਨਾਲ ਸਬੰਧਤ ਸਨ ਜਦਕਿ ਬਾਕੀਆਂ 'ਚੋਂ ਦੋ ਉਨ੍ਹਾਂ ਦੇ ਸੰਪਰਕ ਵਜੋਂ ਅਤੇ 2 ਵਿਦੇਸ਼ ਤੋਂ ਵਾਪਸ ਪਰਤੇ ਜੱਥੇ ਦੇ ਮੈਂਬਰ ਸਨ।

ਡਿਪਟੀ ਕਮਿਸ਼ਨਰ ਵਿਨੈ ਬਬਲਾਨੀ ਅਨੁਸਾਰ ਹੁਣ ਜ਼ਿਲ੍ਹਾ ਹਸਪਤਾਲ ਦੇ ਆਈਸੋਲੇਸ਼ਨ ਵਾਰਡ 'ਚ ਹੁਣ ਸਿਰਫ਼ ਇੱਕੋ ਮਰੀਜ਼ ਹੀ ਰਹਿ ਗਿਆ ਹੈ, ਜਿਸ ਦਾ ਅਗਲੇ ਦੋ ਦਿਨਾਂ 'ਚ ਟੈਸਟ ਕਰਵਾਇਆ ਜਾਵੇਗਾ। ਇਹ ਮਰੀਜ਼ ਸਵਰਗੀ ਬਲਦੇਵ ਸਿੰਘ ਦੇ ਪਰਿਵਾਰ ਨਾਲ ਹੀ ਸਬੰਧਤ ਹੈ ਅਤੇ ਉਸ ਦੀ ਹਾਲਤ ਬਿਲਕੁਲ ਠੀਕ ਹੈ।

ਹਸਪਤਾਲ ਦੇ ਸਟਾਫ਼ ਵੱਲੋਂ ਅੱਜ ਮਾਤਾ ਪ੍ਰੀਤਮ ਕੌਰ ਨੂੰ ਫੁੱਲ ਦੇ ਕੇ ਹਸਪਤਾਲ ਤੋਂ ਵਿਦਾ ਕੀਤਾ ਗਿਆ ਅਤੇ ਉਨ੍ਹਾਂ ਨੂੰ 14 ਦਿਨ ਘਰ ਹੀ ਕੁਆਰਾਨਟਾਈਨ ਰਹਿਣ ਦੀ ਤਾਕੀਦ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਸਤਬੀਰ ਸਿੰਘ ਪੱਲੀ ਝਿੱਕੀ ਵੀ ਸਰਪੰਚ ਹਰਪਾਲ ਸਿੰਘ ਦੀ ਮਾਤਾ ਅਤੇ ਹਸਪਤਾਲ 'ਚ ਹੀ ਕੁਅਰਨਟਾਈਨ ਵਾਰਡ 'ਚ ਰਹਿ ਰਹੇ ਹਰਪਾਲ ਸਿੰਘ ਦੇ ਸੁਆਗਤ ਲਈ ਵਿਸ਼ੇਸ਼ ਤੌਰ 'ਤੇ ਪੁੱਜੇ ਹੋਏ ਸਨ।

ਇਸ ਮੌਕੇ ਐਸ ਐਮ ਓ ਡਾ. ਹਰਵਿੰਦਰ ਸਿੰਘ ਨੇ ਅੱਜ 17 ਵੇਂ ਮਰੀਜ਼ ਦੇ ਆਈਸੋਲੇਸ਼ਨ ਵਾਰਡ 'ਚੋਂ ਬਾਹਰ ਆਉਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਇਨ੍ਹਾਂ 17 'ਚੋਂ ਸਿਆਣੀ ਉਮਰ ਵਾਲੇ ਤਿੰਨ ਮਰੀਜ਼ ਬਿਲਕੁਲ ਤੰਦਰੁਸਤ ਰਹੇ ਅਤੇ ਸਿਹਤਯਾਬ ਹੋ ਕੇ ਘਰ ਪਰਤੇ। ਇਸ ਮੌਕੇ ਹਸਪਤਾਲ ਦੇ ਡਾਕਟਰ ਅਤੇ ਸਮੁੱਚਾ ਸਟਾਫ਼ ਵੀ ਮੌਜੂਦ ਸੀ।

# ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਨੂੰ ਕੋਰੋਨਾ ਤੋਂ ਮੁਕਤ ਕਰਨ ਦੀ ਜੰਗ 'ਚ 530 ਆਸ਼ਾ ਵਰਕਰਾਂ ਵੀ ਮੋਹਰੀ ਜਰਨੈਲ ਬਣੀਆਂ

**ਨਵਾਂਸ਼ਹਿਰ, (ਰੇਸ਼ਮ ਕਰਨਾਣਵੀ)**- ਕਰੋਨਾ ਦੀ ਜੱਦ 'ਚ ਆਏ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਨੂੰ ਮੁਕਤ ਕਰਨ ਲਈ ਲੜੀ ਜਾ ਰਹੀ ਜੰਗ 'ਚ ਆਸ਼ਾ ਵਰਕਰਾਂ ਵੀ ਮੋਹਰੀ ਜਰਨੈਲ ਬਣ ਕੇ ਆਪਣਾ ਯੋਗਦਾਨ ਪਾ ਰਹੀਆਂ ਹਨ। ਇਨ੍ਹਾਂ ਆਸ਼ਾ ਵਰਕਰਾਂ ਵੱਲੋਂ ਜ਼ਿਲ੍ਹੇ ਦੇ ਘਰ ਘਰ ਜਾ ਕੇ ਪਰਿਵਾਰਿਕ ਮੈਂਬਰਾਂ ਦੀ ਸਿਹਤ ਬਾਰੇ ਵਿਸਥਾ 'ਚ ਪੁੱਛਿਆ ਜਾਂਦਾ ਹੈ ਅਤੇ ਰਿਪੋਰਟ ਆਪਣੇ ਸਿਹਤ ਬਲਾਕ ਦੇ ਐਸ ਐਮ ਓ ਰਾਹੀਂ ਸਿਵਲ ਸਰਜਨ ਦਫ਼ਤਰ ਨੂੰ ਭੇਜੀ ਜਾਂਦੀ ਹੈ।



ਡਿਪਟੀ ਕਮਿਸ਼ਨਰ ਵਿਨੈ ਬਬਲਾਨੀ ਨੇ ਆਸ਼ਾ ਵਰਕਰਾਂ ਵੱਲੋਂ ਇਸ ਸੰਕ-ਟਕਾਲੀਨ ਸਮੇਂ 'ਚੋਂ ਜ਼ਿਲ੍ਹੇ ਨੂੰ ਬਾਹਰ ਲਿਆਉਣ ਵਾਸਤੇ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਆਂਗਨਵਾੜੀ ਵਰਕਰਾਂ ਅਤੇ ਆਸ਼ਾ ਵਰਕਰਾਂ ਵੱਲੋਂ ਨਿਭਾਈ ਜਾ ਰਹੀ ਸੇਵਾ ਜ਼ਿਲ੍ਹਾ ਪ੍ਰਸ਼ਾਸਨ ਲਈ ਬਹੁਤ ਹੀ ਮੱਦਦਗਾਰ ਸਾਬਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਇੱਕ ਪਾਸੇ ਆਸ਼ਾ ਵਰਕਰਾਂ ਘਰ-ਘਰ ਜਾ ਕੇ ਲੋਕਾਂ ਦੀ ਖੈਰ-ਸੁੱਖ ਪੁੱਛ ਰਹੀਆਂ ਹਨ ਉੱਥੇ ਆਂਗਨਵਾੜੀ ਵਰਕਰਾਂ ਵਿਦੇਸ਼ੋਂ ਪਰਤੇ ਵਿਅਕਤੀਆਂ ਨੂੰ ਘਰਾਂ 'ਚ ਕੁਆਰਨਟਾਈਨ ਕਰਨ ਤੇ ਉਨ੍ਹਾਂ 'ਚ ਕੋਵਿਡ-19 ਦੇ ਲੱਛਣਾਂ ਬਾਰੇ ਰੋਜ਼ਾਨਾ ਜਾਣਕਾਰੀ ਲੈ ਕੇ 'ਚ ਅਹਿਮ ਭੂਮਿਕਾ ਨਿਭਾਅ ਰਹੀਆ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਦਿਹਾਤੀ ਅਤੇ ਸ਼ਹਿਰੀ ਖੇਤਰ 'ਚ ਆਸ਼ਾ ਵਰਕਰਾਂ ਆਪਣੀ ਪ੍ਰਗਤੀ ਕਰ-ਮਵਾਰ 102 ਫ਼ੀਸਦੀ ਅਤੇ 101 ਫ਼ੀਸਦੀ ਦਿਖਾ ਚੁੱਕੀਆਂ ਹਨ, ਭਾਵ ਉਹ ਜ਼ਿਲ੍ਹੇ ਦੇ ਹਰੇਕ ਘਰ 'ਚ ਇੱਕ-ਇੱਕ ਵਾਰ ਜਾ ਚੁੱਕੀਆਂ ਹਨ। ਮੰਡੀਆਂ ਦਾ ਸੀਜ਼ਨ ਹੋਣ ਕਾਰਨ ਆਸ਼ਾ ਵਰਕਰਾਂ ਵੱਲੋਂ ਜਲਦ ਹੀ ਜ਼ਿਲ੍ਹੇ ਦੇ ਦੂਜਾ ਦੌਰ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਅਨੁਸਾਰ ਜ਼ਿਲ੍ਹੇ 'ਚ ਦਿਹਾਤੀ ਇਲਾਕੇ 'ਚ ਇਨ੍ਹਾਂ ਆਸ਼ਾ ਵਰਕਰਾਂ ਵੱਲੋਂ 104323 ਘਰਾਂ ਦੇ ਟੀਚੇ ਦੇ ਮੁਕਾਬਲੇ ਦੂਸਰਾ ਗੇੜ ਸ਼ੁਰੂ ਕਰਕੇ ਕਲ੍ਹ ਸ਼ਾਮ ਤੱਕ 106680 ਘਰਾਂ 'ਚ ਜਾ ਕੇ ਸਿਹਤ ਜਾਂਚ ਕੀਤੀ ਜਾ ਚੁੱਕੀ ਹੈ ਜਦਕਿ ਸ਼ਹਿਰੀ ਖੇਤਰ 'ਚ 23896 ਘਰਾਂ 'ਚ ਸਿਹਤ ਨਿਰੀਖਣ ਕਰ ਚੁੱਕੀਆਂ ਹਨ। ਸਿਵਲ ਸਰਜਨ ਡਾ. ਰਾਜਿੰਦਰ ਪ੍ਰਸ਼ਾਦ ਭਾਟੀਆ ਅਨੁਸਾਰ ਪਿੰਡਾਂ 'ਚ ਇੱਕ ਆਸ਼ਾ ਵਰਕਰ ਨੂੰ 1000 ਦੀ ਆ-ਬਾਦੀ ਦੀ ਜ਼ਿੰਮੇਂਵਾਰੀ ਸੌਂਪੀ ਹੋਈ ਹੈ।

ਅਤੇ ਸ਼ਹਿਰਾਂ 'ਚ 1500 ਦੀ ਆਬਾਦੀ ਪਿੱਛੇ ਇੱਕ ਆਸ਼ਾ ਵਰਕਰ ਤਾਇਨਾਤ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਇਸ ਮੌਕੇ ਕੋਵਿਡ-19 ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਸ਼ੱਕੀ ਮਰੀਜ਼ ਦੀ ਪੜਤਾਲ ਲਈ 530 ਆਸ਼ਾ ਵਰਕਰ ਪੂਰੀ ਲਗਨ ਨਾਲ ਕੰਮ ਕਰ ਰਹੀਆਂ ਹਨ। ਇਹ ਵਰਕਰਾਂ ਘਰ-ਘਰ ਜਾ ਕੇ ਸਭ ਤੋਂ ਪਹਿਲਾਂ ਪਰਿਵਾਰਿਕ ਮੈਂਬਰਾਂ ਦੀ ਜਾਣਕਾਰੀ ਇਕੱਤਰ ਕਰਦੀਆਂ ਹਨ, ਫ਼ਿਰ ਉਨ੍ਹਾਂ 'ਚੋਂ ਕਿਸੇ ਨੂੰ ਵੀ ਕੋਵਿਡ ਅਤੇ ਫ਼ਲੂ ਦੇ ਪੰਜ ਲੱਛਣ ਜਿਨ੍ਹਾਂ 'ਚ ਤੇਜ਼ ਬੁਖਾਰ, ਖੰਘ, ਸਾਹ ਲੈਣ 'ਚ ਤਕਲੀਫ਼, ਜ਼ੁਕਾਮ, ਗਲਾ ਖਰਾਬ ਆਦਿ ਬਾਰੇ ਪੁੱਛਿਆ ਜਾਂਦਾ ਹੈ ਅਤੇ ਉਸ ਸਬੰਧੀ ਐਸ ਐਮ ਓਜ਼ ਰਾਹੀਂ ਸਿਵਲ ਸਰਜਨ ਦਫ਼ਤਰ ਰਿ-ਪੋਰਟ ਭੇਜੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਕਿਸੇ ਘਰ 'ਚ ਐਸ ਐਮ ਓ ਨੂੰ ਕੋਈ ਮਰੀਜ਼ ਕੋਵਿਡ-19 ਦੇ ਸ਼ੱਕੀ ਮਰੀਜ਼ ਦੇ ਲੱਛਣਾਂ ਵਾਲਾ ਜਾਪਦਾ ਹੈ ਤਾਂ ਤੁਰੰਤ ਉਸ ਦੀ ਜਾਂਚ ਰੈਪਿਡ ਰਿਸਪੌਂਸ ਟੀਮ ਪਾਸੋਂ ਕਰਵਾਈ ਜਾਂਦੀ ਹੈ ਅਤੇ ਲੋੜ ਪੈਣ 'ਤੇ ਤੁਰੰਤ ਸੈਂਪਲਿੰਗ ਟੀਮ ਪਾਸੋਂ ਟੈਸਟ ਕਰਵਾਇਆ ਜਾਂਦਾ ਹੈ।

# ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਤਨਖਾਹਾਂ 'ਚ ਕਟੋਤੀ ਕਰਨ ਦੀ ਬਜਾਏ ਇੱਕ ਤੋਂ ਵੱਧ ਪੈਨਸ਼ਨ ਲੈ ਰਹੇ ਵਿਧਾਇਕ ਤੇ ਸਾਂਸਦ ਦੀ ਪੈਨਸ਼ਨ ਕਟੌਤੀ ਕਰੇ-ਬਸਪਾ ਆਗੂ

**ਫਗਵਾੜਾ (ਬੀ.ਕੇ.ਰੱਤੂ)** ਪੰਜਾਬ ਸਰਕਾਰ ਮੁਲਾਜ਼ਮਾਂ ਦੀ ਤਨਖਾਹ 'ਚ ਕਟੋਤੀ ਕਰਨ ਦੀ ਜਾਏ ਇੱਕ ਤੋਂ ਵੱਧ ਪੈਨਸ਼ਨ ਲੈ ਰਹੇ ਵਿਧਾਇਕ ਤੇ ਸਾਂਸਦ ਆਪਣੀ ਪੈਨਸ਼ਨ ਕੋਰੋਨਾ ਮਹਾਂਮਾਰੀ ਨਾਲ ਲੜਨ ੫ ਸਾਲ ਲਈ ਸਰਕਾਰ ਨੂੰ ਦੇਣ।ਉਕਤ ਵਿਚਾਰਾਂ ਦਾ ਪ੍ਰਗਟਾਵਾ ਬਸਪਾ ਪੰਜਾਬ ਦੇ ਸੀਨੀਅਰ ਆਗੂ ਮਾ.ਹਰਭਜਨ ਸਿੰਘ ਬਲਾਲੋਂ,ਹਲਕਾ ਪ੍ਰਧਾਨ ਚਿਰੰਜੀ ਲਾਲ ਕਾਲਾ ਤੇ ਜਿਲ੍ਹਾ ਜਨਰਲ ਸਕੱਤਰ ਐਡਵੋਕੇਟ ਕੁਲਦੀਪ ਭੱਟੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ।ਉਕਤ ਆਗੂਆਂ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਦੀ ਜ਼ੇਬ 'ਤੇ ਡਾਕਾ ਮਾਰਨ ਦੀ ਬਜਾਏ ਇੱਕ ਤੋਂ ਵੱਧ ਪੈਨਸ਼ਨ ਲੈ ਰਹੇ ਪੰਜਾਬ ਸਾਰੇ ਵਿਧਾਇਕ ਤੇ ਸਾਂਸਦ ਦੀ ਪੈਨਸ਼ਨਾਂ ਦੀ ਕਟੌਤੀ ਕਰਕੇ ਕੋਰੋਨਾ ਮਹਾਂਮਾਰੀ ਨਾਲ ਪੀੜਤਾਂ



ਦੇ ਇਲਾਜ਼ ਲਈ ਲਗਾਈ ਜਾਵੇ।ਬਲਾਲੋਂ,ਕਾਲਾ ਤੇ ਐਡਵੋਕੇਟ ਭੱਟੀ ਨੇ ਕਿਹਾ ਕਿ ਪੰਜਾਬ ਸਰਕਾਰ ਵਿਸ਼ੇਸ਼ ਤੋਰ 'ਤੇ ਕੋਰੋਨਾ ਪੀੜਤਾਂ ਦੇ ਇਲਾਜ਼ 'ਚ ਜੁਟੇ ਡਾਕਟਰਾਂ,ਪੰਜਾਬ ਪੁਲਿਸ ਦੇ ਮੁਲਾਜ਼ਮਾਂ ਅਤੇ ਸਫਾਈ ਸੇਵਕਾਂ ਨੂੰ ਸਮੇਂ-ਸਮੇਂ ਸਿਰ ਤਨਖਾਹ ਦੇਣ ਦੇ ਨਾਲ-ਨਾਲ ਬੋਨਸ ਵੀ ਤਰੁੰਤ ਦੇਵੇ ਤਾਂ ਜੋ ਆਂਪਣੀ ਜ਼ਿੰਦਗੀ ਨੂੰ ਦਾਅ 'ਤੇ ਲਾ ਕੇ ਪੰਜਾਬ ਵਾਸੀਆਂ ਨੂੰ ਕੋਰੋਨਾ ਮਹਾਂਮਾਰੀ ਤੋਂ ਬਚਾਉਣ ਲਈ ਅਹਿਮ ਰੋਲ ਅਦਾ ਕਰ ਰਹੇ ਹਨ।ਉਕਤ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਲਾਕਡਾਊਨ ਦੇ ਚੱਲਦਿਆਂ ਆਪਣੇ ਕੰਮਕਾਰ ਬੰਦ ਕਰਕੇ ਘਰ'ਚ ਬੈਠੇ ਗਰੀਬ,ਲੋੜਵੰਦਾਂ ਅਤੇ ਮੱਧਮ ਵਰਗ ਲਈ ਵਿਸ਼ੇਸ਼ ਪੈਕੇਜ ਦਾ ਐਲਾਨ ਵੀ ਕਰੇ।ਇਸ ਮੌਕੇ ਜ਼ੋਨ ਇੰਚਾਰਜ਼ ਲੇਖਰਜ ਜਮਾਲਪੁਰ,ਵਿਧਾਨ ਸਭਾ ਦੇ ਇੰਚਾਰਜ਼ ਮਨੋਹਰ ਲਾਲ ਜੂੱਖ, ਸ਼ਿਕਾਇਤ ਨਿਵਾਰਣ ਕਮੇਟੀ ਦੇ ਮੈਂਬਰ ਪ੍ਰਮਜੀਤ ਖਲਵਾੜਾ, ਤਰਸੇਮ ਚੁੰਬਰ, ਸੀਮਾ ਰਾਣੀ ਬਲਾਕ ਸੰਮਤੀ ਮੈਂਬਰ, ਪੁਸ਼ਪਿੰਦਰ ਕੋਰ ਅਠੋਲੀ, ਪ੍ਰਨੀਸ਼ ਬੰਗਾ ਆਦਿ ਨੇ ਵੀ ਮੁਲਾਜ਼ਮਾਂ ਦੀਆਂ ਤਨਖਾਹਾਂ 'ਚ ਕਟੋਤੀ ਕਰਨ ਦੇ ਫੈਸਲੇ ਦੀ ਨਿਖੇਧੀ ਕਰਦਿਆਂ ਕੈਪਟਨ ਸਰਕਾਰ ਤੋਂ ਮੰਗ ਕੀਤੀ ਕਿ ਇਸ ਔਖੀ ਘੜੀ 'ਚ ਮੁਲਾਜ਼ਮਾਂ ਤੇ ਲੋੜਵੰਦਾਂ ਦੀਆਂ ਸਮੱਸਿਆਵਾਂ ਹੱਲ ਕਰਨ ਵੱਲ ਵਿਸ਼ੇਸ਼ ਧਿਆਨ ਦੇਵੇ।

# ਬੈਂਕਾਂ ਅੱਗੇ ਗਰੀਬ, ਮਜ਼ਦੂਰਾਂ, ਔਰਤਾਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ

**ਮਾਨਸਾ–** ਦੇਸ਼ ਅੰਦਰ ਭਾਵੇਂ ਕੋਈ ਕਨੂੰਨ ਬਦਲੇ ਜਾਂ ਫਿਰ ਕੋਰੋਨਾ ਵਰਗੀ ਭਿਆਨਕ ਬਿਮਾਰੀ ਦਾ ਆਉਣਾ ਦੇਸ਼ ਦੇ ਗਰੀਬ ਮਜ਼ਦੂਰਾਂ ਮੱਧਵਰਗੀ ਲੋਕਾਂ ਦੀ ਜਾਨ ਕੜਿੱਕੀ ਵਿੱਚ ਆ ਜਾਂਦੀ ਹੈ। ਉਹ ਸਮਾਂ ਸੀ ਜਦ ਕੇਂਦਰ ਸਰਾਕਾਰ ਵੱਲੋਂ ਦੇਸ਼ ਅੰਦਰ ਨੋਟਬੰਦੀ ਦਾ ਫੈਸਲਾ ਆਇਆ ਸੀ, ਇੱਕ ਅੱਜ ਦਾ ਸਮਾਂ ਜੋ ਬਿਨਾਂ ਉਲੀਕੇ ਦੇਸ਼ ਦੇ ਲੋਕਾਂ ਨੂੰ ਕੋਰੋਨਾ ਬਿਮਾਰੀ ਤੋਂ ਬਚਾਉਣ ਲਈ ਦੇਸ਼ ਨੂੰ ਲੌਕਡਾਊਨ ਕੀਤਾ ਗਿਆ ਹੈ। ਲੋਕਾਂ ਨੂੰ ਬਿਮਾਰੀ ਤੋਂ ਬਚਣ ਲਈ ਮੂੰਹ 'ਤੇ ਮਾਸਕ ਬੰਨਣ੍ਹ ਤੇ ਆਪਸੀ ਦੂਰੀ ਬਣਾਉਣ ਲਈ ਕਿਹਾ ਗਿਆ ਪਰ ਐਸਬੀਆਈ ਅਤੇ ਯੂਕੋ ਬੈਂਕ ਦੀ ਬਰਾਂਚ ਅੱਗੇ ਲੰਮੀਆਂ ਕਤਾਰਾਂ 'ਚ ਖੜ੍ਹੇ ਲੋਕ ਪੁਲਿਸ ਮੁਲਾਜ਼ਮਾਂ ਦੀ ਝਾੜ-ਝੰਬ ਝੱਲ੍ਹ ਰਹੇ ਹਨ। ਬੈਂਕ ਅਧਿਕਾਰੀਆਂ ਵੱਲੋਂ ਸੌ ਮੀਟਰ ਦੂਰੀ ਤੱਕ ਨਿਸ਼ਾਨ ਲਗਾ ਕੇ ਗ੍ਰਾਹਕਾਂ ਨੂੰ ਖੜ੍ਹੇ ਹੋਣ ਲਈ ਕਿਹਾ ਗਿਆ, ਸਵੇਰੇ ਤੋਂ ਆਈਆਂ ਔਰਤਾਂ, ਮਰਦ ਧੁੱਪ ਵਿੱਚ ਖੜ੍ਹੇ ਆਪਣੀ ਬਾਰੀ ਦੀ ਉਡੀਕ ਕਰਦੇ ਰਹੇ। ਮਜ਼ਦੂਰ ਔਰਤ ਬੰਤ ਕੌਰ ਦਾ ਕਹਿਣਾ ਹੈ ਕਿ ਮੈਂ ਸਵੇਰ ਤੋਂ ਬੈਂਕ 'ਚ ਪੈਸੇ ਲੈਣ ਆਈ ਹਾਂ, ਸੁਣਿਆਂ ਹੈ ਮੇਰੇ ਖਾਤੇ ਵਿੱਚ ਮੋਦੀ ਸਰਕਾਰ ਨੇ ਪੰਜ ਸੌ ਰੁਪੈ ਪਾਏ ਹਨ ਜੇ ਨਾ ਕਢਵਾਏ ਤਾਂ ਵਾਪਿਸ ਚਲੇ ਜਾਣਗੇ। ਮਜ਼ਦੂਰ ਦਾਤੀ ਸਿੰਘ ਨੇ ਦੱਸਿਆ ਉਸਨੂੰ ਮਜ਼ਦੂਰ ਲਾਭਪਾਤਰੀ ਕਾਰਡ ਦੇ ਪੈਸੇ ਆਏ ਹਨ।




ਜਰਨੈਲ ਸਿੰਘ ਨੇ ਕਿਹਾ ਕਿ ਉਸਨੂੰ ਤਾਂ ਕੋਈ ਸਰਕਾਰੀ ਸਹਾਇਤਾ ਨਹੀਂ ਆਈ ਉਹ ਆਪਣੇ ਗੁਜ਼ਾਰੇ ਲਈ ਪੈਸੇ ਲੈਣ ਆਇਆ। ਇਸ ਤਰ੍ਹਾਂ ਬੁਢਾਪਾ, ਅੰਗਹੀਣ ਪੈਨਸ਼ਨ, ਸਿਲੰਡਰ ਸਬਸਿਡੀ ਦੇ ਪੈਸੇ ਕਢਵਾਉਣ ਵਾਲੀਆਂ ਔਰਤਾਂ ਦਾ ਭਰਵਾਂ ਇਕੱਠ ਵੇਖਿਆ ਜਾ ਸਕਦਾ ਸੀ।ਯੂਕੋ ਬੈਂਕ ਬਰਾਂਚ ਭੀਖੀ ਦੇ ਮੁੱਖ ਪ੍ਰਬੰਧਕ ਸ੍ਰੀ ਨਵਦੀਪ ਬਾਘਲਾ ਨੇ ਦੱਸਿਆ ਕਿ ਲੋਕ ਕਿਸੇ ਵਹਿਮ ਦਾ ਸ਼ਿਕਾਰ ਹੋ ਗਏ ਹਨ, ਕਿ ਜੋ ਵੀ ਕੇਂਦਰ ਸਰਕਾਰ ਵੱਲੋਂ ਸਹਾਇਤਾ ਰਾਸ਼ੀ ਉਹਨਾਂ ਖਾਤੇ ਵਿੱਚ ਆਈ ਹੈ, ਜੇ ਕਢਵਾਈ ਤਾਂ ਵਾਪਿਸ ਚਲੀ ਜਾਵੇਗੀ।

ਇਸ ਤਰ੍ਹਾਂ ਕਦੇ ਵੀ ਨਹੀਂ ਹੁੰਦਾ ਆਉਣ ਵਾਲੇ ਦਿਨਾਂ 'ਚ ਰਾਹਤ ਮਿਲਣ 'ਤੇ ਗ੍ਰਾਹਕ ਆਪਣੇ ਪੈਸੇ ਕਢਵਾ ਸਕਦੇ ਹਨ।ਫੋਟੋ ਕੈਪਸ਼ਨ:ਯੂਕੇ ਬੈਂਕ ਬ੍ਰਾਂਚ ਭੀਖੀ ਅੱਗੇ ਲੰਮੀਆਂ ਕਤਾਰਾਂ 'ਚ ਖੜ੍ਹੀਆਂ ਔਰਤਾਂ।

**– ਕਰਨ ਸਿੰਘ ਭੀਖੀ**



ਬਲਵੰਤ ਗਾਰਗੀ (ਆਰਟ: ਜਨਮੇਜਾ ਜੌਹਲ janmeja@gmail.com)

# ਕੇਂਦਰ ਸਰਕਾਰ ਆਸ਼ਾ ਵਰਕਰ ਫੈਸੀਲੇਟਰਾਂ ਨਾਲ ਕਰ ਰਹੀ ਹੈ ਮਤਰੇਈ ਮਾਂ ਵਾਲਾ ਵਤੀਰਾ-ਪੁਸ਼ਪਿੰਦਰ ਕੋਰ-ਕੁਲਵਿੰਦਰ ਕੋਰ

**ਫਗਵਾੜਾ (ਬੀ.ਕੇ.ਰੱਤੂ)** ਕੋਰੋਨਾ ਵਾਇਰਸ ਦੀ ਭਿਆਨਕ ਮਹਾਂਮਾਰੀ ਸਬੰਧੀ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ,ਮਰੀਜ਼ਾਂ ਦੀ ਸਿਹਤ ਸਬੰਧੀ ਪਤਾ ਕਰਨਾ ਸ਼ੱਕੀ ਮਰੀਜ਼ਾਂ ਬਾਰੇ ਜਾਣਕਾਰੀ ਹਾਸਲ ਕਰਨ ਵਾਲੀਆ ਪੇਂਡੂ ਤੇ ਸ਼ਹਿਰੀ ਆਸ਼ਾ ਵਰਕਰ ਨਾਲ ਕੇਂਦਰ ਸਰਕਾਰ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਆਸ਼ਾ ਵਰਕਰ ਪਾਂਸ਼ਟਾ ਬਲਾਕ ਦੀ ਪ੍ਰਧਾਨ ਪੁਸ਼ਪਿੰਦਰ ਕੋਰ ਤੇ ਅਰਬਨ ਦੀ ਪ੍ਰਧਾਨ ਕੁਲਵਿੰਦਰ ਕੋਰ ਨੇ ਕੀਤਾ।ਪੁਸ਼ਪਿੰਦਰ ਕੋਰ ਤੇ ਕੁਲਵਿੰਦਰ ਕੋਰ ਨੇ ਦੱਸਿਆ ਕਿ ਆਸ਼ਾ ਵਰਕਰਾਂ ਨੂੰ ਪ੍ਰਤੀ ਦਿਨ ੩੦ ਰੁਪਏ ਅਤੇ



ਇੱਕ ਘਰ ਦਾ ਇੱਕ ਰੁਪਇਆ ਦਿੱਤਾ ਜਾ ਰਿਹਾ ਹੈ। ਜੋ ਆਸ਼ਾ ਵਰਕਰ ਨਾਲ ਕੋਝਾ ਮਜ਼ਾਕ ਹੈ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਆਸ਼ਾ ਵਰਕਰਾਂ ਤੇ ਫੈਸੀਲੇਟਰਾਂ ਨੂੰ ਪ੍ਰਤੀ ਦਿਨ ੫੦੦ ਰੁਪਏ ਦਿੱਤਾ ਜਾਵੇ।ਆਸ਼ਾ ਵਰਕਰਾਂ ਨੂੰ ਪੱਕੀ ਤਨਖਾਹ ਤੇ ਬਣਦੇ ਮਾਣ ਭੱਤੇ ਨੂੰ ਦੁੱਗਣਾ ਕੀਤਾ ਜਾਵੇ। ਆਸ਼ਾ ਵਰਕਰਾਂ ਨੂੰ ਸਰਵੇ ਕਰਦੇ ਸਮੇਂ ਜਰੂਰੀ ਸਮਾਨ ਤੇ ਸੇਫਟੀ ਕਿੱਟਾਂ ਜਲਦ ਤੋਂ ਜਲਦ ਮੁਹੱਈਆਂ ਕਰਵਾਇਆ ਜਾਣ। ਇਸ ਮੌਕੇ ਆਸ਼ਾ ਰਾਣੀ, ਹਰਵਿੰਦਰ ਕੋਰ, ਮੀਨਾ ਰਾਣੀ, ਅਨੀਤਾ, ਰਜਿਦਰਪਾਲ, ਅਨੁਰਾਧਾ, ਗੁਰਮੀਤ, ਪ੍ਰਮਜੀਤ, ਸਵਿਤਾ ਆਦਿ ਸ਼ਾਮਲ ਸਨ।

# ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਯੂਨਿਟ ਫਗਵਾੜਾ ਨੇ ਚੰਡੀਗੜ੍ਹ ਚ ਪੱਤਰਕਾਰ ਨਾਲ ਬਦਸਲੂਕੀ ਦੀ ਕੀਤੀ ਨਿਖੇਧੀ

**ਫਗਵਾੜਾ (ਬੀ.ਕੇ.ਰੱਤੂ)–** ਸ੍ਰ ਮਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀ ਸੂਬੇ ਦੀ ਸਿਰਮੌਰ ਪੱਤਰਕਾਰ ਜੱਥੇਬੰਦੀ ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਦੀ ਯੂਨਿਟ ਫਗਵਾੜਾ ਦੇ ਸਮੂਹ ਅਹੁਦੇਦਾਰ ਪੱਤਰਕਾਰ ਭਾਈਚਾਰੇ ਵਲੋਂ ਪ੍ਰਧਾਨ ਡਾ.ਰਮਨ ਸ਼ਰਮਾ ਦੀ ਅਗਵਾਈ ਹੇਠ ਪੱਤਰਕਾਰ ਦਵਿੰਦਰਪਾਲ ਨਾਲ ਚੰਡੀਗੜ ਪੁਲਿਸ ਦੇ ਐਸ.ਐਚ.ਓ. ਵੱਲੋਂ ਕੀਤੀ ਬਦਸਲੂਕੀ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਇਸ ਸਰਪ੍ਰਸਤ ਕੇ.ਐਸ.ਨੂਰ, ਚੇਅਰਮੈਨ ਪਵਿੱਤਰ ਸਿੰਘ, ਬਲਵੀਰ ਬਹੂਆਂ, ਸੀ.ਮੀਤ ਪ੍ਰਧਾਨ ਬੀਕੇ ਰੱਤੂ, ਮੀਤ ਪ੍ਰਧਾਨ ਮਨਜੀਤ ਰਾਮ, ਜਰਨਲ ਸਕੱਤਰ ਪਰਮਿੰਦਰ ਸਿੰਘ, ਮੀਤ ਜਰਨਲ ਸਕੱਤਰ ਯਤਿਨ ਸ਼ਰਮਾ, ਵਿਜੇਪਾਲ ਸਿੰਘ ਤੇਜੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਾਜ਼ਰ ਪੱਤਰਕਾਰ ਭਾਈਚਾਰੇ ਨੇ ਕਿਹਾ ਕਿ ਸੀਨੀਅਰ ਪੱਤਰਕਾਰ ਦਵਿੰਦਰਪਾਲ ਨਾਲ ਪੁਲਿਸ ਵੱਲੋਂ ਕੀਤੀ ਗਈ ਧੱਕੇਸ਼ਾਹੀ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਕਰਾਂਗੇ। ਉਨ੍ਹਾਂ ਅੱਗੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਇੱਕ ਪਾਸੇ ਤੇ ਜਿੱਥੇ ਦੇਸ਼ ਕੋਰੋਨਾ ਵਾਇਰਸ ਦੀ ਭਿਆਨਕ ਬਿਮਾਰੀ ਨਾਲ ਲੜ ਰਿਹਾ ਹੈ ਉਥੇ ਹੀ ਦੂਜੇ ਪਾਸੇ ਸਿਹਤ ਵਿਭਾਗ, ਸਫ਼ਾਈ ਕਰਮਚਾਰੀ, ਪੱਤਰਕਾਰ ਭਾਈਚਾਰਾ ਆਪਣੇ ਅੱਗੇ ਨਜ਼ਰ ਆ ਰਹੀ ਮੌਤ ਦੀ ਬਿਨ੍ਹਾਂ ਪ੍ਰਵਾਹ ਕੀਤੇ ਪੰਜਾਬ ਸਰਕਾਰ ਦਾ ਸਹਿਯੋਗ ਕਰ ਰਿਹਾ ਹੈ ਪਰ ਪੁਲਿਸ ਪ੍ਰਸ਼ਾਸਨ ਦੇ ਇੱਕ ਅਧਿਕਾਰੀ ਵਲੋਂ ਇਹੋ ਜਿਹੀ ਘਨੌਣੀ ਹਰਕਤ ਕਰਨ ਨਾਲ ਇਸ ਦੁੱਖ ਦੀ ਘੜੀ ਵਿੱਚ ਸਮਾਜ ਅਤੇ ਪੰਜਾਬ ਸਰਕਾਰ ਦਾ ਸਹਿਯੋਗ ਕਰ ਰਹੇ ਪੱਤਰਕਾਰ ਭਾਈਚਾਰੇ ਦਾ ਹੌਸਲਾ ਵੱਧਣ ਦੀ ਪਸਤ ਹੋਇਆ ਹੈ।




ਪੱਤਰਕਾਰ ਭਾਈਚਾਰੇ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਪੁਲਿਸ ਦੇ ਉਕਤ ਅਧਿਕਾਰੀ ਨੂੰ ਡਿਸਮਿਸ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਅੱਗੇ ਤੋਂ ਇਹੋ ਜਿਹੇ ਘਟੀਆ ਮਾਨਸਿਕਤਾ ਵਾਲੇ ਲੋਕ ਸਮਾਜ ਨਿਸ਼ਕਾਮ ਸੇਵਾ ਨਿਭਾਅ ਰਹੇ ਸੱਚੇ ਦੇਸ਼ ਭਗਤਾਂ ਨਾਲ ਬਦਸਲੂਕੀ ਨਾ ਕਰ ਸੱਕਣ।

# ਹਨ੍ਹੇਰੇ 'ਚ ਚਾਨਣ ਵੰਡਣ ਵਾਲਾ ਸੂਫ਼ੀ ਕ੍ਰਾਂਤੀਕਾਰੀ ਗਾਇਕ: 'ਧਰਮਿੰਦਰ ਮਸਾਣੀ'

ਅਜੋਕੇ ਦੌਰ ਵਿੱਚ ਪੰਜਾਬੀ ਗਾਇਕੀ ਵਿੱਚੋਂ ਜ਼ਮੀਨੀ ਹਕੀਕਤਾਂ, ਤਰਕ, ਬੌਧਕਿਤਾ, ਨੈਤਿਕ ਕਦਰਾਂ-ਕੀਮਤਾਂ, ਆਸ-ਉਮੀਦ ਅਤੇ ਇਨਸਾਨੀਅਤ ਮਨਫੀ ਹੋ ਰਹੀ ਹੈ। ਬਹੁਤੇ ਗਾਇਕ ਅਨ-ਜਾਣਪੁਣੇ ਵਿੱਚ ਹੀ ਨਸ਼ਿਆਂ, ਮਾਰ-ਧਾੜ ਅਤੇ ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲੇ ਗੀਤ ਗਾਈ ਜਾ ਰਹੇ ਹਨ । ਪਰ ਕੁਝ ਲੋਕ-ਗਾਇਕ ਅਜੇ ਵੀ ਸਮੇਂ ਦੀ ਨਬਜ਼ ਪਛਾਣ ਕੇ ਗਾ ਰਹੇ ਹਨ । ਉਹ ਲੋਕ-ਗਾਇਕ ਜ਼ਮੀਨੀ ਹਕੀਕਤਾਂ ਨੂੰ ਬਿਆਨ ਕਰਦੇ ਹੋਏ ਜਨਤਾ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਆਪਣੇ ਗਾਇਕੀ ਰਾਹੀਂ ਅਵਾਜ਼ ਉਠਾ ਰਹੇ ਹਨ । ਅਜਿਹਾ ਹੀ ਨ੍ਹੇਰੇ ਵਿੱਚ ਚਾਨਣ ਵੰਡਣ ਵਾਲਾ ਲੋਕ-ਗਾਇਕ ਹੈ 'ਧਰਮਿੰਦਰ ਮਸਾਣੀ' । ਉਹ ਲੋਕਾਂ ਦੇ ਮੁੱਦਿਆਂ ਲਈ ਅਵਾਜ਼ ਉਠਾਉਣ ਦੇ ਨਾ.ਲ-ਨਾ.ਲ ਉਹਨਾਂ ਨੂੰ ਸੰਗਰਾਮ ਕਰਕੇ ਕੁਝ ਰਾਹਤ ਪ੍ਰਾਪਤ ਕਰਨ ਦਾ ਸੁਨੇਹਾ ਵੀ ਦਿੰਦਾ ਹੈ । ਉਹ ਸਮੇਂ ਦੀ ਨਬਜ਼ ਪਛਾਣ ਕੇ ਕਿਰਤੀਆਂ ਦੇ ਹੱਕ ਵਿੱਚ ਗੀਤ ਗਾਉਣ ਵਾਲਾ ਲੋਕ-ਗਾਇਕ ਹੈ । ਉਸਦਾ ਅਜੋਕੇ ਸਮੇਂ ਵਿੱਚ 'ਕਰੋਨਾ ਵਾਈਰਸ ਕਰਕੇ ਬਣੇ ਹਾਲਾਤਾਂ' ਨੂੰ ਬਿਆਨ ਕਰਦਾ ਗਾਇਆ ਅਤੇ ਜੋ ਅਮੋਲਕ ਸਿੰਘ ਦਾ ਲਿਖਿਆ ਗੀਤ ਹੈ

* ਕਿ ਮਾਰ ਕਰੋਨਾ ਕਾਰਨ ਧਰਤੀ ਬਣ ਗਈ ਮੜ੍ਹੀ-ਮਸਾਣਾਂ,

* ਨਾ ਕੋਈ ਗ.ਲ ਲਗ ਕੇ ਰੋਵੇ ਨਾ ਹੀ ਢੁੱਕਣ ਮਕਾਨਾਂ,

* ਕੇਹੀ ਆਈ ਰੁੱਤ ਵੈਣਾਂ ਦੀ ਧਰਤੀ-ਅੰਬਰ ਰੋਏ ।

* ਬਸ ਇੱਕ ਇਨਸਾਨ ਸਸਤਾ ਹੋਇਆ ਸਭ ਕੁਝ ਮਹਿੰਗਾ ਹੋਏ।"

* ਧਰਮਿੰਦਰ ਮਸਾਣੀ ਦਾ ਜਨਮ 30 ਅਪ੍ਰੈਲ 1982 ਨੂੰ ਪਿਤਾ ਗੁਰਮੇਲ ਸਿੰਘ ਮਾਤਾ ਸ਼੍ਰੀਮਤੀ ਗੁਰਬਖਸ਼ ਕੌਰ ਦੇ ਘਰ ਪਿੰਡ ਮਸਾਣੀ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਸਨੇ ਸਰਕ-ਾਰੀ ਸੀਨੀਅਰ ਸੈਕੰਡਰੀ ਸਕੂਲ ਮਸਾਣੀ ਤੋਂ ਦਸਵੀਂ ਤੱਕ ਦੀ ਪੜ੍ਹਾਈ ਕੀਤੀ ।



ਉਚੇਰੀ ਸਿੱਖਿਆ ਉਸਨੇ ਅਮਰਦੀਪ ਕਾਲਜ ਮੁਕੰਦਪੁਰ ਤੋਂ ਕੀਤੀ।

ਕਾਲਜ ਵਿੱਚ ਹੀ ਉਸਨੂੰ ਚੰਗੀ ਅਤੇ ਲੋਕ ਪੱਖੀ ਗਾਇਕੀ ਕਰਕੇ ਉਸਤਾਦ ਪ੍ਰੋ. ਸ਼ਮਸ਼ਾਦ ਅਲੀ ਖਾਂ, ਵੱਡੇ ਵਿਦਵਾਨ ਪ੍ਰਿੰਸੀਪਲ ਸੁਰਜੀਤ ਸਿੰਘ ਭੱਟੀ ਅਤੇ ਉੱਘੇ ਖੇਡ ਪ੍ਰਮੋਟਰ ਪ੍ਰਿੰਸੀਪਲ ਸਰਵਣ ਸਿੰਘ ਵਰਗੇ ਚਾਨਣ ਮੁਨਾਰੇ ਮਿਲੇ। ਉਸਨੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾ) ਪੰਜਾਬ, ਭਾਈ ਮੰਨਾ ਸਿੰਘ, ਭੈਣ ਜੀ ਸੁਮਨ ਲਤਾ ਅਤੇ ਪ੍ਰਗਤੀ ਕਲਾ ਕੇਂਦਰ (ਲਾਂਦਰਾ) ਵੱਲੋਂ ਰੰਗ ਮੰਚ ਵੀ ਕੀਤਾ ।

ਉਸਨੂੰ ਹੁਣ ਤੱਕ ਬਾਬਾ ਯਮਲਾ ਜੱਟ ਯਾਦਗਾਰੀ ਐਵਾਰਡ, ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਸੁਰ-ਸੰਗੀਤ ਐਵਾਰਡ, ਸੁਰ-ਸੰਗਮ ਐਵਾਰਡ, ਸੰਗੀਤ ਸਮਰਾਟ ਐਵਾਰਡ, ਮੌਲਾਬਾਦ ਤੋਂ ਸਨਮਾਨ ਅਤੇ ਹੋਰ ਕਈ ਮਾਣ-ਸਨਮਾਨ ਮਿਲ ਚੁੱਕੇ ਹਨ । ਉਹ ਇਹਨਾਂ ਸਭ ਮਾਣਾਂ-ਸਨਮਾਨਾਂ ਪਿੱਛੇ ਉਸਤਾਦ ਪ੍ਰੋ. ਸ਼ਮਸ਼ਾਦ ਅਲੀ ਖਾਂ ਦਾ ਅਸ਼ੀਰਵਾਦ ਹੀ ਮੰਨਦਾ ਹੈ।

**ਪੇਸ਼ਕਸ਼ :– ਰਾਜ ਗੋਗਨਾ**

### 30 ਅਪਰੈਲ ਜਨਮ ਦਿਨ 'ਤੇ

# ਖ਼ਾਰੇ ਵਾਲੀ ਬੀੜ ਦੇ ਉਤਾਰਕ, ਭਾਈ ਬੰਨੋ ਜੀ

ਰਮੇਸ਼ ਬੱਗਾ ਚੋਹਲਾ
91-94631-32719

ਪੰਚਮ ਪਾਤਸ਼ਾਹ ਸ੍ਰੀ ਗੁਰੁ ਅਰਜਨ ਦੇਵ ਜੀ ਨੇ ਜਿਹੜਾ ਅਧਿਆਤਮਿਕ ਭੋਜਨ ਦਾ ਥਾਲ (ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ) ਸਜਾ ਕੇ ਦਿੱਤਾ ਹੈ ਇਹ ਉਨ੍ਹਾਂ ਦੀ ਇੱਕ ਵੱਡਮੁੱਲੀ ਅਤੇ ਵਿਸ਼ੇਸ਼ ਦੇਣ ਹੈ।ਇਹ ਦੇਣ ਜਿਥੇ ਗੁਰੂ ਸਾਹਿਬ ਦੇ ਇੱਕ ਯੋਗ ਸੰਪਾਦਕ, ਮਹਾਨ ਵਿਦਵਾਨ ਅਤੇ ਉੱਚਕੋਟੀ ਦੇ ਕਵੀ ਹੋਣ ਦੀ ਹਾਮੀ ਭਰਦੀ ਹੈ ਉੱਥੇ ਉਨ੍ਹਾਂ ਦੇ ਵਿੱਥ ਰਹਿਤ ਅਤੇ ਸਮਸਰ ਨਜ਼ਰੀਏ ਦੇ ਧਾਰਣੀ ਹੋਣ ਦੀ ਗਵਾਹੀ ਵੀ ਦਿੰਦੀ ਹੈ।

ਵਿਸ਼ਾਲ ਅਤੇ ਕਮਾਲ ਨਜ਼ਰੀਏ ਨਾਲ ਸਜਾਏ ਇਸ ਅਧਿਆਤਮਿਕ ਥਾਲ ਵਿਚ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤ (ਉੱਚਾ ਤੇ ਸੁੱਚਾ ਆਚਰਣ) ਸੰਤੋਖ (ਦੁਨਿਆਵੀ ਦਾਤਾਂ ਤੋਂ ਤ੍ਰਿਪਤੀ) ਅਤੇ ਵੀਚਾਰ (ਆਤਮਿਕ ਗਿਆਨ) ਦੇ ਨਾਲ-ਨਾਲ ਪ੍ਰਭੂ ਦਾ ਅੰਮ੍ਰਿਤਮਈ ਅਤੇ ਸਦੀਵੀ ਨਾਮ ਵੀ ਪਰੋਸਿਆ ਹੈ। ਰੂਹਾਂ ਦੇ ਰੱਜ ਲਈ ਸਜਾਏ ਇਸ ਬੇਸ਼ਕੀਮਤੀ ਥਾਲ ਬਾਬਤ ਗੁਰੂ ਸਾਹਿਬ ਦਾ ਇਹ ਦਾਅਵਾ ਹੈ ਕਿ ਜੇਕਰ ਕੋਈ ਸ਼ਰਧਾ-ਭਾਵਨਾ ਨਾਲ ਇਸ ਆਤਮਿਕ ਭੋਜਨ ਦਾ ਸੇਵਨ ਕਰਕੇ ਉਸ ਨੂੰ ਪਚਾਵੇਗਾ ਭਾਵ ਹਿਰਦੇ ਵਿਚ ਵਸਾਵੇਗਾ ਉਸ ਦਾ ਲੋਕ ਸੁਖੀਆ ਅਤੇ ਪ੍ਰਲੋਕ ਸੁਹੇਲਾ ਹੋ ਜਾਵੇਗਾ।



ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਇਸ ਥਾਲ ਨੂੰ ਸਜਾਉਣ ਲਈ ਜਿਥੇ ਪੰਚਮ ਪਾਤਸ਼ਾਹ ਦਾ ਆਪਣਾ ਇੱਕ ਅਹਿਮਤਰੀਨ ਯੋਗਦਾਨ ਹੈ ਉੱਥੇ ਭਾਈ ਗੁਰਦਾਸ ਜੀ,ਬਾਬਾ ਬੁੱਢਾ ਸਾਹਿਬ ਅਤੇ ਨਗਰ ਖਾਰਾ ਦੇ ਨਿਵਾਸੀ ਭਾਈ ਬੰਨੋ ਜੀ ਅਦਿ ਦਾ ਵੀ ਵਿਸ਼ੇਸ਼ ਸਹਿਯੋਗ ਹੈ।

ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਅਥਾਹ ਸ਼ਰਧਾ ਰੱਖਣ ਵਾਲੇ ਭਾਈ ਬੰਨੋ ਜੀ ਦਾ ਜਨਮ ਵਿਸਾਖ ਸੁਦੀ 13 ਸੰਮਤ 1615 ਬਿਕ੍ਰਮੀ (30 ਅਪ੍ਰੈਲ 1558 ਈ.) ਨੂੰ ਭਾਈ ਬਿਸ਼ਨ ਚੰਦ/ਦੇਵ ਦੇ ਗ੍ਰਹਿ ਪਿੰਡ ਖਾਰਾ ਮਾਂਗਟ (ਗੁ-ਜਰਾਤ) ਵਿਖੇ ਹੋਇਆ। ਭਾਈ ਸਾਹਿਬ ਭਾਟੀਆ (ਖੱਤਰੀ) ਭਾਈਚਾਰੇ ਨਾਲ ਸੰਬੰਧ ਰੱਖਦੇ ਸਨ। ਭਾਈ ਬੰਨੋ ਦੇ ਤਿੰਨ ਭਰਾ ਭਾਈ ਫੇਰੂ, ਭਾਈ ਗੁਰਦਿੱਤਾ ਅਤੇ ਭਾਈ ਹਰੀ ਜੀ ਸਨ।ਜਿਸ ਪਿੰਡ ਵਿਚ ਭਾਈ ਸਾਹਿਬ ਦਾ ਜਨਮ ਹੋਇਆ ਉਹ ਸਿਰਫ ਨਾਮ ਦਾ ਹੀ ਖਾਰਾ ਨਹੀਂ ਸੀ ਸਗੋਂ ਉਸ ਦਾ ਪਾਣੀ ਵੀ ਅਤਿ ਦਾ ਖਾਰਾ ਸੀ। ਪੀਣ ਦੇ ਯੋਗ ਨਾ ਹੋਣ ਕਾਰਨ ਪਿੰਡ ਵਾਸੀਆਂ ਨੂੰ ਦੂਰ-ਦੁਰਾਡੇ ਤੋਂ ਪਾਣੀ ਦੀ ਲੋੜ ਪੂਰੀ ਕਰਨੀ ਪੈਂਦੀ ਸੀ।

ਭਾਈ ਬੰਨੋ ਦਾ ਵਿਆਹ ਚੇਤ ਸੁਦੀ 7 ਸੰਮਤ 1933 ਨੂੰ ਪਿੰਡ ਮਾਨੋ ਚੱਕ ਦੇ ਵਸਨੀਕ ਦਿਆਲ ਚੰਦ ਸਾਵੜਾ ਦੀ ਬੇਟੀ ਸੁਰੰਗੀ ਜਿਨ੍ਹਾਂ ਨੂੰ ਬੀਬੀ ਰੱਜੀ ਵੀ ਕਿਹਾ ਜਾਂਦਾ ਸੀ, ਨਾਲ ਹੋਇਆ। ਨੇਕ ਸੁਭਾਅ ਦੀ ਸੁਆਣੀ ਹੋਣ ਕਰਕੇ ਪਿੰਡ ਦੇ ਲੋਕ ਉਸ ਨੂੰ 'ਮਾਈ ਰੱਜੀ ਪਰਦੇ ਕੱਜੀ' ਕਿਹਾ ਕਰਦੇ ਸਨ। ਭਾਈ ਸਾਹਿਬ ਨੂੰ ਗੁਰਮਿਤ ਦਾ ਪਾਠ ਪੜ੍ਹਾਉਣ ਵਾਲੀ ਸੁਰੰਗੀ ਉਰਫ਼ ਬੀਬੀ ਰੱਜੀ ਹੀ ਸੀ।

ਭਾਈ ਬੰਨੋ ਦੇ ਘਰ ਅੱਠ ਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਮ ਹਨ-ਮੱਲ, ਟੱਲ, ਤਾਰਾ, ਦਵਾਰਕਾ, ਲੱਖੂ, ਬੱਖੂ, ਉੱਤਮ ਅਤੇ ਬੱਧੂ। ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਭਾਈ ਬੰਨੋ ਨੇ ਇਨ੍ਹਾਂ ਸਾਰਿਆਂ ਨੂੰ ਅਧਿਆਤਮਿਕ ਪੜ੍ਹਾਈ ਵੀ ਕਰਵਾਈ ਪਰ ਪਦਾਰਥਵਾਦੀ ਬਿਰਤੀ ਭਾਰੂ ਹੋਣ ਕਰਕੇ ਇਹ ਭਾਈ ਸਾਹਿਬ ਕੋਲੋਂ ਵੱਖਰੀ ਧੰਨ-ਸੰਪਤੀ ਦੀ ਆਸ ਕਰਨ ਲੱਗ ਪਏ। ਭਾਈ ਬੰਨੋ ਨੇ ਇਨ੍ਹਾਂ ਨੂੰ ਸਮਝਾਇਆ ਕਿ ਸਿੱਖੀ ਅਤੇ ਸੰਪਤੀ ਦੋਵੇਂ ਇੱਕ ਥਾਂ 'ਤੇ ਨਹੀਂ ਟਿੱਕ ਸਕਦੀਆਂ। ਪੁੱਤਰ ਬਾਪੂ ਦੀ ਰਮਜ਼ ਨੂੰ ਸਮਝ ਗਏ ਅਤੇ ਰੱਬ ਦੀ ਰਜ਼ਾ ਵਿਚ ਰਾਜੀ ਰਹਿਣ ਲੱਗ ਪਏ।

ਜਦੋਂ ਸੰਮਤ 1645 ਵਿਚ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਖੁਦਾਈ ਕਰਵਾ ਰਹੇ ਸਨ ਤਾਂ ਉਸ ਸਮੇਂ ਭਾਈ ਬੰਨੋ ਜੀ ਸੰਗਤ ਸਮੇਤ ਦਰਸ਼ਨ ਕਰਨ ਲਈ ਆ ਗਏ।ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਉਹ ਉਥੋਂ ਦੇ ਹੀ ਹੋ ਕੇ ਰਹਿ ਗਏ। ਮਨ ਸਿਮਰਨ ਅਤੇ ਤਨ ਸੇਵਾ ਵਿਚ ਲਗਾ ਕੇ ਭਾਈ ਸਾਹਿਬ ਸਿੱਖੀ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਏ।ਸਿੱਖੀ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਵਿਸ਼ੇਸ਼ ਲਗਨ ਨੂੰ ਦੇਖ ਕੇ ਗੁਰੂ ਅਰਜਨ ਦੇਵ ਨੇ ਭਾਈ ਬੰਨੋ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਦਿੱਤਾ। ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਭਾਈ ਬੰਨੋ ਦੀ ਦੇਣ ਕਾਬਲ-ਏ-ਤਰੀਫ਼ ਹੈ। ਦੂਰ-ਦੁਰਾਡੇ ਦੇ ਇਲਾਕੇ ਵਿਚ ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਆਪਣੇ ਨਗਰ ਖਾਰੇ ਵਿਚ ਵੀ ਇੱਕ ਧਰਮਸ਼ਾਲਾ ਬਣਾਈ ਜਿਥੇ ਬੈਠਕੇ ਉਹ ਕਥਾ-ਕੀਰਤਨ ਦਾ ਆਖੰਡ ਪ੍ਰਵਾਹ ਚਲਾਉਂਦੇ ਸਨ।

ਗੁਰੂ ਅਰਜਨ ਦੇਵ ਜੀ ਭਾਈ ਬੰਨੋ ਨੂੰ ਰੱਜਵਾਂ ਮਾਣ ਤੇ ਸਤਿਕਾਰ ਦਿੰਦੇ ਸਨ। ਹਰਿਮੰਦਰ ਸਾਹਿਬ ਦੀ ਮੁਕੰਮਲਤਾ ਦੀ ਖ਼ੁਸ਼ੀ ਵਿਚ ਗੁਰੂ ਸਾਹਿਬ ਨੇ ਇੱਕ ਵਾਰ ਬ੍ਰਹਮ-ਭੋਜ (ਲੰਗਰ) ਤਿਆਰ ਕਰਵਾਇਆ। ਪੁਰਾਤਨੀ ਸੋਚ ਵਾਲੇ ਕੁੱਝ ਸਿੱਖਾਂ ਨੇ ਗੁਰੂ ਜੀ ਨੂੰ ਇਸ ਭੋਜ ਦਾ ਪਹਿਲਾ ਥਾਲ ਕਿਸੇ ਪੁਰੋਹਿਤ ਨੂੰ ਛਕਾਉਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਨੇ ਉਹ ਥਾਲ ਭਾਈ ਬੰਨੋ ਅੱਗੇ ਰੱਖ ਦਿੱਤਾ। ਇਸ ਗੱਲ ਦੀ ਗਵਾਹੀ ਭਾਈ ਜਵਾਹਰ ਸਿੰਘ ਨੇ ਆਪਣੀ ਪੁਸਤਕ 'ਭਾਈ ਬੰਨੋ ਪ੍ਰਕਾਸ਼' ਦੇ ਅਧਿਆਇ ਛੇਵੇਂ ਵਿਚ ਇਸ ਤਰ੍ਹਾਂ ਭਰੀ ਹੈ:-

'ਹਮਰੋ ਪ੍ਰੋਹਿਤ ਭਾਈ ਬੰਨੋ॥
ਸਭ ਸੰਗਤਿ ਤੁਮ ਸਤਿ ਕਰਿ ਮਾਨੋ॥

ਚਾਰ ਗੁਰੂ ਸਾਹਿਬਾਨ ਨੇ ਸਿੱਖੀ ਦੀ ਚੜ੍ਹਦੀਕਲਾ ਅਤੇ ਸਰਬਤ ਦੇ ਭਲੇ ਲਈ ਆਪਣੇ-ਆਪਣੇ ਸਮੇਂ ਵਿਚ ਬਾਣੀ (ਪੋਥੀ ਦੇ ਰੂਪ ਵਿਚ) ਰਚ ਕੇ ਸਾਰਥਿਕ ਅਤੇ ਸਦੀਵੀਂ ਯੋਗਦਾਨ ਪਾਇਆ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਯੋਗਦਾਨ ਨੂੰ ਪੱਕੇ ਪੈਰੀਂ ਕਰਨ ਹਿੱਤ ਇੱਕ ਵੱਡ-ਅਕਾਰੀ ਅਤੇ ਮਿਆਰੀ ਗ੍ਰੰਥ ਦੀ ਸੰਪਾਦਨਾ ਦਾ ਪ੍ਰੋਗਰਾਮ ਬਣਾਇਆ। ਇਸ ਪ੍ਰੋਗਰਾਮ ਦਾ ਉਦੇਸ਼ ਗੁਰੂ ਸਾਹਿਬਾਨ ਦੀਆਂ ਰੱਬੀ-ਰਚਨਾਵਾਂ ਦੀ ਸਾਂਭ-ਸੰਭਾਲ ਤੋਂ ਇਲਾਵਾ ਗੁਰਮਿਤ ਦੀ ਕਸਵੱਟੀ 'ਤੇ ਖ਼ਰੀਆਂ ਉਤਰਨ ਵਾਲੀਆਂ ਭਗਤਾਂ,ਭੱਟਾਂ ਅਤੇ ਗੁਰੂ-ਘਰ ਨਾਲ ਨੇੜਤਾ ਰੱਖਣ ਵਾਲਿਆਂ ਸਿੱਖਾਂ ਦੀ ਰਚਨਾਵਾਂ ਨੂੰ ਸੰਭਾਲਣਾ ਵੀ ਸੀ।ਮਹਾਨਤਾ ਅਤੇ ਵਿਦ-ਵਾਨਤਾ ਵਾਲੇ ਇਸ ਕਾਰਜ ਲਈ ਪੰਚਮ ਪਾਤਸ਼ਾਹ ਨੇ ਰਾਮਸਰ ਨਾਮ ਦੇ ਇਕਾਂਤਕ ਸਥਾਨ ਦੀ ਚੋਣ ਕੀਤੀ ਅਤੇ ਕਾਗਜ਼-ਕਲਮ ਮੰਗਵਾਕੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਨਿਯੁਕਤ ਕਰ ਦਿੱਤਾ। ਇਸ ਤਰ੍ਹਾਂ ਗੁਰਬਾਣੀ/ਬਾਣੀ ਸੰਗ੍ਰਿਹ ਅਤੇ ਸੰਪਾਦਨ ਦਾ ਇਹ ਕਾਰਜ ਲਗਭਗ ਪੌਣੇ ਕੁ ਦੋ ਸਾਲ ਵਿਚ ਸੰਪੂਰਨ ਹੋ ਗਿਆ।

ਬੀੜ ਦੀ ਤਿਆਰੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਬੜੀ ਸ਼ਿੱਦਤ ਨਾਲ ਇਸ ਦੀ ਹਿਫ਼ਾਜਤ ਦੀ ਲੋੜ ਨੂੰ ਮਹਿਸੂਸ ਕੀਤਾ ਜੋ ਕਿ ਇੱਕ ਮਜਬੂਤ ਅਤੇ ਸੁੰਦਰ ਜਿਲਦ ਨਾਲ ਹੀ ਹੋ ਸਕਦੀ ਸੀ। ਗੁਰੂ ਸਾਹਿਬ ਅਜੇ ਇਸ ਬਾਰੇ ਸੋਚ ਹੀ ਰਹੇ ਸਨ ਕਿ ਅਚਾਨਕ ਭਾਈ ਬੰਨੋ ਜੀ ਖਾਰੇ ਵਾਲੇ ਉੱਥੇ ਪਹੁੰਚ ਗਏ। ਅੰਮ੍ਰਿਤਸਰ ਨਗਰ ਅਜੇ ਨਵਾਂ-ਨਵਾਂ ਵੱਸਿਆ ਸੀ ਜਿਸ ਕਰਕੇ ਜਿਲਦਸਾਜ਼ੀ ਦਾ ਕੰਮ ਇਥੇ ਨਹੀਂ ਸੀ ਹੁੰਦਾ। ਇਸ ਕੰਮ ਲਈ ਲਾਹੌਰ ਜਾਂ ਦਿੱਲੀ ਜਾਣਾ ਪੈਣਾ ਸੀ। ਇਹ ਸੇਵਾ ਭਾਈ ਬੰਨੋ ਨੂੰ ਸੌਂਪਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ,'ਇਸ ਬੀੜ (ਜੋ ਵੱਖ-ਵੱਖ ਸੈਂਚੀਆਂ ਦੇ ਰੂਪ ਵਿਚ ਸੀ) ਨੂੰ ਆਪਣੇ ਨਗਰ ਖਾਰੇ ਲੈ ਜਾਉ ਅਤੇ ਮੁੜਦੇ ਹੋਏ ਲਾਹੌਰ ਤੋਂ ਇੱਕ ਚੰਗੀ ਅਤੇ ਟਿਕਾਊ ਜਿਲਦ ਬੰਨ੍ਹਵਾ ਲਿਆਉ।' ਭਾਈ ਬੰਨੋ ਨੇ ਗੁਰ ਸਾਹਿਬ ਦੇ ਬਚਨ ਨੂੰ ਸਤਿ ਕਰਕੇ ਜਾਣਿਆਂ ਅਤੇ ਨਾਲ ਹੀ ਇਸ ਬੀੜ ਦਾ ਇੱਕ ਹੋਰ ਉਤਾਰਾ ਕਰਨ ਦੀ ਆਗਿਆ ਵੀ ਲੈ ਲਈ।

ਗੁਰੂ ਸਾਹਿਬ ਦੇ ਹੁਕਮ ਨਾਲ ਭਾਈ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਲਈ ਅਤੇ ਸੰਗਤ ਸਮੇਤ ਅੰਮ੍ਰਿਤਸਰ ਤੋਂ ਆਪਣੇ ਨਗਰ ਖਾਰੇ ਨੂੰ ਚੱਲ ਪਏ। ਲਾਹੌਰ ਪਹੁੰਚ ਕੇ ਦਰਿਆ ਰਾਵੀ ਦੇ ਕਿਨਾਰੇ ਇੱਕ ਇਕਾਂਤ ਸਥਾਨ 'ਤੇ ਬੈਠ ਕੇ ਉਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦਾ ਉਤਾਰਾ ਕਰਨਾ ਆਰੰਭ ਦਿੱਤਾ।ਪਰ ਜਵਾਹਰ ਸਿੰਘ ਦੇ ਮੁਤਾਬਿਕ ਇਹ ਕਾਰਜ ਉਨ੍ਹਾਂ ਨੇ ਰਸਤੇ ਵਿਚ ਪੜਾਅ ਕਰਕੇ ਹੀ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਨਗਰ ਖਾਰੇ ਵਿਚ ਪਹੁੰਚਣ ਅਤੇ ਉੱਥੋਂ ਲਾਹੌਰ ਮੁੜਦੇ ਸਮੇਂ ਤੱਕ ਭਾਈ ਬੰਨੋ ਦੇ ਓਦਮ ਸਦਕਾ ਆਦਿ ਗ੍ਰੰਥ ਸਾਹਿਬ ਦੀ ਇੱਕ ਹੋਰ ਬੀੜ ਤਿਆਰ ਹੋ ਗਈ,ਜਿਹੜੀ ਖਾਰੇ ਵਾਲੀ ਜਾਂ ਖਾਰੀ ਬੀੜ ਦੇ ਨਾਮ ਨਾਲ ਜਾਣੀ ਜਾਂਦੀ ਹੈ।ਇਸ ਤੋਂ ਬਾਅਦ ਭਾਈ ਸਾਹਿਬ ਲਾਹੌਰ ਪਹੁੰਚ ਗਏ ਅਤੇ ਉਨ੍ਹਾਂ ਨੇ ਇੱਕ ਚੰਗੇ ਜਿਲਦਸਾਜ਼ ਤੋਂ ਦੋਵਾਂ ਪਵਿੱਤਰ ਬੀੜਾਂ ਦੀਆਂ ਪੱਕੀਆਂ ਜਿਲਦਾਂ ਬੰਨ੍ਹਵਾ ਲਈਆਂ।



ਇਸ ਕਾਰਜ ਦੀ ਸਿੱਧੀ ਤੋਂ ਬਾਅਦ ਭਾਈ ਬੰਨੋ ਜੀ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚ ਗਏ ਅਤੇ ਉਨ੍ਹਾਂ ਨੇ ਦੋਵੇਂ ਬੀੜਾਂ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀਆਂ। ਗੁਰੂ ਜੀ ਉਨ੍ਹਾਂ ਬੀੜਾਂ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਨਾਲ ਬਚਨ ਕੀਤਾ, 'ਭਾਈ ਬੰਨੋ, ਅਸੀਂ ਅਦਬ ਦੇ ਲਿਹਾਜ਼ ਨਾਲ ਇੱਕ ਬੀੜ ਹੀ ਕਾਇਮ ਰੱਖਣੀ ਚਾਹੁੰਦੇ ਸੀ ਪਰ ਹੁਣ ਤੂੰ ਪ੍ਰੇਮ ਅਤੇ ਲਗਨ ਨਾਲ ਇਸ ਦਾ ਦੂਜਾ ਉਤਾਰਾ ਕਰਵਾ ਲਿਆ ਹੈ ਇਸ ਲਈ ਹੁਣ ਇਹ ਬੀੜ ਇੱਕ ਨਹੀਂ ਰਹੇਗੀ ਸਗੋਂ ਇਸ ਦੀ ਅਨੇਕਾਂ ਪ੍ਰਤੀਆਂ ਤਿਆਰ ਹੋ ਕਿ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਪਾਸ ਪਹੁੰਚ ਜਾਣਗੀਆਂ।

ਗੁਰੂ ਸਾਹਿਬ ਦਾ ਇਹ ਬਚਨ ਅਟੱਲ ਸਾਬਤ ਹੋਇਆ 17ਵੀਂ ਅਤੇ 18ਵੀਂ ਸਦੀ ਵਿਚ ਇਸ ਬੀੜ ਦੇ ਅਨੇਕਾਂ ਉਤਾਰੇ ਹੋਏ ਜਿਨ੍ਹਾਂ ਨੂੰ ਸਿੱਖ ਸ਼ਰਧਾਲੂਆਂ ਵੱਲੋਂ ਬੜੇ ਪਿਆਰ ਤੇ ਸਤਿਕਾਰ ਨਾਲ ਪੜ੍ਹਿਆ/ਸੁਣਿਆ ਗਿਆ।

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਵਾਲੀ ਬੀੜ (ਆਦਿ ਗ੍ਰੰਥ ਸਾਹਿਬ) ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਿਤ ਕਰ ਦਿੱਤਾ ਅਤੇ ਦੂਜੀ (ਖਾਰੀ) ਬੀੜ ਉਪਰ ਆਪਣੇ ਦਸਤਖ਼ਤ ਕਰਕੇ ਭਾਈ ਬੰਨੋ ਜੀ ਨੂੰ ਬਖ਼ਸ਼ ਦਿੱਤੀ। ਭਾਈ ਸਾਹਿਬ ਉਹ ਬੀੜ ਲੈ ਕੇ ਆਪਣੇ ਨਗਰ ਖਾਰੇ ਮਾਂਗਟ ਚਲੇ ਗਏ, ਜਿਥੇ ਇਹ ਬੀੜ ਪਹਿਲਾਂ ਉਨ੍ਹਾਂ ਕੋਲ ਅਤੇ ਫਿਰ ਉਨ੍ਹਾਂ ਦੇ ਪਰਿਵਾਰ ਕੋਲ ਰਹੀ।

ਵੰਡ ਤੋਂ ਬਾਅਦ ਭਾਈ ਬੰਨੋ ਜੀ ਦਾ ਪਰਿਵਾਰ ਉੱਤਰ ਪ੍ਰਦੇਸ਼ ਦੇ ਨਗਰ ਬੜੌਤ ਵਿਚ ਆ ਵੱਸਿਆ। ਬਿਰਧ ਅਵਸਥਾ ਵਿਚ ਹੋਣ ਦੇ ਬਾਵਜੂਦ ਇਹ ਬੀੜ ਇਸ ਪਰਿਵਾਰ ਕੋਲ ਸੁਰੱਖਿਅਤ ਰਹੀ ਹੈ।

# ਉਹ ਪੰਜਾਬ ਅਤੇ ਇਹ ਪੰਜਾਬ

ਅੱਜ ਦਾ ਪੰਜਾਬ ਉਸ (ਪੁਰਾਤਨ) ਪੰਜਾਬ ਵਰਗਾ ਨਹੀਂ ਅਤੇ ਨਾ ਹੀ ਉਹੋ ਜਿਹੇ ਜਵਾਨ ਰਹੇ ਹਨ। ਪੰਜ ਦਰਿਆਵਾਂ ਵਾਲੇ ਪੰਜਾਬ ਦਾ ਇਕ ਵੱਖਰਾ ਹੀ ਮਾਣ ਅਤੇ ਤਾਣ ਸੀ ਪਰ ਇੱਕਵੀਂ ਸਦੀ ਦੇ ਪੰਜਾਬ ਵਿਚ ਬਹੁਤ ਕੁੱਝ ਨਿਵੇਕਲਾ ਅਤੇ ਨਿਆਰਾ ਹੈ।ਇਸ ਨਿਵੇਕਲਤਾ ਅਤੇ ਨਿਆਰਤਾ ਨੇ ਗੁਰੂਆਂ-ਪੀਰਾਂ, ਬੀਰ-ਬਹਾਦਰਾਂ ਅਤੇ ਅਣਖੀਲੇ ਪੰਜਾਬੀਆਂ ਦੇ ਪੰਜਾਬ ਕਈ ਪੱਖਾਂ ਢਾਹ ਲਾਈ ਹੈ। ੧੯੪੭ ਦੇ ਸਮੇਂ ਕੁੱਝ ਕੁ ਰਾਜਨੀਤੀਵਾਨਾਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖ਼ਾਤਿਰ ਪੰਜਾਬ ਦੀ ਧਰਤੀ ਨੂੰ ਲਹੂ ਲੁਹਣ ਕੀਤਾ ਸੀ ਅਤੇ ਆਪਣਿਆਂ ਨੂੰ ਆਪਣਿਆਂ (ਧਰਮ ਅਤੇ ਇਲਾਕੇ ਦੇ ਨਾਂਅ 'ਤੇ) ਤੋਂ ਤੋੜ੍ਹਨ ਅਤੇ ਵਿਛੋੜਨ ਦਾ ਕੋਝਾ ਜਤਨ ਕੀਤਾ ਸੀ। ਇਸ ਸਾਲ ਕ੍ਰਿਸ਼ਨ,ਮੁਹੰਮਦ ਤੇ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਨਜ਼ਰਅੰਦਾਜ਼ ਕਰਕੇ ਇਸ ਦੇ ਪੰਜ ਆਬਾਂ ਵਿਚ ਨਫ਼ਰਤ ਦਾ ਜ਼ਹਿਰ ਘੋਲ ਦਿੱਤਾ ਗਿਆ ਸੀ ਅਤੇ ਪੰਜਾਬ ਦੇ ਭੂਗੋਲਿਕ ਕਲਾਵੇ ਨੂੰ ਛੋਟਾ ਕਰ ਦਿੱਤਾ ਗਿਆ ਸੀ। ਇਸ ਚੰਦਰੀ ਘੜੀ ਮਨੁੱਖਤਾ ਦੇ ਹੋਏ ਘਾਣ ਨੂੰ ਦੇਖ ਕੇ ਪੰਜਾਬ ਲਹੂ ਦੇ ਅਥਰੂ ਰੋ ਰਿਹਾ ਸੀ ਪਰ ਰਾਜਨੀਤਕ ਲੋਕ ਰਾਜਸੀ ਲਾਹਾ ਲੈ ਰਹੇ ਸਨ।ਪੰਜਾਬ ਦੀ ਖੁਸ਼ਹਾਲੀ ਅਤੇ ਹਰਿਆਲੀ ਦਾ ਦਮ ਭਰਨ ਵਾਲੇ ਪੰਜਾਬ ਵਿਚਲੇ ਪੰਜਾਂ ਦਰਿਆਵਾਂ ਦਾ ਪਾਣੀ ਸੁੰਗੜ ਕੇ ਦੋ ਵੱਖਰੀਆਂ ਧਰਾਵਾਂ ਵਿਚ ਵਹਿਣ ਲੱਗਾ। ਇਕ ਧਾਰਾ ਪੱਛਮ ਵਿਚ ਵਹਿਣ ਲੱਗੀ ਅਤੇ ਦੂਸਰੀ ਪੂਰਬ ਵਿਚ।

ਇਸ ਵਖਰੇਵੇਂ ਅਤੇ ਸੁੰਗਰੇਵੇਂ ਨੂੰ ਪੰਜਾਬ ਅਜੇ ਭੁੱਲਿਆ ਨਹੀਂ ਸੀ ਕਿ ਤਕਰੀਬਨ ਦੋ ਦਹਾਕਿਆਂ (੧ ਨਵੰਬਰ ੧੯੬੬ ਵਿਚ) ਬਾਅਦ ਇਸ ਨੂੰ ਭਾਸ਼ਾਈ ਆਧਾਰ 'ਤੇ ਹੋਰ ਛਾਂਗ ਦਿੱਤਾ ਗਿਆ।ਪੰਜਾਬੀ ਸੂਬੇ ਦੇ ਨਾਮ 'ਤੇ ਪੰਜਾਬੀਅਤ ਦੇ ਵਿਹੜੇ ਵਿਚ ਵਿੱਥ ਦੀਆਂ ਦੋ ਹੋਰ ਲਕੀਰਾਂ ਖਿੱਚ ਕੇ ਦੋ ਹੋਰ ਸੂਬੇ ਹਰਿਆਣਾ ਅਤੇ ਹਿਮਾਚਲ ਤਿਆਰ ਕਰ ਦਿੱਤੇ ਗਏ। ਇੱਕ ਕੁੱਖ ਵਿਚੋਂ ਜਨਮ ਲੈ ਕੇ ਸਭਿਆਚਾਰਕ ਸਾਂਝ ਰੱਖਣ ਦੇ ਬਾਵਜੂਦ ਵੀ ਇਹ ਸੂਬੇ ਕਈ ਵਾਰ ਆਪਸ ਵਿਚ ਇੱਟ-ਖੜੱਕਾ ਲਗਾਈ ਰੱਖਦੇ ਹਨ।

ਸਿਰਫ਼ ਭੂਗੋਲਿਕ ਦੁਖ ਕਾਰਨ ਹੀ ਨਹੀਂ ਸਗੋਂ ਪੰਜਾਬ ਆਪਣੇ ਰਹਿਤਲ ਵਿਚ ਆਏ ਕੁੱਝ ਨਾਂਹ-ਪੱਖੀ ਰੁਝਾਨਾਂ ਕਾਰਨ ਵੀ ਅੱਖਾਂ ਭਰ ਲੈਂਦਾ ਹੈ। ਦੁੱਧ, ਘਿਓ ਅਤੇ ਮੱਖਣੀਆਂ ਦੇ ਸ਼ੌਕੀਨ ਪੰਜਾਬੀ ਹੁਣ ਛੇਵੇਂ ਦਰਿਆ (ਨਸ਼ਿਆਂ) ਦੇ ਵਹਿਣ ਵਿਚ ਵਹੀ ਜਾ ਰਹੇ ਹਨ। ਨਸ਼ਿਆਂ ਦੇ ਮਾਰੂ ਪ੍ਰਭਾਵਾਂ ਕਾਰਨ ਕਈ ਤਾਂ ਆਪਣੀਆਂ ਬੇਸ਼ਕੀਮਤੀ ਜ਼ਿੰਦਗੀਆਂ ਤੋਂ ਵੀ ਹੱਥ ਧੋਈ ਜਾ ਰਹੇ ਹਨ। ਮੱਲ ਅਖਾੜਿਆਂ ਵਿਚ ਮੱਲਾਂ ਮਾਰਨ ਵਾਲੇ ਪੰਜਾਬੀ ਗੱਭਰੂਆਂ ਦੀ ਦਿਨ-ਬ-ਦਿਨ ਨਿਘਰਦੀ ਜਾ ਰਹੀ ਹਾਲਤ ਨੂੰ ਦੇਖ ਪੰਜਾਬ ਸੱਚ-ਮੁੱਚ ਹੀ ਅੰਦਰੋ-ਬਾਹਰੋਂ ਦੁਖੀ ਹੈ।ਇਕ ਹਾਸੋਹੀਣੀ ਗੱਲ ਹੋਰ ਵੀ ਹੈ ਜਿਹੜੀ ਪੰਜਾਬ ਨੂੰ ਵਧੇਰੇ ਝੰਜੋੜਦੀ ਹੈ ਕਿ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਮੋੜ-ਚੌਰਾਹਿਆਂ 'ਤੇ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਵਾਲੇ ਲੋਕ ਹੀ ਪੰਜਾਬ ਨੂੰ ਨਸ਼ਾ-ਮੁਕਤ ਕਰਨ ਦੀਆਂ ਟਾਹਰਾਂ ਮਾਰਦੇ ਰਹਿੰਦੇ ਹਨ ਅਤੇ ਕੁੱਝ ਝੋਲੀ-ਚੁੱਕ ਕਿਸਮ ਦੇ ਲੋਕ ਉਨ੍ਹਾਂ ਦੀਆਂ ਤੁਗ਼ਲਕੀ ਟਾਹਰਾਂ ਦਾ ਹੁੰਗਾਰਾ (ਉਤਲੇ ਮਨੋਂ) ਭਰੀ ਜਾ ਰਹੇ। ਇਹ ਲੋਕ ਵਿਦਿਆਲਿਆਂ-ਮਹਾਂਵਿਦਿਆਲਿਆਂ ਵਿਚ ਪੜ੍ਹਨ ਵਾਲੇ ਪਾੜ੍ਹੇ-ਪਾੜ੍ਹੀਆਂ ਦੇ ਹੱਥਾਂ ਵਿਚ ਬੈਨਰ ਫੜ੍ਹਾ ਕੇ ਨਸ਼ਿਆਂ ਦੇ ਖਿਲਾਫ਼ ਰੈਲੀਆਂ ਤਾਂ ਕੱਢਵਾਈ ਜਾ ਰਹੇ ਹਨ ਪਰ ਬਿਮਾਰੀ ਦੇ ਅਸਲ ਕਾਰਨਾਂ ਨੂੰ (ਜਾਣ-ਬੁੱਝ ਕੇ) ਅੱਖੋਂ ਉਹਲੇ ਕਰਕੇ ਆਪਣੇ ਨੰਬਰ (ਕਾਗਜ਼ੀ) ਬਣਾਈ ਜਾ ਰਹੇ ਹਨ। ਪੰਜਾਬ ਨੂੰ ਪਤਾ ਹੈ ਕਿ ਚੋਰ ਚੋਰ ਕਹਿ ਕੇ ਬਹੁਤਾ ਰੌਲਾ ਪਾਉਣ ਵਾਲੇ ਇਹ ਲੋਕ ਅੰਦਰੋਂ ਚੋਰ ਦੀ ਮਾਂ ਦੇ ਹੀ ਹਿੱਤ ਪਾਲਦੇ ਹਨ ਅਤੇ ਬੁੱਕ ਭਰ-ਭਰ ਪੰਜਾਬੀਆਂ ਦੇ ਅੱਖੀਂ ਘੱਟਾ ਪਾਉਂਦੇ ਹਨ।

ਪੰਜਾਬ ਸਿਰਫ ਆਪਣੇ ਜਾਏ ਗੱਭਰੂਆਂ ਦੇ ਨਸ਼ੀਲੇਪਨ ਦੇ ਰੁਝਾਨ ਕਾਰਨ ਹੀ ਉਦਾਸ ਨਹੀਂ ਸਗੋਂ ਉਹ ਆਪਣੀਆਂ ਮੁਟਿਆਰਾਂ/ਧੀਆਂ ਵਿਚ ਆ ਰਹੇ ਨਾਕਾਰਾਤਮਕ ਬਦਲਾਵਾਂ ਕਾਰਨ ਵੀ ਨੈਣੋਂ ਨੀਰ ਵਹਾ ਰਿਹਾ ਹੈ। ਚਰਖੇ 'ਤੇ ਤੰਦ ਪਾ ਕੇ ਤ੍ਰਿੰਝਣਾਂ ਦੀ ਰੌਣਕ ਵਧਾਉਣ ਵਾਲੀਆਂ ਮੁਟਿਆਰਾਂ ਨਾ ਸਿਰਫ਼ ਕੱਤਣਾ ਹੀ ਭੁੱਲਦੀਆਂ ਜਾ ਰਹੀਆਂ ਹਨ ਸਗੋਂ ਲੁਧਿਆਣੇ ਨੱਚ ਕੇ ਜਲੰਧਰ ਤੱਕ ਧਮਕ ਪਾਉਣ ਦਾ ਹੁਨਰ ਵੀ ਗਵਾਈ ਜਾ ਰਹੀਆਂ ਹਨ। ਇਸ ਹੁਨਰ ਦੀ ਝਲਕ ਯੂਥ-ਫੈਸਟੀਵਲਾਂ ਦੇ ਮੌਕੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਸਟੇਜਾਂ ਉਪਰ ਤਾਂ ਦੇਖਣ ਨੂੰ ਮਿਲ ਜਾਂਦੀ ਹੈ ਪਰ ਗਿੱਧੇ ਦੇ ਖੁੱਲ੍ਹਿਆਂ ਪਿੜਾਂ ਵਿਚ ਅਲੋਪ ਹੋ ਗਈ ਹੈ। ਜਿਸ ਪੰਜਾਬ ਵਿਚ ਕਿਸੇ ਕੁੜੀ ਦੇ ਸਿਰ ਤੋਂ ਚੁੰਨੀ ਲਹਿ ਜਾਣ ਨੂੰ ਸਮਾਜਿਕ/ਸਭਿਆਚਾਰਕ ਮਾਣ-ਮਰਯਾਦਾ ਦੀ ਉਲੰਘਣਾ ਸਮਝਿਆ ਜਾਂਦਾ ਸੀ ਉਸੇ ਪੰਜਾਬ ਵਿਚ ਔਰਤਾਂ ਦਾ ਕੱਜਣ ਦਿਨੋਂ ਦਿਨ ਮਨਫ਼ੀ ਹੁੰਦਾ ਜਾ ਰਿਹਾ ਹੈ। ਫ਼ੈਸ਼ਨਪ੍ਰਸਤੀ ਦੇ ਨਾਮ 'ਤੇ ਸ਼ਰਮ-ਹਯਾ ਦੀਆਂ ਹੱਦਾਂ ਮੁਕਾਈਆਂ ਜਾ ਰਹੀਆਂ ਹਨ। ਮਹਿੰਗੇ ਪਹਿਰਾਵੇ ਫ਼ੁਕਰਪੰਥੀਆਂ ਨੂੰ ਫ਼ੁਕਰਪੁਣੇ ਦਾ ਪਾਠ ਪੜ੍ਹਾਉਂਦੇ ਹਨ ਅਤੇ ਇਸ ਪੜ੍ਹਾਈ ਸਦਕਾ ਕਈ ਵਾਰ ਉਹ ਅਨੈਤਿਕ ਵਿਹਾਰ ਨਾਲ ਵੀ ਨੱਥੇ ਜਾਂਦੇ ਹਨ।

ਮੁਹੱਬਤਾਂ ਦੇ ਮੌਸਮ ਵਾਲੇ ਪੰਜਾਬ ਵਿਚੋਂ ਮੁਹੱਬਤ ਘਟ ਰਹੀ ਹੈ ਅਤੇ ਬੇਗਾਨਗੀ ਦੀਆਂ ਕੰਧਾਂ ਉੱਚੀਆਂ ਹੋ ਰਹੀਆਂ ਹਨ। ਪਦਾਰਥਵਾਦੀ ਪਹੁੰਚ ਕਾਰਨ ਇਹ ਕੰਧਾਂ ਟੱਪਣੀਆਂ ਹੋਰ ਵੀ ਔਖੀਆਂ ਹੁੰਦੀਆਂ ਜਾ ਰਹੀਆਂ ਹਨ। ਆਪਸੀ ਰਿਸ਼ਤਿਆਂ ਵਿਚਲੀ ਰੂਹ ਮਰ ਰਹੀ ਹੈ ਜਿਸ ਕਾਰਨ ਮੇਲ-ਮਿਲਾਪ ਦੇ ਮੌਕੇ ਘੱਟ ਰਹੇ ਹਨ। ਇਨ੍ਹਾਂ ਮਾਇਨਸ ਹੁੰਦੇ ਜਾ ਰਹੇ ਮੌਕਿਆਂ ਉਪਰ ਜਦੋਂ ਕੋਈ ਗ਼ਿਲਾ-ਸ਼ਿਕਵਾ ਕਰਦਾ ਹੈ ਤਾਂ ਇਸ ਨੂੰ ਸਮੇਂ ਦੀ ਘਾਟ ਕਹਿ ਕੇ ਸੁਰਖ਼ਰੂ ਹੋਇਆ ਜਾਂਦਾ ਹੈ। ਇੱਕ-ਦੂਜੇ ਦੇ ਦੁੱਖ-ਸੁੱਖ ਦੀ ਭਾਈਵਾਲੀ ਹੁਣ ਰਸਮੀ ਜਿਹੀ ਹੋ ਕੇ ਰਹਿ ਗਈ ਹੈ। ਸਮੇਂ ਦਾ ਸੰਤਾਪ ਦੇਖੋ ਕਿਸੇ ਨਾਮੁਰਾਦ ਬਿਮਾਰੀ ਨਾਲ ਮਰ ਜਾਣ ਵਾਲਿਆਂ ਦੀਆਂ ਦੇਹਾਂ ਵਿਦਾਇਗੀ ਸਮੇਂ ਆਪਣਿਆਂ ਦੇ ਮੋਢਿਆਂ ਨੂੰ ਤਰਸ ਰਹੀਆਂ ਹਨ।ਮਰਨ ਵਾਲਿਆਂ ਦਾ ਆਤਮਿਕ ਸੁੱਖ ਮੰਗਣ ਵਾਲਿਆਂ ਦੀ ਆਪਣੀ ਆਤਮਾ ਮਰ ਰਹੀ ਹੈ। ਮਸ਼ੀਨੀਕਰਨ ਦੇ ਯੁੱਗ ਨੇ ਸਾਡੇ ਲਹੂ ਦੇ ਰਿਸ਼ਤਿਆਂ ਦਾ ਮਸ਼ੀਨੀਕਰਨ ਕਰ ਦਿੱਤਾ ਹੈ।

ਪੰਜਾਬ ਨੇ ਉਹ ਦਿਨ ਵੀ ਦੇਖੇ ਹਨ ਜਦੋਂ ਕਿਸੇ ਦੇ ਮਰ ਜਾਣ 'ਤੇ ਆਂਢ-ਗੁਆਂਢ ਦੇ ਚੁੱਲ੍ਹੇ ਵੀ ਠੰਢੇ ਹੋ ਜਾਂਦੇ ਸਨ ਪਰ ਹੁਣ ਤਾਂ ਪਰਿਵਾਰ ਵਾਲੇ ਭਾਣਾ ਮੰਨਣ ਦਾ ਬੱਲ ਹਾਸਲ ਕਰਨ ਲਈ (ਮਰਨ ਵਾਲੇ ਦਾ ਸਿਵਾ ਠੰਢਾ ਹੋਣ ਤੋਂ ਪਹਿਲਾਂ ਹੀ) ਰਸੋਈ ਵਾਲੇ ਸਿਲੰਡਰ ਨੂੰ ਆਨ ਕਰ ਦਿੰਦੇ ਹਨ। ਆਪਣੇ ਜੰਮਿਆਂ-ਜਾਇਆਂ ਦੇ ਇਸ ਨਿਰਮੋਹੀ ਵਰਤਾਓ ਕਾਰਨ ਨਾ ਸਿਰਫ਼ ਵਿਛੜੀ ਰੂਹ ਹੀ ਤੜਪਦੀ ਹੋਵੇਗੀ ਸਗੋਂ ਉਸ ਪੰਜਾਬ ਦੀ ਰੂਹ ਵੀ ਕੰਬ ਜਾਂਦੀ ਹੋਵੇਗੀ ਜਿਸ ਨੂੰ ਪੰਜ ਆਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**- ਰਮੇਸ਼ ਬੱਗਾ ਚੋਹਲਾ**

# ਪੁਰਾਤਨ ਵਿਰਾਸਤ ਤੇ ਸੱਭਿਆਚਾਰ ਨੂੰ ਸੰਭਾਲਣ ਵਾਲਾ "ਸਤਨਾਮ ਸਿੰਘ ਅਟਾਲ"



ਤਸਵਿੰਦਰ ਸਿੰਘ ਬੜੈਚ
91-98763-22677

ਪੰਜਾਬੀ ਸੱਭਿਆਚਾਰ ਦੇ ਸ਼ੁਦਾਈ ਅਕਸਰ ਹੀ ਦੇਖਣ ਨੂੰ ਮਿਲ ਜਾਂਦੇ ਹਨ ਜੋ ਅਲੋਪ ਹੋ ਰਹੀਆਂ ਵਿਰਾਸਤੀ ਚੀਜ਼ਾਂ ਨੂੰ ਸਾਂਭਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ। ਇਸੇ ਲੜੀ ਵਿੱਚ ਇਕ ਨਵਾਂ ਨਾਮ ਹੈ ਸਤਨਾਮ ਸਿੰਘ ਜੋ ਆਪਣੇ ਪਰਿਵਾਰ ਸਮੇਤ ਸਹੀਦਾਂ ਦੀ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਦੇ ਪਿੰਡ ਜੜਖੇਲਾ ਖੇੜੀ ਵਿੱਚ ਰਹਿ ਰਹੇ ਹਨ। ਸੰਨ 1978 ਵਿਚ ਪੈਂਦਾ ਹੋਇਆ ਸਤਨਾਮ ਸਿੰਘ ਪੁਰਾਤਨ ਵਸਤਾਂ ਦੇ ਸੰਗ੍ਰਹਿ ਕਰਤਾਵਾਂ ਵਿਚ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ। ਉਸਨੇ ਆਪਣੇ ਘਰ ਵਿਚ ਹੀ ਇੱਕ ਮਿੰਨੀ ਅਜਾਇਬ ਘਰ ਬਣਾਇਆ ਹੋਇਆ ਹੈ। ਜਿਸ ਵਿੱਚ ਬਹੁਤ ਹੀ ਰੇਅਰ ਅਜਿਹੀਆਂ ਪੁਰਾਤਨ ਵਸਤਾਂ ਜਿਹੜੀਆਂ ਕਿਤੇ ਕਿਤੇ ਹੀ ਦੇਖਣ ਨੂੰ ਮਿਲਦੀਆਂ ਹਨ, ਸਾਂਭ ਕੇ ਰੱਖੀਆਂ ਹੋਈਆਂ ਹਨ। ਜਿਨਾਂ ਨੂੰ ਲੋਕੀਂ ਦੂਰੋਂ-ਦੂਰੋਂ ਆ ਕੇ ਬੜੀ ਸੰਜੀਦਵੀ ਨਾਲ ਵੇਖਦੇ ਹਨ। ਉਸਦੇ ਮਿੰਨੀ ਅਜਾਇਬ ਘਰ ਵਿੱਚ ਰੱਥ, 70 ਦੇ ਦਹਾਕੇ ਦਾ ਕੁੱਬਾ ਗੱਡਾ, ਆਟਾ ਪੀਸਣ ਵਾਲੀ ਹੱਥ ਚੱਕੀ, ਸੂਤ ਦਾ ਬੁਣਿਆ ਝੋਲਾ, ਦੁੱਧ ਰਿੜਕਣ ਵਾਲੀ ਮਧਾਣੀ, ਪੀੜ੍ਹੀ, ਸੂਤ ਵਾਲਾ ਮੰਜਾ, ਨਮਾਰੀ ਪਲੰਘ, ਖੂਹ 'ਚੋਂ ਪਾਣੀ ਕੱਢਣ ਵਾਲਾ ਡੋਲ, ਆਰਾਮ ਕੁਰਸੀ, ਫੱਟੀ, ਸਲੇਟ, ਦਵਾਤ, ਚਿਮਟਾ, ਪਿੱਤਲ ਦੀਆਂ ਵਲਟੋਹੀਆਂ, ਪੁਰਾਤਨ ਕਾਲ ਦੇ ਸਿੱਕੇ, ਸੂਤ ਨਾਲ ਬੁਣੀਆਂ ਦਰੀਆਂ, ਹਲ, ਪੰਜਾਲੀ, ਖੂਹ ਦੀਆਂ ਟਿੰਡਾਂ, ਸਿਰ 'ਤੇ ਰੱਖਣ ਵਾਲਾ ਇਨੂੰਆ, ਬੱਚਿਆਂ ਦੀ ਖੇਡ ਪਰਤਾਪਾ, ਗਵਾਰਾ ਵੱਢਣ ਵਾਲੀ ਦਾਤੀ, ਝਰਨੀ, ਡੋਲੂ, ਡੋਰਹੀ, ਬੱਤੀਆਂ ਵਾਲਾ ਲੋਹੇ ਤੇ ਪਿੱਤਲ ਦਾ ਸਟੋਪ, ਗਾਂਧੀ ਚਰਖਾ, ਪਣਖ, ਤੇਲ ਪਾਉਣ ਵਾਲੀ ਕੀਪ, ਅਟੇਰਨੇ, ਕਪਾਹ ਵੇਲਣ ਵਾਲਾ ਵੇਲਣਾ, ਕਾਂਸੀ ਦੇ ਛੰਨੇ, ਗੋਹਲੇ, ਟੂੰਮਾਂ, ਟੂੰਮਾਂ ਰੱਖਣ ਵਾਲੇ ਬਕਸੇ, ਪਿੱਤਲ ਦ





ੇ ਚਮਚੇ, ਕੜਛੀਆਂ, ਕੇਤਲੀ, ਪਿੱਤਲ ਦੇ ਥਾਲ, ਕੰਗਣੀ ਵਾਲੇ ਗਿਲਾਸ, ਪਰਾਤਾਂ, ਸੁਰਾਹੀਆਂ, ਗੜਵੀਆਂ, ਫੁੱਲਦਾਨ, ਹੱਥ ਕਢਾਈ ਵਾਲੀਆਂ ਫੋਟੋਆਂ, ਸੰਧਾਰਾ ਲੈ ਕੇ ਜਾਣ ਵਾਲਾ ਲੋਹੇ ਦਾ ਪੀਪਾ, ਊਠ ਦੀ ਨਿਓਲ, ਸੇਵੀਆਂ ਵੱਟਣ ਵਾਲੀ ਜੰਡੀ, ਪੁਰਾਣੇ ਲੈਂਪ, ਪੁਰਾਣੇ ਜਮਾਨੇ ਦੀਆਂ ਲਾਲਟੈਣਾਂ, ਘੁਮਿਆਰਾਂ ਦੀਆਂ ਥਾਪੀਆਂ, ਮਿੱਟੀ ਦੇ ਭੜੋਲੇ ਸੰਭਾਲ ਕੇ ਹੋਏ ਹਨ। ਇਸ ਤੋਂ ਇਲਾਵਾ ਪੁਰਾਣੇ ਟੈਲੀਫੋਨ, ਖਰਲ, ਕੋਲਿਆ ਵਾਲੀ ਪ੍ਰੈਸ, ਪੁਰਾਣਾ ਮਾਈਕ, ਹੁੱਕੇ, ਭਾਰ ਤੋਲਣ ਵਾਲੇ ਵੱਟੇ, ਮਾਮ-ਜਿਸਤਾ, ਦਰੀਆਂ ਬੁਣਨ ਵਾਲੇ ਪੰਜੇ, ਚੱਕਲੇ ਵੇਲਣੇ, ਆਟਾ ਛਾਨਣ ਵਾਲੀਆਂ ਛਾਲਣੀਆਂ, ਛਾਲਣੇ, ਛੱਜ, ਪਟਾਰੀ, ਦੋ ਮੰਜਿਆਂ ਨੂੰ ਜੋੜ ਕੇ ਲੱਗਣ ਵਾਲਾ ਸਪੀਕਰ, ਤੱਕੜੀ, ਉਲਟਾਵਾਂ ਹਲ, ਬਾਲਟੀ, ਨਿਓਲੇ ਜਿੰਦਰੇ, ਪਾਣੀ ਗਰਮ ਕਰਨ ਵਾਲੀ ਗਾਗਰ, ਸੁਰਮੇਦਾਨੀਆਂ, ਖਰਖਰੇ, ਕੁੰਡੀਆਂ, ਕੱਦੂਕਸ, ਮੂੜ੍ਹਾ, ਬੋਹੀਏ, ਊਰੀ, ਬਲਦਾਂ ਦੀਆਂ ਟੱਲੀਆਂ, ਹਮੇਲਾਂ, ਕੱਤਣੀ, ਮਕਸੂਦ, ਘੋਟਣਾ, ਫੁਲਕਾਰੀ, ਬਾਗ, ਸੂਫ ਦਾ ਘੱਗਰਾ, ਝੂਲਾ,ਨਾਲੇ ਬੁਣਨ ਵਾਲਾ ਅੱਡਾ, ਪੀਂਘ ਵਾਲੀ ਫੱਟੀ, ਹੱਥ ਪੱਖੇ-ਪੱਖੀਆਂ, ਊਠ ਤੇ ਘੋੜੇ ਦੀਆਂ ਕਾਠੀਆਂ, ਜੱਗ, ਛਾਬਾ, ਹੱਥ ਖੱਡੀ ਵਾਲੀ ਨਾਲ, ਰਕਾਬਾਂ, ਰੋਟੀ ਰੱਖਣ ਵਾਲੇ ਡੱਬੇ, ਤੂੰਬਾ, ਬਲਦਾਂ ਦੀਆਂ ਛਿਕਲੀਆਂ, ਤਰਫਾਲੀ, ਉੱਖਲੀ-ਮੋਹਲਾ, ਬੇਬੇ ਦਾ ਸੰਦੂਕ, ਪੀੜ੍ਹਾ, ਟੇਪ ਰਿਕਾਰਡ, ਕੈਸਟਾਂ, ਟਿਊਬਾਂ ਵਾਲਾ ਰੇਡੀਓ, ਲੋਟਾ, ਬੱਤੀਆਂ ਵਾਲੇ ਦੀਵੇ, ਸਲੰਘ, ਤੰਗਲੀ, ਵੱਟਾਂ ਪਾਉਣ ਵਾਲਾ ਜਿੰਦਰਾ, ਸੁਹਾਗੀ, ਪਰਾਣੀ, ਖੁਰਪਾ-ਖੁਰਪੀ, ਕੱਪੜੇ ਰੱਖਣ ਵਾਲੀਆਂ ਟੋਕਰੀਆਂ ਵੀ ਉਸ ਕੋਲ ਮੌਜੂਦ ਹਨ। ਇਨ੍ਹਾਂ ਚੀਜ਼ਾਂ ਨੂੰ ਉਸ ਨੇ ਆਪਣੇ ਘਰ ਵਿੱਚ ਖੂਬਸੂਰਤ ਢੰਗ ਨਾਲ ਸਜਾਇਆ ਹੋਇਆ ਹੈ। ਜਿਨ੍ਹਾਂ ਨੂੰ ਵੇਖ ਕੇ ਰੂਹ ਖੁਸ਼ ਹੋ ਜਾਂਦੀ ਹੈ। ਉਸਨੇ ਇਹ ਪੁਰਾਤਨ ਵਸਤਾਂ ਸਮੁੱਚੇ ਰਾਜ ਅੰਦਰ ਘੁੰਮ-ਘੁੰਮ ਕੇ ਇਕੱਠੀਆਂ ਕੀਤੀਆਂ ਹਨ, ਉਸ ਦੀ ਮਿਹਨਤ ਦਾ ਹੀ ਨਤੀਜਾ ਹੈ ਕਿ ਅੱਜ ਜਦੋਂ ਵਧੇਰੇ ਤੋਂ ਜਿਆਦਾ ਨਵੀਂ ਪੀੜ੍ਹੀ ਨੂੰ ਇਨ੍ਹਾਂ ਚੀਜ਼ਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ,ਤਾਂ ਸਤਨਾਮ ਸਿੰਘ ਕੋਲ ਇਸ ਪੁਰਾਤਨ ਖਜ਼ਾਨੇ ਦਾ ਪੂਰਾ ਅਜਾਇਬ ਘਰ ਹੈ। ਉਸ ਦੇ ਦੱਸਣ ਮੁਤਾਬਿਕ ਉਸ ਨੂੰ ਇਹ ਭੰਡਾਰ ਸੰਗ੍ਰਹਿਤ ਕਰਨ ਵਿਚ ਕਰੀਬ ਵੀਹ ਸਾਲ ਲੱਗ ਗਏ।

ਮੇਰਾ ਸਲਾਮ ਹੈ ਸਤਨਾਮ ਸਿੰਘ ਅਟਾਲ ਨੂੰ ਜਿਸ ਨੇ ਇਸ ਮਹਿੰਗਾਈ ਦੇ ਯੁੱਗ ਵਿੱਚ ਵੀ ਇਨ੍ਹਾਂ ਪੁਰਾਤਨ ਵਸਤਾਂ ਨੂੰ ਸ਼ੌਕ ਵਜੋਂ ਸਾਂਭਿਆ ਹੋਇਆ ਹੈ। ਅਲੋਪ ਹੋ ਰਹੀਆਂ ਇਨ੍ਹਾਂ ਵਿਰਾਸਤੀ ਵਸਤੂਆਂ ਨੂੰ ਸੰਭਾਲਣ ਵਾਲੇ ਇਸ ਉੱਦਮੀ ਇਨਸਾਨ ਨੂੰ ਪਰਮਾਤਮਾ ਲੰਮੀ ਉਮਰ ਬਖ਼ਸੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਮਿਲਦੀ ਰਹੇ ਤੇ ਬਜ਼ੁਰਗਾਂ ਨੂੰ ਪੁਰਾਣੀਆਂ ਚੀਜ਼ਾਂ ਦਿਖਾ ਕੇ ਯਾਦਾਂ ਤਾਜ਼ੀਆਂ ਕਰਵਾਉਂਦਾ ਰਹੇ।

# ਸੋਮਣੀ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਕਸੇਲ ਪਿੰਡ ਵਾਲੇ

ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਦਾ ਜਨਮ 12 ਜੁਲਾਈ 1979 ਨੂੰ ਜਿਲ੍ਹਾ ਅੰਮ੍ਰਿਤਸਰ ਸਾਹਿਬ, ਅੱਜਕੱਲ ਜਿਲ੍ਹਾ ਤਰਨਤਾਰਨ ਦੇ ਪ੍ਰਸਿੱਧ ਪਿੰਡ ਕਸੇਲ ਵਿਖੇ ਮਾਤਾ ਜਾਗੀਰ ਕੌਰ ਦੀ ਕੁੱਖੋਂ ਪਿਤਾ ਗੁਰਦੀਪ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਹੋਇਆ। ਇਸ ਪਿੰਡ ਦੇ ਅਨੇਕ ਮਰਜੀਵੜੇ ਗਦਰ ਲਹਿਰ ਤੇ ਕ੍ਰਾਂਤੀਕਾਰੀ ਲਹਿਰ ਲਈ ਕੁਰਬਾਨ ਹੋਏ। ਪ੍ਰਸਿੱਧ ਸਾਹਿਤਕਾਰ ਪ੍ਰੋ. ਕਿਰਪਾਲ ਸਿੰਘ ਕਸੇਲ ਵੀ ਏਸੇ ਪਿੰਡ ਦੇ ਹਨ। ਕਵੀਸ਼ਰ ਗੁਰਸੇਵਕ ਸਿੰਘ ਦਾ ਬਚਪਨ ਵੀ ਏਸੇ ਪਿੰਡ ਵਿੱਚ ਬੀਤਿਆ। ਪੰਜਵੀਂ ਤੱਕ ਪੜ੍ਹਾਈ ਪਿੰਡ ਕਸੇਲ ਦੇ ਪ੍ਰਾਇਮਰੀ ਸਕੂਲ ਵਿਖੇ ਹੀ ਕੀਤੀ। ਸੰਨ 1990 ਦੇ ਕਰੀਬ ਪੰਜਾਬ ਦੇ ਵੱਖ-ਵੱਖ ਇਲਾਕਿਆਂ ਜਿਵੇਂ ਮਾਝਾ, ਮਾਲਵਾ, ਦੁਆਬਾ ਵਿਖੇ ਕਵੀਸ਼ਰੀ ਦਾ ਬਹੁਤ ਜੋਰ ਸੀ। ਮਾਝੇ ਵਿੱਚ ਕਵੀਸ਼ਰ ਜੋਗਾ ਸਿੰਘ ਜੋਗੀ, ਕਵੀਸ਼ਰ ਜਰਨੈਲ ਸਿੰਘ ਸਭਰਾ, ਕਵੀਸ਼ਰ ਨਿਰਮਲ ਸਿੰਘ ਚੋਹਲਾ, ਕਵੀਸ਼ਰ ਮੇਜਰ ਸਿੰਘ ਅਤੇ ਹੋਰ ਕਵੀਸ਼ਰ ਜਿੰਨਾਂ ਨੇ ਆਪਣੇ-ਆਪਣੇ ਇਲਾਕਿਆਂ 'ਚ ਕਵੀਸ਼ਰੀ ਕਲਾ ਨੂੰ ਪ੍ਰਫੁਲਿਤ ਕੀਤਾ, ਉਹਨਾਂ 'ਚ ਬਾਬੂ ਰਜਬ ਅਲੀ ਸਾਹੋਕੇ, ਕਰਨੈਲ ਸਿੰਘ ਪਾਰਸ ਰਾਮੂੰਵਾਲੀਏ ਤੇ ਹੋਰ ਪ੍ਰਸਿੱਧ ਕਵੀਸ਼ਰਾਂ ਦੇ ਨਾਮ ਆਉਂਦੇ ਹਨ, ਇਨਾਂ ਕਵੀਸ਼ਰੀ ਜਥਿਆਂ ਦੀ ਕਵੀਸ਼ਰੀ ਤੋਂ ਗੁਰਸੇਵਕ ਸਿੰਘ ਕਵੀਸ਼ਰ ਪ੍ਰਭਾਵਿਤ ਸੀ। ਪਿੰਡ ਕਸੇਲ ਵਿਖੇ ਸਾਲਾਨਾ ਮੇਲਾ ਲੱਗਦਾ ਸੀ ਜੋ ਕਿ ਹੁਣ ਵੀ ਤਿੰਨ ਦਿਨ ਵਿਸ਼ਾਲ ਸੰਗਤ ਦੇ ਇਕੱਠ ਨਾਲ ਭਰਦਾ ਹੈ, ਉਸ ਮੇਲੇ ਵਿੱਚ ਕਵੀਸ਼ਰ ਗੁਰਸੇਵਕ ਸਿੰਘ ਤਕਰੀਬਨ 14 ਕੁ ਸਾਲ ਦੀ ਉਮਰ ਵਿੱਚ ਕਵੀਸ਼ਰੀ ਸੁਣਦੇ ਰਹੇ ਤੇ ਮਨ ਵਿੱਚ ਵਿਚਾਰ ਆਉਣੇ ਕਿ ਮੈਂ ਵੀ ਇਹਨਾਂ ਵਰਗਾ ਕਵੀਸ਼ਰ ਬਣਾ। ਤੁਰੇ ਜਾਂਦਿਆ ਬੈਠਦਿਆਂ, ਉਠਦਿਆਂ ਅਨੇਕਾਂ ਕਵੀਸ਼ਰਾਂ ਦੀਆਂ ਕਵੀਸ਼ਰੀ ਕਵਿਤਾਵਾਂ ਮੂੰਹ ਵਿੱਚ ਗੁਣ ਗੁਣਾਉਣੀਆਂ ਕਵੀਸ਼ਰ ਗੁਰਸੇਵਕ ਸਿੰਘ ਦਾ ਸੁਭਾਅ ਬਣ ਚੁੱਕਾ ਸੀ ਤੇ ਕਵੀਸ਼ਰੀ ਦਾ ਅੰਤਾਂ ਦਾ ਸ਼ੌਕ ਸੀ। ਸਮੇਂ ਨੇ ਗੇੜ ਮਾਰਿਆ, ਸੰਨ 1994-95 ਵਿਚ ਗੁਰਸੇਵਕ ਸਿੰਘ ਨੂੰ ਆਪਣਾ ਪਿੰਡ ਕੁੱਝ ਕਾਰਨਾਂ ਕਰਕੇ ਛੱਡਣਾ ਪਿਆ ਤੇ ਸਾਰੇ ਸਮਾਨ ਸਮੇਤ ਘਰ ਨੂੰ ਜੰਦਰਾ ਲਗਾ ਕੇ ਲੁਧਿਆਣੇ ਜਿਲ੍ਹੇ ਵਿੱਚ ਪੈਂਦੇ ਪਿੰਡ ਸ੍ਰੀ ਭੈਣੀ ਸਾਹਿਬ ਵਿਖੇ ਪਰਿਵਾਰ ਸਮੇਤ ਰਹਿਣ ਲੱਗੇ। ਏਥੇ ਆ ਕੇ ਪਿੰਡ ਦੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਵਿਖੇ 10f2 ਤੱਕ ਪੜ੍ਹਾਈ ਕੀਤੀ। ਪਰ ਕਵੀਸ਼ਰੀ ਦਾ ਸ਼ੌਕ ਮਨ ਵਿੱਚ ਓਸੇ ਤਰ੍ਹਾਂ ਹੀ ਪ੍ਰਫੁੱਲਿਤ ਰਿਹਾ। ਸਕੂਲ ਵਿੱਚ ਪੜ੍ਹਦਿਆਂ ਕਈ ਵਾਰ ਗੀਤ ਗਾਉਣ ਦਾ ਮੌਕਾ ਮਿਲਣਾ, ਪੰਜਾਬੀ ਅਖਬਾਰ, ਪੰਜਾਬੀ ਮੈਗਜ਼ੀਨ, ਪੰਜਾਬੀ ਪੁਸਤਕਾਂ ਪੜ੍ਹਨ ਦਾ ਗੁਰਸੇਵਕ ਸਿੰਘ ਨੂੰ ਬਹੁਤ ਸ਼ੌਂਕ ਰਿਹਾ ਤੇ ਹੈ। ਸੰਨ 1997-98 ਵਿੱਚ ਕਵੀਸ਼ਰ ਗੁਰਸੇਵਕ ਸਿੰਘ ਨੇ ਪਹਿਲੀ ਕਵਿਤਾ 'ਤੀਰ ਬਿਰਹਾ ਦੇ ਜਾਣ ਨਾ ਸਹਾਰੇ' ਲਿਖੀ ਤੇ ਉਸਨੂੰ ਮੂੰਹ ਵਿੱਚ ਹਮੇਸ਼ਾਂ ਗੁਣ ਗੁਣਾਉਂਦੇ ਰਹਿਣਾ। ਸੰਨ 1998-99 ਵਿੱਚ ਕਵੀਸ਼ਰੀ ਕਲਾ ਦੇ ਮਹਾਨ ਉਸਤਾਦ ਕਵੀਸ਼ਰ ਜੀਵਨ ਸਿੰਘ ਜੀ ਨਾਲ ਕਵੀਸ਼ਰ ਗੁਰਸੇਵਕ ਸਿੰਘ ਹੁਣਾਂ ਦਾ ਮਿਲਾਪ



ਹੋਇਆ। ਜਿਸਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਕਵੀਸ਼ਰ ਨੂੰ ਕਵੀਸ਼ਰ ਗੁਰਸੇਵਕ ਸਿੰਘ ਨੇ ਆਪਣਾ ਉਸਤਾਦ ਧਾਰਨ ਕੀਤਾ ਤੇ ਉਨ੍ਹਾਂ ਤੋਂ ਕਵੀਸ਼ਰੀ ਲਿਖਣ ਗਾਉਣ ਦੀਆਂ ਬਾਰੀਕੀਆਂ ਸਿੱਖੀਆਂ। ਸੰਨ 2000 ਦੇ ਕਰੀਬ ਕਵੀਸ਼ਰ ਗੁਰਸੇਵਕ ਸਿੰਘ ਨੇ ਆਪਣੇ ਨਾਲ ਇੱਕ ਸਾਥੀ ਕਵੀ ਸੁਰਿੰਦਰ ਸਿੰਘ ਛਿੰਦਾ ਨੂੰ ਗਾਉਣ ਵਾਸਤੇ ਤਿਆਰ ਕੀਤਾ ਤੇ ਦੋਵੇਂ ਜਾਣੇ ਕਵੀਸ਼ਰੀ ਗਾਉਣ ਲੱਗੇ। ਹੌਲੀ-ਹੌਲੀ ਕਵੀਸ਼ਰ ਗੁਰਸੇਵਕ ਸਿੰਘ ਆਪਣੇ ਪ੍ਰਸੰਗ ਲਿਖਣ ਲੱਗ ਪਏ ਤੇ ਫੇਰ ਜਥੇ ਦੇ ਮੋਢੀ ਬਣੇ। ਥੋੜ੍ਹੇ ਕੁ ਸਮੇਂ ਵਿੱਚ ਗੁਰਸੇਵਕ ਸਿੰਘ ਨੇ ਲਗਨ ਤੇ ਮਿਹਨਤ ਸਦਕਾ ਆਪਣਾ ਨਾਂਅ ਚੋਣਵੇਂ ਕਵੀਸ਼ਰਾਂ ਵਿਚ ਸ਼ਾਮਲ ਕਰਵਾ ਲਿਆ। ਕਵੀਸ਼ਰ ਗੁਰਸੇਵਕ ਸਿੰਘ ਨਾਲ ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਗਾਉਣ ਵਾਲੇ ਸਾਥੀਆਂ ਨੇ ਸਾਥ ਦਿੱਤਾ, ਜਿਨ੍ਹਾਂ 'ਚ ਸੁਰਿੰਦਰ ਸਿੰਘ ਛਿੰਦਾ, ਮੁਖਤਿਆਰ ਸਿੰਘ ਸ਼ੌਂਕੀ, ਗੁਰਦੇਵ ਸਿੰਘ ਪ੍ਰੇਮੀ, ਸਿਮਰਨਜੀਤ ਸਿੰਘ ਮਾਨ, ਗੁਰਜੀਤ ਸਿੰਘ ਪੱਪੂ ਤੇ ਹੋਰ ਸਾਥੀਆਂ ਦੇ ਨਾਮ ਜਿਕਰਯੋਗ ਹਨ। ਵਰਤਮਾਨ ਸਮੇਂ ਵਿਚ ਕਵੀਸ਼ਰ ਗੁਰਸੇਵਕ ਸਿੰਘ ਨਾਲ ਕਵੀ ਜਰਨੈਲ ਸਿੰਘ ਰਾੜਾ, ਕਵੀ ਮੱਲ ਸਿੰਘ ਮੱਲ, ਕਵੀ ਗੁਰਮੀਤ ਸਿੰਘ ਗੋਲਡੀ ਸਵੱਈਏ ਵਜੋਂ ਸਾਥ ਦੇ ਰਹੇ ਹਨ। ਕਵੀਸ਼ਰ ਗੁਰਸੇਵਕ ਸਿੰਘ ਨੇ ਧਾਰਮਿਕ, ਸਮਾਜਿਕ, ਸਾਹਿਤਕ ਹਰ ਪੱਖ ਤੋਂ ਕਲਮ ਅਜਮਾਈ ਕੀਤੀ। ਜਿਵੇਂ ਕਿ ਕਵੀਸ਼ਰੀ ਛੰਦਾਂ-ਬੰਦੀ ਵਿੱਚ ਕੋਰੜਾ, ਝੋਕ, ਝੰਡੀ ਝੋਕ, ਦਵੱਈਆ, ਦੋਤਾਰਾ, ਕਮਾਨੀ, ਡਬਲ ਕਮਾਨੀ, ਡਿਊੜ, ਡਬਲ ਡਿਊੜ, ਗੀਤ ਕੋਰੜਾ, ਲਹਿਰੀਆ, ਬੰਬ ਛੰਦ, ਕਲੀ, ਬਹੱਤਰ ਕਲਾ ਛੰਦ ਆਦਿ ਵੰਨਗੀਆਂ ਦੇ ਛੰਦ ਲਿਖੇ ਤੇ ਲਿਖ ਰਿਹਾ ਹੈ। ਸਾਹਿਤਕ ਪੱਖੋਂ ਕਵੀਸ਼ਰ ਗੁਰਸੇਵਕ ਸਿੰਘ ਨੇ ਗੀਤ, ਕਵਿਤਾ, ਮਿੰਨੀ ਕਹਾਣੀ, ਲੇਖ, ਖੁੱਲੀ ਕਵਿਤਾ ਆਦਿਕ ਵੰਨਗੀਆਂ ਤੇ ਕਲਮ ਅਜਮਾਈ ਕੀਤੀ ਹੈ। ਇਸ ਤੋਂ ਇਲਾਵਾ ਕਵੀਸ਼ਰ ਗੁਰਸੇਵਕ ਸਿੰਘ ਦੀਆਂ ਆਡੀਓ ਕੈਸਿਟਾਂ 'ਬਾਲਾ ਰਾਏ ਰੁਸਤਮ ਰਾਏ, ਡੱਲੇ ਦੀ ਪਰਖ, ਸਿਫਤਾਂ ਗੁਰ ਜਗਜੀਤ ਦੀਆਂ, ਰਿਕਾਰਡ ਹੋਈਆਂ ਹਨ। ਗੁਰਸੇਵਕ ਸਿੰਘ ਦੀਆਂ ਦੋ ਪੁਸਤਕਾਂ 'ਪੂਰਨ ਭਗਤ ਦਾ ਕਿੱਸਾ, ਮਹਾਰਾਜਾ ਰਣਜੀਤ ਸਿੰਘ ਦੀ ਮੌਤ' ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਚੁੱਕੀਆਂ ਹਨ ਤੇ ਭਰਪੂਰ ਹੁੰਗਾਰਾ ਪ੍ਰਾਪਤ ਕਰ ਚੁੱਕੀਆਂ ਹਨ। ਇਸ ਤੋਂ ਇਲਾਵਾ ਕਵਿਤਾ, ਕਹਾਣੀਆਂ, ਗੀਤ, ਲੇਖ ਆਦਿਕ ਕਈ ਮੈਗਜ਼ੀਨਾਂ ਤੇ ਪੰਜਾਬੀ ਨਿਊਜ ਪੇਪਰਾਂ 'ਚ ਛਪ ਚੁੱਕੇ ਹਨ। ਕਵੀਸ਼ਰ ਗੁਰਸੇਵਕ ਸਿੰਘ ਨੇ ਆਪਣੇ ਜਥੇ ਸਮੇਤ ਅਫਰੀਕਾ, ਤਨਜਾਨੀਆਂ, ਦਾਰਾ-ਸਲਾਮ, ਦੁਬਈ, ਸਿੰਘਾਪੁਰ, ਮਲੇਸ਼ੀਆ, ਥਾਈਲੈਂਡ ਆਦਿ ਵਿਦੇਸ਼ਾਂ ਵਿਚ ਵੀ ਆਪਣੀ ਕਵੀਸ਼ਰੀ ਕਲਾ ਦੀ ਧਾਕ ਜਮਾਈ ਹੈ। ਕਵੀਸ਼ਰ ਗੁਰਸੇਵਕ ਸਿੰਘ ਨੇ ਅਨੇਕਾਂ ਸ਼ਗਿਰਦ ਪੈਦਾ ਕੀਤੇ ਜਿਨ੍ਹਾਂ ਵਿਚ ਤਰਨ ਸਿੰਘ ਬੱਲ, ਗੁਰਮੀਤ ਸਿੰਘ ਗੋਲਡੀ, ਸਰਬਜੀਤ ਸਿੰਘ ਛੱਬਾ, ਦਲਜੀਤ ਸਿੰਘ ਬਿੱਲਾ, ਵਰਿੰਦਰ ਸਿੰਘ, ਵੀਰ ਸਿੰਘ, ਹਰਸ਼ਦੀਪ ਸਿੰਘ ਹਰਸ਼, ਜਸਵੀਰ ਸਿੰਘ ਵਿੱਕੀ, ਰਾਜਾ ਸਿੰਘ, ਤਰਲੋਚਨ ਸਿੰਘ, ਸ਼ਾਮ ਸਿੰਘ ਆਦਿ ਪ੍ਰਮੁੱਖ ਹਨ। ਕਵੀਸ਼ਰ ਗੁਰਸੇਵਕ ਸਿੰਘ ਨੇ ਹੁਣ ਤੱਕ ਤਕਰੀਬਨ 82 ਦੇ ਕਰੀਬ ਪ੍ਰਸੰਗ ਲਿਖੇ ਹਨ। ਜਿਨ੍ਹਾਂ ਵਿਚ ਭਾਈ ਤਾਰੂ ਸਿੰਘ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਬਾਬਾ ਬੋਤਾ ਸਿੰਘ ਗਰਜਾ ਸਿੰਘ, ਮੱਸਾ ਰੰਘੜ, ਸ਼ਹੀਦ ਭਗਤ ਸਿੰਘ, ਤਾਰਾ ਸਿੰਘ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਜਨਮ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤ ਰਵੀਦਾਸ ਜੀ, ਮਹਾਰਾਜਾ ਰਣਜੀਤ ਸਿੰਘ ਦੀ ਮੌਤ, ਪੂਰਨ ਭਗਤ, ਬੰਦਾ ਸਿੰਘ ਬਹਾਦਰ, ਸਰਹਿੰਦ ਫਤਿਹ, ਗੁਰੂ ਅਮਰਦਾਸ, ਦਾਰਾ ਸ਼ਿਕੋਹ, ਭਾਈ ਗੋਪਾਲ, ਭਗਤ ਸੋਦਾਮਾ, ਮੀਰਾਂ ਬਾਈ ਆਦਿ ਬਹੁਤ ਮਕਬੂਲ ਹੋਏ ਹਨ। ਕਵੀਸ਼ਰੀ ਦੇ ਨਾਲ -ਨਾਲ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਨੇ ਆਪਣੇ ਗੁਰੂਦੇਵ ਸ੍ਰੀ ਸਤਿਗੁਰੂ ਜਗਜੀਤ ਸਿੰਘ ਤੋਂ ਅਸ਼ੀਰਬਾਦ ਲੈ ਕੇ ਸੰਨ 2011 ਵਿਚ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦਾ ਗਠਨ ਕੀਤਾ। ਜਿਸ ਦੇ ਉਹ ਤਕਰੀਬਨ 2011 ਤੋਂ ਲੈ ਕੇ ਹੁਦ ਤੱਕ ਮੁੱਖ ਸੇਵਾਦਾਰ ਚੱਲੇ ਆ ਰਹੇ ਹਨ। ਇਸ ਸਮੇਂ ਦੌਰਾਨ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਨੇ ਅਨੇਕਾਂ ਲੇਖਕਾਂ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ। ਅਨੇਕਾਂ ਸਾਹਿਤਕ ਪ੍ਰੋਗਰਾਮਾਂ ਦੀ ਸਿਰਜਣਾ ਕੀਤੀ ਤੇ ਇੱਕ ਸਾਲਾਨਾ ਸਨਮਾਨ ਸਮਾਗਮ ਆਰੰਭ ਕੀਤਾ ਜਿਸ ਵਿਚ ਹਰੇਕ ਸਾਲ 8 ਲੇਖਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਅਜੋਕੇ ਸਮੇਂ ਵਿੱਚ ਕਵੀਸ਼ਰ ਆਪਣੇ ਪਰੀਵਾਰ ਸਮੇਤ ਨਾਮਧਾਰੀ ਪੰਥ ਦੇ ਮੌਜੂਦਾ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸਰਪ੍ਰਸਤੀ ਹੇਠ ਸ੍ਰੀ ਭੈਣੀ ਸਾਹਿਬ ਵਿਖੇ ਹੀ ਰਹਿ ਰਿਹਾ ਹੈ ਤੇ ਸਮਾਜ ਭਲਾਈ ਦੇ ਕੰਮਾਂ ਵਿਚ ਤੱਤਪਰ ਹੈ। ਅਸੀਂ ਕਵੀਸ਼ਰ ਗੁਰਸੇਵਕ ਸਿੰਘ ਦੀ ਲੰਮੀ ਉਮਰ ਦੀ ਕਾਮਨਾਂ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਉਹ ਏਸੇ ਤਰ੍ਹਾਂ ਹੀ ਲੋਕਾਂ ਦੀ ਕਲਮ ਰਾਹੀਂ ਤੇ ਕਵੀਸ਼ਰੀ ਕਲਾ ਰਾਹੀਂ ਸੇਵਾ ਕਰਦੇ ਰਹਿਣ।

**-ਤਸਵਿੰਦਰ ਸਿੰਘ ਬੜੈਚ**

# ਖ਼ਾਲਸਾ ਕਾਲਜ ਡੁਮੇਲੀ ਦੁਆਰਾ 10+1 ਕਾਮਰਸ ਦਾ ਨਤੀਜਾ ਘੋਸ਼ਿਤ

**ਫਗਵਾੜਾ (ਬੀ.ਕੇ.ਰੱਤੂ)** ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਦੁਆਰਾ ਲੱਕਡਾਊਨ ਦੌਰਾਨ ਘਰ ਰਹੋ ਸੁਰੱਖਿਤ ਰਹੋ ਨੀਤੀ ਤਹਿਤ 10+1 ਕਾਮਰਸ ਕਲਾਸ ਦਾ ਆਨਲਾਈਨ ਨਤੀਜਾ ਘੋਸ਼ਿਤ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਦੁਆਰਾ ਦੱਸਿਆ ਗਿਆ ਕਿ ਕਾਲਜ ਦੇ 10+1 ਕਾਮਰਸ ਕਲਾਸ ਵਿਚੋਂ 69.11 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਵਿਦਿਆਰਥਣ ਸਿਮਰਨ ਕੌਰ ਦੁਆਰਾ ਪਹਿਲਾ ਸਥਾਨ 68.67 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਵਿਦਿਆਰਥਣ ਬ੍ਰਿਜਮੋਹਨ ਕੌਰ ਦੁਆਰਾ ਦੂਸਰਾ ਸਥਾਨ ਅਤੇ 65.56







ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਵਿਦਿਆਰਥਣ ਗੁਰਲੀਨ ਕੌਰ ਦੁਆਰਾ ਤੀਸਰਾ ਸਥਾਨ ਪ੍ਰਾਪਤ ਕੀਤਾ ਗਿਆ। ਉਹਨਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿਤੀ ਅਤੇ ਭਵਿੱਖ ਵਿਚ ਵੀ ਚੰਗੇ ਨੰਬਰ ਲੇਣ ਲਈ ਪ੍ਰੇਰਿਆ ਗਿਆ। ਉਹਨਾਂ ਨੇ ਦੱਸਿਆ ਕਿ ਲੱਕਡਾਊਨ ਦੀ ਸਥਿਤੀ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਕਾਲਜ ਦੁਆਰਾ ਆਨਲਾਈਨ ਹੀ ਨਤੀਜੇ ਨੂੰ ਘੋਸ਼ਿਤ ਕੀਤਾ ਗਿਆ ਹੈ। ਉਹਨਾਂ ਕਿਹਾ ਕਿ 10+1 ਕਾਮਰਸ ਕਲਾਸ ਦਾ ਨਤੀਜਾ 100 ਫ਼ੀਸਦੀ ਰਿਹਾ ਹੈ ਜੋ ਕਿ ਕਲਾਜ ਲਈ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਵਿਦਿਆਰਥਣਾਂ ਦੁਆਰਾ ਚੰਗੇ ਨੰਬਰ ਪ੍ਰਾਪਤ ਕਰਕੇ ਆਪਣੇ ਮਾਪਿਆਂ, ਇਲਾਕੇ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ ਗਿਆ ਹੈ।

# ਤੇਲਤੁੰਬੜੇ ਤੇ ਨਵਲੱਖਾ, ਗੌਤਮ, ਆਨੰਦ ਅਤੇ.....



ਸਵਰਾਜਬੀਰ

ਗੌਤਮ ਬੁੱਧ ਤੇ ਆਨੰਦ ਨੂੰ ਸਾਰੇ ਜਾਣਦੇ ਹਨ। ਵੱਖ ਵੱਖ ਰਵ-ਾਇਤਾਂ ਅਨੁਸਾਰ ਉਹ ਚਚੇਰੇ ਭਰਾ ਸਨ। ਕੋਈ ਰਵਾਇਤ ਇਹ ਕਹਿੰਦੀ ਹੈ ਕਿ ਸਿਧਾਰਥ (ਗੌਤਮ ਬੁੱਧ) ਤੇ ਆਨੰਦ ਇਕੋ ਦਿਨ ਜਨਮੇ ਸਨ ਤੇ ਕੋਈ ਕਹਿੰਦੀ ਏ ਕਿ ਆਨੰਦ ਗੌਤਮ ਤੋਂ ਕਈ ਵਰ੍ਹੇ ਛੋਟਾ ਸੀ। ਜਦ ਸਿਧਾਰਥ ਗੌਤਮ ਬੁੱਧ ਬਣ ਕੇ ਕਪਿਲ ਵਸਤੂ ਪਰਤਿਆ ਤਾਂ ਆਨੰਦ ਵੀ ਭਿਕਸ਼ੂ ਬਣ ਗਿਆ। ਵੀਹ ਸਾਲ ਬੁੱਧ ਨਾਲ ਰਹਿਣ ਤੋਂ ਬਾਅਦ ਆਨੰਦ ਉਨ੍ਹਾਂ ਦਾ ਨਿੱਜੀ ਸੇਵਕ, ਸਾਂਝੀਵਾਲ ਤੇ ਮੁੱਖ ਚੇਲਾ ਬਣ ਗਿਆ। ਮਹਾਤਮਾ ਬੁੱਧ ਦੇ ਜੀਵਨ ਦੌਰਾਨ ਹੀ ਉਸ ਦੀ ਪਛਾਣ ਬੁੱਧ ਧਰਮ ਦੇ ਸਿਧਾਂਤਕਾਰ ਵਜੋਂ ਹੋਣ ਲੱਗੀ। ਇਹ ਵੀ ਦੱਸਿਆ ਜਾਂਦਾ ਹੈ ਕਿ ਆਨੰਦ ਦੇ ਕਹਿਣ 'ਤੇ ਹੀ ਮਹਾਤਮਾ ਬੁੱਧ ਨੇ ਇਸਤਰੀਆਂ ਨੂੰ ਭਿਕਸ਼ੂ ਬਣਾਇਆ ਤੇ ਬੋਧੀ ਸੰਘ ਵਿਚ ਸ਼ਾਮਲ ਕਰਨ ਦੀ ਇਜਾਜ਼ਤ ਦਿੱਤੀ। ਬੁੱਧ ਦੀ ਮੌਤ ਵੇਲੇ ਆਨੰਦ ਨੂੰ ਪੂਰਨ ਗਿਆਨ ਹਾਸਲ ਨਹੀਂ ਸੀ ਹੋਇਆ। ਇਸ ਲਈ ਉਸ ਨੂੰ ਰਾਜਗੜ੍ਹ ਵਿਚ ਹੋਈ ਪਹਿਲੀ ਬੋਧੀ ਮਹਾਂ-ਗੋਸ਼ਟ ਵਿਚ ਹਿੱਸਾ ਲੈਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਮਹਾਂ-ਗੋਸ਼ਟ ਸ਼ੁਰੂ ਹੋਣ ਤੋਂ ਪਹਿਲਾਂ ਉਸ ਨੂੰ ਪੂਰਨ ਗਿਆਨ ਪ੍ਰਾਪਤ ਹੋ ਗਿਆ ਤੇ ਉਸ ਨੇ ਮਹਾਂ-ਗੋਸ਼ਟ ਵਿਚ ਹਿੱਸਾ ਲਿਆ। ਏਸੇ ਮਹਾਂ-ਗੋਸ਼ਟ ਵਿਚ ਉਸ ਦਾ ਇਸ ਲਈ ਵਿਰੋਧ ਕੀਤਾ ਗਿਆ ਕਿ ਉਸ ਦੇ ਕਾਰਨ ਔਰਤਾਂ ਨੂੰ ਸੰਘ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਆਨੰਦ ਨੇ ਕਈ ਬੋਧੀ ਗ੍ਰੰਥ ਲਿਖੇ ਤੇ ਉਹ ਬੁੱਧ ਧਰਮ ਦਾ ਪ੍ਰਮੁੱਖ ਵਿਆਖਿਆਕਾਰ ਮੰਨਿਆ ਗਿਆ। ਉਸ ਨੇ ਬੁੱਧ ਧਰਮ ਦੀਆਂ ਦੂਸਰੀ ਤੇ ਤੀਸਰੀ ਮਹਾਂ-ਗੋਸ਼ਟ ਵਿਚ ਵੱਡੀ ਭੂਮਿਕਾ ਨਿਭਾਈ। ਕੁਰਲੈਤਨ ਹੈਦਰ ਆਪਣਾ ਨਾਵਲ 'ਆਗ ਕਾ ਦਰਿਆ' ਮਹਾਤਮਾ ਬੁੱਧ ਦੇ ਸਮਿਆਂ ਤੋਂ ਸੌ ਕੁ ਸਾਲ ਬਾਅਦ ਸ਼ੁਰੂ ਕਰਦੀ ਹੈ। ਉਸ ਦਾ ਇਕ ਪ੍ਰਮੁੱਖ ਕਿਰਦਾਰ ਸਨਾਤਨ ਧਰਮ ਦੀ ਸ਼੍ਰਾਸਵਤੀ ਗੁਰੂਕੁਲ ਦਾ ਵਿਦਿਆਰਥੀ ਗੌਤਮ ਨੀਲਾਂਬਰ ਨਾਵਲ ਦੇ ਪਹਿਲੇ ਸਫ਼ਿਆਂ ਵਿਚ ਬੋਧੀ ਹਰਿਸ਼ੰਕਰ ਨੂੰ ਮਿਲਦਾ ਹੈ। ਹਰਿਸ਼ੰਕਰ ਦੱਸਦਾ ਹੈ ਕਿ ਹੁਣ ਔਰਤਾਂ ਵੀ ਧਾਰਮਿਕ ਮਾਮਲਿਆਂ ਵਿਚ ਹਿੱਸਾ ਲੈਣ ਲੱਗ ਪਈਆਂ ਹਨ। ਪਹਿਲੀ ਬੁੱਧ ਮਹਾਂ-ਗੋਸ਼ਟ ਵਿਚ ਭਿਕਸ਼ੂਆਂ ਵੱਲੋਂ ਆਨੰਦ ਦੁਆਰਾ ਔਰਤਾਂ ਨੂੰ ਬੋਧੀ ਸੰਘ ਵਿਚ ਸ਼ਾਮਲ ਕੀਤੇ ਜਾਣ ਦੇ ਵਿਰੋਧ ਵੱਲ ਇਸ਼ਾਰਾ ਕਰਦਿਆਂ ਗੌਤਮ ਨੀਲਾਂਬਰ ਕਹਿੰਦਾ ਹੈ, ''ਵੇਖੋ, ਤੁਹਾਡੇ ਆਨੰਦ ਨਾਲ ਕੀ ਬੀਤੀ ਸੀ।'' ਸਨਾਤਨੀਆਂ ਨੇ ਗੌਤਮ ਬੁੱਧ, ਆਨੰਦ ਤੇ ਹੋਰ ਬੋਧੀ ਵਿਦਵਾਨਾਂ ਵਿਰੁੱਧ ਮੋਰਚਾ ਲਾਇਆ ਹੋਇਆ ਸੀ। ਇਹ ਮੋਰਚਾ ਸੈਂਕੜੇ ਸਾਲ ਚੱਲਦਾ ਰਿਹਾ ਤੇ ਇਸ ਵਿਚ ਸਨਾਤਨੀ ਜੇਤੂ ਹੋਏ। ਗੌਤਮ ਤੇ ਆਨੰਦ ਦੇ ਬੁੱਧ ਧਰਮ ਨੂੰ ਇਸ ਧਰਤੀ ਤੋਂ ਜਲਾਵਤਨ ਕਰ ਦਿੱਤਾ ਗਿਆ।

**ਗੌਤਮ ਤੇ ਆਨੰਦ... ਇਹ ਨਾਂ ਕਿੰਨੇ ਪੁਰਾਣੇ ਹਨ?**
**ਹਜ਼ਾਰਾਂ ਵਰ੍ਹੇ ਪੁਰਾਣੇ**

ਅੱਜ ਇਹ ਨਾਂ ਸਾਡੇ ਸਾਹਮਣੇ ਕੁਝ ਹੋਰ ਤਰ੍ਹਾਂ ਹਾਜ਼ਰ ਹਨ। ਇਕ ਵਿਅਕਤੀ ਦਾ ਨਾਂ ਹੈ ਗੌਤਮ ਨਵਲੱਖਾ ਹੈ ਅਤੇ ਦੂਸਰੇ ਦਾ ਆਨੰਦ ਤੈਲਤੁੰਬੜੇ। ਇਸ ਤਰ੍ਹਾਂ 'ਗੌਤਮ' ਤੇ 'ਆਨੰਦ' ਦੇ ਨਾਂ ਫਿਰ ਇਕੱਠੇ ਲਏ ਜਾ ਰਹੇ ਹਨ; ਇਕ ਖ਼ਾਸ ਸੰਦਰਭ ਵਿਚ। ਕਹਿਣ ਤੋਂ ਭਾਵ ਇਹ ਨਹੀਂ ਕਿ ਕੋਈ ਖ਼ਾਸ ਨਾਵਾਂ ਵਾਲੇ ਕਿਸ ਖ਼ਾਸ ਧਿਰ ਵੱਲ ਹੁੰਦੇ। ਇਹ ਸਿਰਫ਼ ਇਤਫ਼ਾਕ ਹੈ ਕਿ ਅੱਜ ਦੇ ਗੌਤਮ (ਨਵਲੱਖਾ) ਤੇ ਆਨੰਦ (ਤੈਲਤੁੰਬੜੇ) ਵੀ ਦਲਿਤਾਂ ਤੇ ਦੱਬੇ ਕੁਚਲਿਆਂ ਦੇ ਹੱਕ ਵਿਚ ਉਨ੍ਹਾਂ ਪੈੜਾਂ 'ਤੇ ਚੱਲਦੇ ਹੋਏ ਆਵਾਜ਼ ਬੁਲੰਦ ਕਰ ਰਹੇ ਹਨ, ਜਿਹੜੀਆਂ ਹਜ਼ਾਰਾਂ ਵਰ੍ਹੇ ਪਹਿਲਾਂ ਦੇ ਗੌਤਮ (ਬੁੱਧ) ਤੇ ਆਨੰਦ ਨੇ ਪਾਈਆਂ ਸਨ। ਇਨ੍ਹਾਂ ਹਜ਼ਾਰਾਂ ਵਰ੍ਹਿਆਂ ਵਿਚ ਬ੍ਰਾਹਮਣਵਾਦ, ਜਾਤੀਵਾਦ ਤੇ ਕਰਮਕਾਂਡ ਵਿਰੁੱਧ ਲੜਾਈ ਹੁੰਦੀ ਰਹੀ। ਜਾਤੀਵਾਦ ਸਮਾਜ 'ਤੇ ਭਾਰੂ ਰਿਹਾ ਤੇ ਉਸ ਨੇ ਬ੍ਰਾਹਮਣ, ਕਸ਼ੱਤਰੀਯ ਤੇ ਵੈਸ਼ ਵਰਣਾਂ ਦੇ ਲੋਕਾਂ ਨੂੰ ਖ਼ਾਸ ਅਧਿਕਾਰ ਦਿੱਤੇ ਜਦੋਂਕਿ ਸ਼ੂਦਰ ਗਰਦਾਨੇ ਗਏ ਕਰੋੜਾਂ ਲੋਕਾਂ ਨੂੰ ਅਧਿਕਾਰਾਂ ਤੇ ਗਿਆਨ ਤੋਂ ਮਹਿਰੂਮ ਕੀਤਾ। ਜਾਤੀਵਾਦੀ ਸੋਚ ਦਾ ਪ੍ਰਚਾਰ ਏਨੇ ਪ੍ਰਚੰਡ ਤਰੀਕੇ ਨਾਲ ਕੀਤਾ ਗਿਆ ਕਿ ਇਹ ਸੋਚ ਸਾਡੀ ਸਮਾਜਿਕ ਸੂਝ-ਬੂਝ ਤੇ ਅਮਲ ਦਾ ਹਿੱਸਾ ਬਣ ਗਈ ਜਿਵੇਂ ਇਕ ਕੋਈ ਦੈਵੀ ਸੱਚ ਜਾਂ ਕੁਦਰਤੀ ਅਮਲ ਹੋਵੇ। 1818 ਵਿਚ ਮਹਾਰਾਸ਼ਟਰ ਵਿਚ ਕੋਰੇਗਾਓਂ ਦੇ ਸਥਾਨ 'ਤੇ ਪੇਸ਼ਵਾ ਬਾਜੀਰਾਓ ਦੂਸਰੇ ਅਤੇ ਈਸਟ ਇੰਡੀਆ ਕੰਪਨੀ ਦਰਮਿਆਨ ਲੜਾਈ ਹੋਈ। ਕੰਪਨੀ ਦੀ ਫ਼ੌਜ, ਜਿਸ ਵਿਚ ਮਹਾਰ ਜਾਤੀ ਦੇ ਦਲਿਤ ਫ਼ੌਜੀ ਸ਼ਾਮਲ ਸਨ, ਨੇ ਪੇਸ਼ਵਾ ਦੀ ਫ਼ੌਜ ਨੂੰ ਹਰਾ ਦਿੱਤਾ। ਨਜ਼ਦੀਕ ਭੀਮਾ ਦਰਿਆ ਦੇ ਵਹਿਣ ਕਾਰਨ ਇਸ ਨੂੰ ਭੀਮਾ ਕੋਰੇਗਾਓਂ ਦੀ ਲੜਾਈ ਅਤੇ ਦਲਿਤ ਜਾਤੀ ਦੇ ਮਹਾਰ ਲੋਕਾਂ ਦੀ ਬ੍ਰਾਹਮਣਵਾਦੀ ਰਾਜੇ 'ਤੇ ਜਿੱਤ ਦਾ ਪ੍ਰਤੀਕ ਨਿਆ ਜਾਂਦਾ ਹੈ। ਬੀ.ਆਰ. ਅੰਬੇਦਕਰ ਨੇ ਇਕ ਜਨਵਰੀ 1927 ਨੂੰ ਇਸ ਥਾਂ ਦੀ ਯਾਤਰਾ ਕੀਤੀ। ਦਲਿਤ ਸਮਾਜ ਤੇ ਜਥੇਬੰਦੀਆਂ ਇਕ ਜਨਵਰੀ ਦਾ ਦਿਨ ਦਮਨ ਵਿਰੋਧੀ ਦਿਵਸ ਵਜੋਂ ਮਨਾਉਂਦੀਆਂ ਹਨ। 31 ਦਸੰਬਰ 2017 ਨੂੰ ਐਲਗਰ ਪਰੀਸ਼ਦ, ਜਿਹਦੇ ਵਿਚ 250 ਤੋਂ ਵੱਧ ਸੰਸਥਾਵਾਂ ਸ਼ਾਮਲ ਸਨ, ਨੇ ਇਸ ਥਾਂ 'ਤੇ ਵੱਡਾ ਇਕੱਠ ਕੀਤਾ। ਇਸ ਵਿਚ ਸਮਾਜਿਕ ਕਾਰਕੁਨ, ਕਲਾਕਾਰ, ਗਾਇਕ, ਸੰਗੀਤਕਾਰ, ਰੰਗਕਰਮੀ ਅਤੇ ਹੋਰ ਹਜ਼ਾਰਾਂ ਲੋਕ ਸ਼ਾਮਲ ਹੋਏ। ਇਕ ਜਨਵਰੀ 2018 ਨੂੰ ਇੱਥੇ ਹਿੰਸਾ ਹੋਈ ਜਿਸ ਵਿਚ ਇਕ ਆਦਮੀ ਮਾਰਿਆ ਗਿਆ ਅਤੇ ਤਿੰਨ ਜ਼ਖ਼ਮੀ ਹੋਏ। ਕੁਝ ਦਿਨ



ਬਾਅਦ ਮਹਾਰਾਸ਼ਟਰ ਪੁਲੀਸ ਨੇ ਸੁਰਿੰਦਰ ਗੈਡਲਿੰਗ, ਰੋਨਾ ਵਿਲਸਨ, ਮਹੇਸ਼ ਰਾਉਤ, ਸੁਧੀਰ ਨਵਾਲੇ ਅਤੇ ਸੋਮਾ ਸੇਨ ਦੇ ਵਿਰੁੱਧ ਇਹ ਕਹਿੰਦਿਆਂ ਕੇਸ ਦਰਜ ਕੀਤਾ ਕਿ ਇਹ ਸਮਾਗਮ ਇਕ ਮਾਓਵਾਦੀ ਸਾਜ਼ਿਸ਼ ਦਾ ਹਿੱਸਾ ਸੀ।

ਸੁਰਿੰਦਰ ਗੈਡਲਿੰਗ ਮਨੁੱਖੀ ਹੱਕਾਂ ਦੇ ਕੇਸ ਲੜਨ ਵਾਲਾ ਵਕੀਲ ਹੈ ਅਤੇ ਸੁਧੀਰ ਨਵਾਲੇ ਇਕ ਕਵੀ। ਮਹੇਸ਼ ਰਾਉਤ ਆਦਿਵਾਸੀਆਂ ਵਿਚ ਕੰਮ ਕਰਨ ਵਾਲਾ ਸਮਾਜਿਕ ਕਾਰਕੁਨ ਹੈ ਅਤੇ ਰੋਨਾ ਵਿਲਸਨ ਜਮਹੂਰੀ ਹੱਕਾਂ ਦੀ ਰਾਖੀ ਵਿਚ ਖੜ੍ਹਾ ਹੋਣ ਵਾਲਾ। ਸੋਮਾ ਸੇਨ ਨਾਗਪੁਰ ਯੂਨੀਵਰਸਿਟੀ ਵਿਚ ਅੰਗਰੇਜ਼ੀ ਪੜ੍ਹਾਉਂਦੀ ਹੈ ਅਤੇ ਔਰਤਾਂ ਦੇ ਹੱਕਾਂ ਲਈ ਲੜਦੀ ਹੈ।

ਬਾਅਦ ਵਿਚ ਪੁਲੀਸ ਨੇ ਕਿਹਾ ਕਿ ਇਸ ਸਾਜ਼ਿਸ਼ ਵਿਚ ਆਨੰਦ ਤੈਲਤੁੰਬੜੇ ਅਤੇ ਗੌਤਮ ਨਵਲੱਖਾ, ਅਰੁਨ ਫਰੇਰਾ, ਵਰਨੋਨ ਗੋਂਸਾਲਵੇਜ਼, ਵਰਵਰਾ ਰਾਓ ਅਤੇ ਸੁਧਾ ਭਾਰਦਵਾਜ ਵੀ ਸ਼ਾਮਲ ਹਨ। ਪੁਲੀਸ ਨੇ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਗੌਤਮ ਨਵਲੱਖਾ ਅਤੇ ਆਨੰਦ ਤੈਲਤੁੰਬੜੇ ਦੀ ਪਟੀਸ਼ਨ ਸੁਪਰੀਮ ਕੋਰਟ ਵਿਚ ਸੀ। ਹੁਣ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਨਾ ਕਰਨ ਦੇ ਆਦੇਸ਼ ਨੂੰ ਵਧਾਉਣ ਤੋਂ ਨਾਂਹ ਕਰ ਦਿੱਤੀ। ਵੀਰਵਾਰ ਨੂੰ ਆਨੰਦ ਤੈਲਤੁੰਬੜੇ ਅਤੇ ਗੌਤਮ ਨਵਲੱਖਾ ਨੇ ਰਾਸ਼ਟਰੀ ਜਾਂਚ ਏਜੰਸੀ ਸਾਹਮਣੇ ਆਤਮ ਸਮਰਪਣ ਕਰ ਦਿੱਤਾ।

ਵਰਵਰਾ ਰਾਓ ਤੇਲਗੂ ਭਾਸ਼ਾ ਦਾ ਕਵੀ ਹੈ ਜੋ ਕਈ ਦਹਾਕਿਆਂ ਤੋਂ ਨਾਬਰੀ ਦਾ ਸੁਰ ਬਣ ਕੇ ਉਭਰਿਆ ਹੈ। ਮਸ਼ਹੂਰ ਅਰਥ ਸ਼ਾਸਤਰੀ ਕ੍ਰਿਸ਼ਨਾ ਭਾਰਦਵਾਜ ਦੀ ਧੀ ਸੁਧਾ ਭਾਰਦਵਾਜ ਹਿਸਾਬਦਾਨ ਅਤੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਕੰਮ ਕਰਨ ਵਾਲੀ ਕਾਰਕੁਨ ਹੈ। ਵਰਨੋਨ ਗੋਂਸਾਲਵੇਜ਼ ਮੁੰਬਈ ਦੇ ਮਸ਼ਹੂਰ ਕਾਲਜਾਂ ਵਿਚ ਪ੍ਰਾਧਿਆਪਕ ਰਿਹਾ ਅਤੇ ਅਰੁਨ ਫਰੇਰਾ ਨੂੰ ਦੋ ਵਾਰ ਪਹਿਲਾਂ ਵੀ ਗ੍ਰਿਫ਼ਤਾਰ ਕੀਤਾ ਗਿਆ ਪਰ ਉਸ ਵਿਰੁੱਧ ਕੋਈ ਦੋਸ਼ ਸਾਬਤ ਨਹੀਂ ਹੋਇਆ। ਗੌਤਮ ਨਵਲੱਖਾ ਵੀ ਲੰਮੇ ਸਮੇਂ ਤੋਂ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਸਰਗਰਮ ਰਿਹਾ।

ਮਹਾਰਾਸ਼ਟਰ ਦੇ ਯਵਤ ਮੱਲ ਜ਼ਿਲ੍ਹੇ ਵਿਚ ਪੈਦਾ ਹੋਏ ਆਨੰਦ ਤੈਲਤੁੰਬੜੇ ਨੇ 1982 ਵਿਚ ਅਹਿਮਦਾਬਾਦ ਦੇ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਤੋਂ ਮੈਨੇਜਮੈਂਟ ਦੇ ਵਿਸ਼ੇ ਵਿਚ ਪੜ੍ਹਾਈ ਕੀਤੀ ਅਤੇ ਬਾਅਦ ਵਿਚ ਮੁੰਬਈ ਯੂਨੀਵਰਸਿਟੀ ਤੋਂ ਡਾਕਟਰੇਟ। ਉਸ ਨੇ ਜਨਤਕ ਖੇਤਰ ਦੇ ਅਦਾਰੇ ਭਾਰਤ ਪੈਟਰੋਲੀਅਮ ਵਿਚ ਕੰਮ ਕਰਦਿਆਂ ਤਕਨੀਕ ਤੇ ਪ੍ਰਬੰਧ ਦਾ ਸੁਮੇਲ ਪੈਦਾ ਕਰਕੇ ਕੰਪਨੀ ਨੂੰ ਵੱਡਾ ਫ਼ਾਇਦਾ ਪਹੁੰਚਾਇਆ। ਇਸ ਤੋਂ ਬਾਅਦ ਉਸ ਨੇ ਬਹੁਤ ਦੇਰ ਤਕ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈਆਈਟੀ) ਖੜਗਪੁਰ ਵਿਚ ਪੜ੍ਹਾਇਆ ਅਤੇ ਇਸ ਤੋਂ ਬਾਅਦ ਗੋਆ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿਚ। ਉਸ ਦੀ ਸ਼ਾਦੀ ਬੀ.ਆਰ. ਅੰਬੇਦਕਰ ਦੀ ਪੋਤਰੀ ਰਮਾ ਬਾਈ ਨਾਲ ਹੋਈ। ਉਸ ਨੇ ਵੱਖ ਵੱਖ ਸਮਾਜਿਕ ਸਮੱਸਿਆਵਾਂ, ਜਿਨ੍ਹਾਂ ਵਿਚ ਜਾਤੀਵਾਦ



ਵੀ ਸ਼ਾਮਲ ਹੈ, ਬਾਰੇ 30 ਕਿਤਾਬਾਂ ਲਿਖੀਆਂ ਹਨ।

ਆਤਮ-ਸਮਰਪਣ ਕਰਨ ਤੋਂ ਪਹਿਲਾਂ ਆਨੰਦ ਤੈਲਤੁੰਬੜੇ ਨੇ ਦੇਸ਼ ਵਾਸੀਆਂ ਦੇ ਨਾਂ ਇਕ ਖ਼ਤ ਲਿਖਿਆ ਜਿਸ ਵਿਚ ਉਸ ਨੇ ਕਿਹਾ, ''ਮੈਂ ਜਾਣਦਾ ਹਾਂ ਕਿ ਜੋ ਮੈਂ ਕਹਿ ਰਿਹਾ ਹਾਂ, ਉਹ ਭਾਰਤੀ ਜਨਤਾ ਪਾਰਟੀ-ਰਾਸ਼ਟਰੀ ਸਵੈਮਸੇਵਕ ਸੰਘ ਦੇ ਗੱਠਜੋੜ ਦੁਆਰਾ ਪਾਏ ਜਾ ਰਹੇ ਸ਼ੋਰ ਵਿਚ ਗੁਆਚ ਜਾਏਗਾ... 2019 ਵਿਚ ਅਖ਼ਬਾਰਾਂ ਵਿਚ ਛਪਿਆ ਸੀ ਕਿ ਸਰਕਾਰ ਨੇ ਮੇਰੇ ਫ਼ੋਨ ਉੱਤੇ ਜਾਸੂਸੀ ਕਰਨ ਵਾਲੇ ਇਸਰਾਇਲੀ ਸਾਫ਼ਟਵੇਅਰ ਪੈਗਾਸਸ ਦੀ ਵਰਤੋਂ ਕੀਤੀ ਸੀ। ਮੀਡੀਆ ਵਿਚ ਇਸ ਦਾ ਥੋੜ੍ਹਾ-ਬਹੁਤ ਜ਼ਿਕਰ ਹੋਇਆ ਪਰ ਇਹ ਗੰਭੀਰ ਮਾਮਲਾ ਜਲਦੀ ਹੀ ਦਬਾ ਦਿੱਤਾ ਗਿਆ... ਮੈਂ ਕਦੀ ਵੀ ਕਿਸੇ ਹਿੰਸਾਤਮਕ ਅੰਦੋਲਨ ਦੀ ਹਮਾਇਤ ਨਹੀਂ ਕੀਤੀ ਅਤੇ ਮੈਨੂੰ ਆਪਣੀ ਜ਼ਿੰਦਗੀ ਦੇ ਅਖ਼ੀਰਲੇ ਵਰ੍ਹਿਆਂ ਵਿਚ ਗ਼ੈਰ-ਕਾਨੂੰਨੀ ਗਤੀਵਿਧੀਆਂ ਬਾਰੇ ਕਾਨੂੰਨ ਅਧੀਨ ਕੈਦ ਕੀਤਾ ਜਾ ਰਿਹਾ ਹੈ।''

ਲੈਫ਼ਟਵਰਡ ਬੁੱਕਸ ਦੇ ਵਿਜੈ ਪ੍ਰਸਾਦ ਅਤੇ ਸੁਧਨਵਾ ਦੇਸ਼ਪਾਂਡੇ ਨੇ ਤੈਲਤੁੰਬੜੇ ਨੂੰ ਇਕ ਚਿੱਠੀ-ਨੁਮਾ ਲੇਖ ਵਿਚ ਕਿਹਾ ਹੈ: ''ਤੈਨੂੰ ਏਸ ਕਰਕੇ ਜੇਲ੍ਹ ਭੇਜਿਆ ਜਾ ਰਿਹਾ ਹੈ ਕਿਉਂਕਿ ਤੂੰ ਅਸਹਿਮਤੀ ਦੇ ਉਸ ਜਵਾਰਭਾਟੇ ਦਾ ਹਿੱਸਾ ਸੈਂ ਜਿਸ ਨੇ ਇਸ ਸਰਕਾਰ ਦੁਆਰਾ ਜਮਹੂਰੀਅਤ ਨੂੰ ਪਹੁੰਚਾਏ ਨੁਕਸਾਨ ਵਿਰੁੱਧ ਆਵਾਜ਼ ਉਠਾਈ। ਤੂੰ ਲਿਖਿਆ ਸੀ, 'ਦਲਿਤਾਂ ਨੂੰ ਹਿੰਦੂਤਵੀ ਧਾੜਵੀਆਂ ਦੁਆਰਾ ਪੈਦਾ ਕੀਤੇ ਗਏ ਪੇਸ਼ਵਾ ਵਰਗੇ ਨਿਜ਼ਾਮ ਵਿਰੁੱਧ ਲੜਨਾ ਪਏਗਾ। ਉਨ੍ਹਾਂ ਨੂੰ ਆਪਣੇ ਬੀਤੇ ਵਿਚ ਮਿਥਿਹਾਸਕ ਤਰੀਕੇ ਨਾਲ ਝਾਕਣ ਦੀ ਬਜਾਏ ਆਪਣੀਆਂ ਅੱਖਾਂ ਖੋਲ੍ਹ ਕੇ ਹਕੀਕਤ ਦਾ ਸਾਹਮਣਾ ਕਰਨਾ ਚਾਹੀਦਾ ਹੈ।... 'ਪਿਆਰੇ ਆਨੰਦ, ਤੂੰ ਮੈਨੇਜਮੈਂਟ ਦੇ ਵਿਸ਼ਿਆਂ ਦਾ ਮਾਹਿਰ ਹੈਂ। ਤੂੰ ਅਤੇ ਤੇਰੇ ਸਾਥੀ ਆਜ਼ਾਦੀ ਦੇ ਸੰਘਰਸ਼ ਦੇ ਆਦਰਸ਼ਾਂ ਕਾਰਨ ਇਕੱਠੇ ਹੋਏ ਹੋ, ਉਨ੍ਹਾਂ ਆਦਰਸ਼ਾਂ ਕਾਰਨ, ਜਿਨ੍ਹਾਂ ਦੀਆਂ ਜੜ੍ਹਾਂ ਭਾਰਤੀ ਸੰਵਿਧਾਨ ਵਿਚ ਹਨ।''

ਇਸ ਲੇਖ ਦੇ ਲੇਖਕਾਂ ਨੇ ਬੀ.ਆਰ. ਅੰਬੇਦਕਰ ਦੇ ਆਲ ਇੰਡੀਆ ਡੈਪਰੈਸਡ ਕਲਾਸਿਜ਼ ਕਾਨਫਰੰਸ ਨੂੰ 1942 ਵਿਚ ਦਿੱਤੇ ਭਾਸ਼ਣ ਦਾ ਹਵਾਲਾ ਦਿੱਤਾ ਹੈ ਜਿਸ ਵਿਚ ਅੰਬੇਦਕਰ ਨੇ ਕਿਹਾ ਸੀ, ''ਤੁਹਾਡੇ ਵਾਸਤੇ ਮੇਰੀ ਸਲਾਹ ਦੇ ਆਖ਼ਰੀ ਸ਼ਬਦ ਇਹ ਹਨ ਪੜ੍ਹੋ, ਅੰਦੋਲਨ ਕਰੋ ਅਤੇ ਜਥੇਬੰਦ ਹੋਵੋ; ਆਪਣੇ ਆਪ ਵਿਚ ਵਿਸ਼ਵਾਸ ਕਰੋ। ਜਦੋਂ ਇਨਸਾਫ਼ ਤੁਹਾਡੇ ਵੱਲ ਹੈ ਤਾਂ ਮੈਂ ਇਹ ਕਲਪਨਾ ਵੀ ਨਹੀਂ ਕਰ ਸਕਦਾ ਕਿ ਤੁਹਾਨੂੰ ਇਸ ਲੜਾਈ ਵਿਚ ਹਾਰ ਦਾ ਸਾਹਮਣਾ ਕਰਨਾ ਪਵੇਗਾ... ਸਾਡੀ ਲੜਾਈ ਧਨ-ਦੌਲਤ ਜਾਂ ਤਾਕਤ ਲਈ ਨਹੀਂ ਹੈ, ਇਹ ਆਜ਼ਾਦੀ ਵਾਸਤੇ ਹੈ, ਇਹ ਮਨੁੱਖੀ ਸ਼ਖ਼ਸੀਅਤ ਦੀ ਪੂਰਨਤਾ ਵਾਸਤੇ ਲੜੀ ਜਾ ਰਹੀ ਹੈ।''

ਅੰਬੇਦਕਰ ਦੇ ਇਹ ਸ਼ਬਦ ਸਾਡੇ ਸਮਾਜ ਵਿਚਲੇ ਸੰਘਰਸ਼ ਨੂੰ ਪੇਸ਼ ਕਰਦੇ ਹਨ। ਭਾਰਤ ਵਿਚ ਹਜ਼ਾਰਾਂ ਵਰ੍ਹਿਆਂ ਤੋਂ ਦਬੇ-ਕੁਚਲੇ ਲੋਕਾਂ ਨੂੰ ਦਬਾਏ ਜਾਣ ਅਤੇ ਜਾਤੀਵਾਦ ਵਿਰੁੱਧ ਸੰਘਰਸ਼ ਹੋ ਰਿਹਾ ਹੈ। ਮੱਧਕਾਲੀਨ ਸਮਿਆਂ ਵਿਚ ਭਗਤ ਕਬੀਰ, ਭਗਤ ਰਵਿਦਾਸ, ਗੁਰੂ ਨਾਨਕ ਦੇਵ, ਭਗਤ ਨਾਮਦੇਵ ਅਤੇ ਭਗਤੀ ਲਹਿਰ ਦੇ ਹੋਰ ਸੰਤਾਂ ਨੇ ਜਾਤੀਵਾਦ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਸਮਾਜ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ। ਆਧੁਨਿਕ ਸਮਿਆਂ ਵਿਚ ਜਯੋਤਿਬਾ ਫੂਲੇ, ਬੀ.ਆਰ. ਅੰਬੇਦਕਰ ਅਤੇ ਕਈ ਹੋਰ ਚਿੰਤਕਾਂ ਨੇ ਇਸ ਲੜਾਈ ਵਿਚ ਸ਼ਾਮਲ ਹੋ ਕੇ ਇਸ ਨੂੰ ਨਵੀਂ ਦਿਸ਼ਾ ਦਿੱਤੀ। ਬੀ. ਆਰ. ਅੰਬੇਦਕਰ ਨੇ ਹਿੰਦੂ ਧਰਮ ਨੂੰ ਤਿਆਗ ਕੇ ਬੁੱਧ ਧਰਮ ਅਪਣਾਇਆ। ਇਹ ਵੀ ਇਤਫ਼ਾਕ ਹੈ ਕਿ ਆਨੰਦ ਤੇ ਗੌਤਮ ਦੀ ਗ੍ਰਿਫ਼ਤਾਰੀ ਬੀ.ਆਰ. ਅੰਬੇਦਕਰ ਦੇ ਜਨਮ ਦਿਹਾੜੇ ਵਾਲੇ ਦਿਨ ਹੋਈ।

ਸੱਤਾਧਾਰੀ ਧਿਰਾਂ ਕਦੀ ਵੀ ਦਲਿਤ ਅਤੇ ਦਮਿਤ ਲੋਕਾਂ ਨੂੰ ਜਥੇਬੰਦ ਹੁੰਦੇ ਨਹੀਂ ਵੇਖਣਾ ਚਾਹੁੰਦੀਆਂ। ਉਨ੍ਹਾਂ ਨੂੰ ਅਜਿਹੇ ਅੰਦੋਲਨਾਂ ਤੋਂ ਖ਼ਤਰਾ ਮਹਿਸੂਸ ਹੁੰਦਾ ਹੈ। ਉਹ ਧਰਮ ਦੇ ਨਾਂ 'ਤੇ ਵੋਟਾਂ ਮੰਗਦੀਆਂ ਹਨ ਅਤੇ ਫ਼ਿਰਕੂ ਨਫ਼ਰਤ ਨੂੰ ਵਧਾਉਂਦਿਆਂ ਆਪਣੀ ਤਾਕਤ ਮਜ਼ਬੂਤ ਕਰਦੀਆਂ ਹਨ। ਉਹ ਆਪਣੇ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਚੁੱਪ ਕਰਵਾਉਣ ਵਿਚ ਮਾਹਿਰ ਹਨ। ਗੌਰੀ ਲੰਕੇਸ਼, ਪਨਸਾਰੇ, ਦਾਭੋਲਕਰ ਅਤੇ ਹੋਰ ਕਈ ਸਮਾਜਿਕ ਕਾਰਕੁਨਾਂ, ਤਰਕਸ਼ੀਲ ਆਗੂਆਂ ਅਤੇ ਪੱਤਰਕਾਰਾਂ ਦਾ ਕਤਲ ਕੀਤਾ ਗਿਆ ਅਤੇ ਦੂਸਰਿਆਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ। ਕਰੋਨਾਵਾਇਰਸ ਦੀ ਮਹਾਮਾਰੀ ਦੌਰਾਨ ਵੀ ਰਿਆਸਤKਸਟੇਟ ਦੇ ਇਹ ਯਤਨ ਮੱਠੇ ਨਹੀਂ ਪਏ। ਜਦ ਸਾਰਾ ਦੇਸ਼ ਕਰੋਨਾਵਾਇਰਸ ਦੀ ਮਹਾਮਾਰੀ ਨਾਲ ਜੂਝ ਰਿਹਾ ਹੈ ਤਾਂ ਇਨ੍ਹਾਂ ਦਿਨਾਂ ਵਿਚ ਜਾਮੀਆ ਮਿਲੀਆ ਇਸਲਾਮੀਆ ਵਿਚ ਚੱਲ ਰਹੇ ਅੰਦੋਲਨ ਦੀ ਜੁਆਇੰਟ ਐਕਸ਼ਨ ਕਮੇਟੀ ਨਾਲ ਸਬੰਧਿਤ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਅੰਗਰੇਜ਼ੀ ਵਿਚ ਛਪਦੀਆਂ ਅਖ਼ਬਾਰਾਂ ਅਤੇ ਮੀਡੀਆ ਵਿਚ ਤਾਂ ਆਨੰਦ ਤੈਲਤੁੰਬੜੇ ਅਤੇ ਗੌਤਮ ਨਵਲੱਖਾ ਦੀਆਂ ਗ੍ਰਿਫ਼ਤਾਰੀਆਂ ਬਾਰੇ ਕੁਝ ਜ਼ਿਕਰ ਹੋਇਆ ਹੈ ਪਰ ਹੋਰ ਭਾਸ਼ਾਵਾਂ ਦੇ ਅਖ਼ਬਾਰਾਂ ਵਿਚ ਇਸ ਦਾ ਜ਼ਿਕਰ ਨਾਮਾਤਰ ਰਿਹਾ ਹੈ। ਇਸ ਰੁਝਾਨ ਦਾ ਵਿਸ਼ਲੇਸ਼ਣ ਕਰਦਿਆਂ ਵਿਦੇਸ਼ੀ ਯੂਨੀਵਰਸਿਟੀ ਵਿਚ ਪੜ੍ਹਦੇ ਇਕ ਭਾਰਤੀ ਵਿਦਿਆਰਥੀ ਨੇ ਟਿੱਪਣੀ ਕੀਤੀ ਹੈ ਕਿ ਦੇਸ਼ ਦੀ ਸੱਤਾਧਾਰੀ ਧਿਰ ਅਤੇ ਮੀਡੀਆ ਵਿਚਕਾਰ ਪੈਦਾ ਹੋਈ ਵਿਚਾਰਧਾਰਕ ਇਕਸੁਰਤਾ ਕਾਰਨ ਆਨੰਦ ਤੇ ਗੌਤਮ ਦੀ ਗ੍ਰਿਫ਼ਤਾਰੀ ਬਾਰੇ ਆਵਾਜ਼ ਨਹੀਂ ਉਠਾਈ ਗਈ। ਆਨੰਦ ਅਤੇ ਗੌਤਮ ਹੀ ਨਹੀਂ ਸਗੋਂ ਸੈਂਕੜੇ ਹੋਰ ਸਮਾਜਿਕ ਕਾਰਕੁਨਾਂ ਨੂੰ ਵੀ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਿਆ ਹੈ।

ਹਜ਼ਾਰਾਂ ਸਾਲ ਪਹਿਲਾਂ ਪੈਦਾ ਹੋਏ ਗੌਤਮ ਬੁੱਧ ਅਤੇ ਉਸ ਦੇ ਭਰਾ-ਚੇਲੇ ਆਨੰਦ ਨੂੰ ਯਾਦ ਕਰਨ ਦੇ ਨਾਲ ਨਾਲ ਇਹ ਸਮਾਂ ਇਨ੍ਹਾਂ ਵੇਲ਼ਿਆਂ ਦੇ ਗੌਤਮ (ਨਵਲੱਖਾ) ਤੇ ਆਨੰਦ (ਤੈਲਤੁੰਬੜੇ) ਅਤੇ ਉਨ੍ਹਾਂ ਦੇ ਸਾਥੀਆਂ ਅਤੇ ਦੇਸ਼ ਵਿਚ ਸੰਘਰਸ਼ ਕਰ ਰਹੇ ਹੋਰ ਹਜ਼ਾਰਾਂ ਸਮਾਜਿਕ ਕਾਰਕੁਨਾਂ ਦੇ ਹੱਕ ਵਿਚ ਆਵਾਜ਼ ਉਠਾਉਣ ਦਾ ਹੈ।

Courtesy: Punjabi Tribune April 19, 2020

## ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ, ਮੱਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ

**20 ਅਪ੍ਰੈਲ 1939 ਨੂੰ ਬਰਨਾਲਾ ਨੇੜੇ ਪਿੰਡ ਰਾਏਸਰ ਵਿੱਚ ਜਨਮੇ**
**ਨਾਮਵਰ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ 80 ਵੇਂ ਜਨਮ ਦਿਨ ਉਤੇ ਵਿਸ਼ੇਸ---ਬਡਗੁਜਰਾਂ**

ਉਦਾਸੀ ਜੀ ਆਪਣੇ ਜਨਮ ਸਬੰਧੀ ਕਹਿੰਦੇ ਹਨ :-

ਵਿਧ ਮਾਤਾ ਨੇ ਛੱਡੇ ਜਾ ਕੰਨ ਮੇਰੇ, ਧਰਤੀ ਵਲ ਮੈਂ ਤੁਰੰਤ ਪਧਾਰਿਆ ਸੀ।
ਪਿੰਡ ਪੰਜਾਬ ਦੇ ਵਿਹੜੇ ਚੂਹੜਿਆਂ ਦੇ,
ਅਸੀਂ ਆ ਅਵਤਾਰ ਧਾਰਿਆ ਸੀ।

ਉਦਾਸੀ ਜੀ ਦੀ ਕਲਮ ਤੋਂ ਦਲਿਤ ਸਮਾਜ ਸਬੰਧੀ ਦੋ ਸ਼ਬਦ:-

ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ।
ਤੂੰ ਮਘਦਾ ਰਹੀਂ ਦੇ ਸੂਰਜਾ ਕੰਮੀਆਂ ਦੇ ਵੇਹੜੇ।
ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ।
ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ।
ਜਿਥੇ ਵਾਲ ਤਰਸਦੇ ਕੰਘੀਆਂ ਨੂੰ ।
ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਜਿਥੇ ਖਾਧੇ ਦੰਦ ਕਰੇੜੇ।
ਤੂੰ ਮਘਦਾ ਰਹੀਂ ਦੇ ਸੂਰਜਾ ਕੰਮੀਆਂ ਦੇ ਵਿਹੜੇ।

ਉਦਾਸੀ ਜੀ ਦੀ ਕਲਮ ਤੋਂ ਦਸਮੇਸ਼ ਪਿਤਾ ਜੀ ਦੀ
ਉਸਤਤ ਵਿੱਚ ਦੋ ਸ਼ਬਦ :-

ਮੈਂ ਇਸ ਲਈ ਹੀ ਮੰਨਿਆਂ ਹੈ, ਆਪੇ ਗੁਰ ਚੇਲਾ।
ਕਿ ਜੱਗ ਤੇ ਰਿਸ਼ਤਾ ਮਾਲਕ ਤੇ ਸੇਵਾਦਾਰ ਦਾ ਮੁੱਕ ਜਾਵੇ।
ਮੈਂ ਇਸ ਲਈ ਕੱਚੀ ਗੜੀ ਵਿਚ ਖੜ੍ਹ ਕੇ ਲੜਿਆ ਸੀ।
ਕਿ ਕੱਚੇ ਕੋਠੜੇ ਅੱਗੇ ਮਹਿਲ ਮੁਨਾਰ ਵੀ ਝੁੱਕ ਜਾਵੇ।

ਉਦਾਸੀ ਜੀ ਦੀ ਕਲਮ ਦੀ ਨਜ਼ਰ ਵਿਚ ਜੱਟ ਦੇ ਪੁੱਤਾਂ ਵਰਗੇ ਦੁੱਖ ਸੁੱਖ ਦੇ
ਸਾਝੀ ਜੱਗਾ ਸ਼ੀਰੀਂ ਅਤੇ ਕਿਸਾਨ ਦੀਆਂ ਸਾਂਝਾਂ :-

ਗੱਲ ਲਗ ਕੇ ਸ਼ੀਰੀਂ ਦੇ ਜੱਟ ਰੋਵੇ,
ਬੋਹ਼ਲਾਂ ਵਿਚੋਂ ਪਾਣੀ ਵੱਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ ਜੱਗਿਆ।

ਉਦਾਸੀ ਜੀ ਦੀ ਕਲਮ ਤੋਂ ਦਸਮੇਸ਼ ਪਾਤਸ਼ਾਹ ਸਬੰਧੀ ਦੋ ਸ਼ਬਦ:-

ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਐ,
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ।
ਗੂਠਾ ਲਾਇਆ ਨਹੀਂ ਜਿਨ੍ਹਾਂ ਬੇ ਦਾਵਿਆਂ ਉਤੇ।
ਸਿੰਘ ਅਜੇ ਵੀ ਲੱਖ ਹਜ਼ਾਰ ਜਿਊਂਦੇ।

**- ਅਮਰਜੀਤ ਸਿੰਘ ਬਡਗੁਜਰਾਂ**



ਲੋਕ ਕਵੀ ਸੰਤਰਾਮ ਉਦਾਸੀ

# ਬਹੁਜਨਾਂ ਦੀ ਅਜ਼ਾਦੀ ਅੰਦੋਲਨ ਦੇ ਮਸੀਹਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ

## ਪੰਮੀ ਲਾਲੋ ਮਜ਼ਾਰਾ ਦੀ ਪੁਸਤਕ "ਮੈਂ ਕਾਂਸ਼ੀ ਰਾਮ ਬੋਲਦਾ ਹਾਂ" ਮੁੜ ਕਾਂਸ਼ੀ ਰਾਮ ਸਿਰ ਚੜ੍ਹ ਬੋਲਦੈ..

ਭਾਰਤ 'ਤੇ ਪਿਛਲੇ 4000-4500 ਸਾਲਾਂ ਤੋਂ ਅਬਾਦ ਸਿੰਧੂ ਘਾਟੀ ਦੀ ਸੱਭਿਅਤਾ ਜੋ ਧਰਤੀ 'ਤੇ ਸਭ ਤੋਂ ਖ਼ੁਸ਼ਹਾਲ ਅਤੇ ਕੁਦਰਤੀ ਸਾਧਨਾਂ ਨਾਲ ਭਰਪੂਰ ਸੀ ਨੂੰ ਮੱਧ ਏਸ਼ੀਆਂ ਤੋਂ ਆਏ ਤੋਂ ਸ਼ਾਤਿਰ, ਚਲਾਕ ਅਤੇ ਮੱਕਾਰ ਲੋਕਾਂ ਨੇ ਸਾਜ਼ਿਸ਼ਾਂ, ਗੈਰ-ਕਾਨੂੰਨੀ, ਗੈਰ-ਮਨੁੱਖੀ ਢੰਗ ਤਰੀਕੇ ਅਪਣਾ ਕੇ ਰਾਜ ਭਾਗ 'ਤੇ ਕਬਜ਼ਾ ਕਰਕੇ ਹੁਕਮਰਾਨ ਧਿਰ ਨੂੰ ਗ਼ੁਲਾਮ ਬਣਾ ਲਿਆ। ਇਨ੍ਹਾਂ ਮਨੂੰਵਾਦੀ ਲੋਕਾਂ ਨੇ ਅਖੌਤੀ ਰੱਬ ਦਾ ਸਹਾਰਾ ਲੈ ਕੇ ਆਪਣੇ-ਆਪ ਨੂੰ ਸਰਵ ਸ਼੍ਰੇਸ਼ਟ ਮਨੁੱਖ ਐਲਾਨਿਆ ਅਤੇ ਭਾਰਤ ਦੇ ਮੂਲਨਿਵਾਸੀ, ਸਿੰਧੂ ਘਾਟੀ ਦੇ ਵਾਰਸਾਂ ਨੂੰ ਸ਼ੂਦਰ, ਅਛੂਤਾਂ ਦਾ ਨਾਮ ਦਿੱਤਾ। ਇਸ ਤਰ੍ਹਾਂ ਦੇਸ਼ ਵਿੱਚ ਗੈਰ-ਬਰਾਬਰੀ ਵਾਲੀ ਵਿਵਸਥਾ ਹੋਂਦ ਵਿੱਚ ਆਈ। ਸਮੇਂ-ਸਮੇਂ 'ਤੇ ਇਸ ਵਿਵਸਥਾ ਦੇ ਸ਼ਿਕਾਰ ਲੋਕਾਂ ਦੇ ਸਮਰਥਨ ਵਿੱਚ, ਹੱਕ ਵਿੱਚ ਇੱਕ ਰਹਿਨੁਮਾ ਦੇ ਰੂਪ ਵਿੱਚ ਤਥਾਗਤ ਗੌਤਮ ਬੁੱਧ, ਗੁਰੂ ਨਾਨਕ ਸਾਹਿਬ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 100 ਦੇ ਲਗਭੱਗ ਮਹਾਂਪੁਰਸ਼ਾਂ ਨੇ ਭਾਰਤ ਨੂੰ ਮੁੜ੍ਹ ਲੀਹਾਂ 'ਤੇ ਲਿਆਉਣ ਲਈ ਸੰਘਰਸ਼ ਕੀਤੇ, ਬਗਾਵਤ ਕੀਤੀ ਅਤੇ ਲੋਕਾਂ ਨੂੰ ਚੇਤੰਨ ਕਰਨ ਲਈ ਆਪਣਾ ਤਿਆਗ ਅਤੇ ਤਪੱਸਿਆ ਕੀਤੀ। ਮਨੁੱਖੀ ਹੱਕਾਂ ਲਈ ਜੂਝਣ ਵਾਲੇ ਦੇਸ਼ ਦੀ ਵਿਵਸਥਾ ਨੂੰ ਕਾਨੂੰਨੀ ਦਸਤਾਵੇਜ਼ (ਭਾਰਤੀ ਸੰਵਿਧਾਨ) ਲਿਖ ਕੇ ਦੇਣ ਵਾਲੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਨੇ ਮੁੜ੍ਹ ਦਫ਼ਨ ਹੋਏ ਮਿਸ਼ਨ ਨੂੰ ਮੁੜ੍ਹ ਸੁਰਜੀਤ (ਜਿੰਦਾ) ਕਰਨ ਵਾਲੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਭਾਰਤ ਦੀ ਧਰਤੀ 'ਤੇ ਸਮਾਜਿਕ, ਆਰਥਿਤ, ਰਾਜਨੀਤਿਕ, ਖੇਤਰ 'ਚ ਤਰਥੱਲੀ ਮਚਾਉਣ ਵਾਲੇ ਭਾਵ ਇਨਕਲਾਬੀ ਕਦਮ ਪੁੱਟੇ ਅਤੇ ਜਨ ਚੇਤਨਾ ਅਤੇ ਨਵੀਂ ਰਣਨੀਤੀ ਤਹਿਤ ਹਜ਼ਾਰਾਂ ਸਾਲਾਂ ਤੋਂ ਰਾਜ ਕਰਨ ਵਾਲੇ ਲੋਕਾਂ ਨੂੰ ਦਿਨੇ ਚਨੇ ਛਕਾਏ। ਸਾਹਿਬ ਕਾਂਸ਼ੀ ਰਾਮ ਜੀ ਦੇ ਰਾਜਨੀਤਿਕ ਵਿਰੋਧੀ ਅੱਜ ਵੀ ਮੰਨਦੇ ਹਨ ਕਿ ਕਾਂਸ਼ੀ ਰਾਮ ਨੇ ਭਾਰਤ ਦੀ ਸਮੁੱਚੀ ਦੇਸ਼ ਦੀ ਰਾਜਨੀਤੀ ਸੰਨ 1985 ਤੋਂ ਅਜਿਹੀ ਉਥਲ-ਪੁਥਲ ਮਚਾਈ ਕਿ ਰਾਜਨੀਤੀ ਜਿਹੜੀ ਕੁੱਝ ਕੁ ਘਰਾਣਿਆਂ ਤੱਕ ਹੀ ਸੀਮਿਤ ਸੀ, ਅੱਜ ਆਮ ਲੋਕ ਵੀ ਰਾਜਨੀਤੀ ਨੂੰ ਸਮਝਣ ਲੱਗੇ ਹਨ।

ਬਹੁਜਨ ਨਾਇਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਕਰੀਬ-ਕਰੀਬ 6 ਦਸੰਬਰ, 1978 ਈ: ਨੂੰ ਦੇਸ਼ ਵਿੱਚ ਬਾਮਸੇਫ (ਮੁਲਾਜ਼ਮਾਂ ਦਾ ਸੰਗਠਨ) ਨਾਮ ਦਾ ਸੰਗਠਨ ਬਣਾਇਆ, ਜੋ ਕਿ ਇੱਕ ਵੱਡੀ ਯੂਨੀਵਰਸਿਟੀ ਦੇ ਰੂਪ ਵਿੱਚ ਸਾਹਮਣੇ ਆਇਆ। ਉਹਨਾਂ ਨੇ 6 ਦਸੰਬਰ, 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀ.ਐੱਸ.4) ਨਾਮ ਦਾ ਸੰਗਠਨ ਆਮ ਲੋਕਾਂ ਵਿੱਚ ਸੰਘਰਸ਼ ਅਤੇ ਚੇਤੰਨਤਾ ਪੈਦਾ ਕਰਨ ਲਈ ਅਤੇ ਅਖ਼ੀਰ ਰਾਜਨੀਤਿਕ ਸੱਤਾ ਹਥਿਆਉਣ ਲਈ 14 ਅਪ੍ਰੈਲ, 1984ਈ: ਨੂੰ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਬਣਾ ਕੇ ਹਜ਼ਾਰਾਂ ਸਾਲਾਂ ਤੋਂ ਹਾਸ਼ੀਏ 'ਤੇ ਕੀਤੇ, ਪੀੜ੍ਹਿਤ ਸ਼ੋਸ਼ਿਤ ਸਮਾਜ ਨੂੰ ਮੁੜ੍ਹ ਰਾਜ ਕਰਨ ਦੀ ਜਾਗ ਲਗਾਈ, ਉਨ੍ਹਾਂ ਕਿਹਾ ਕਿ 'ਆਓ ਦੂਜਿਆਂ ਤੋਂ ਰਾਜ ਕਰਾਉਣ ਦੀ ਬਜਾਇ ਖ਼ੁਦ ਰਾਜ ਕਰੀਏ' ਉਨ੍ਹਾਂ ਇਤਿਹਾਸ ਤੋਂ ਸਬਕ ਲੈਂਦਿਆਂ ਆਪਣੀ ਨਿੱਜੀ ਗ੍ਰਹਿਸਤ, ਪਰਿਵਾਰਿਕ ਜਿੰਦਗੀ ਨੂੰ ਤਿਲਾਜਣੀ ਦਿੰਦੇ ਹੋਏ, ਸਮਾਜਿਕ ਚੇਤਨਾ ਪੈਦਾ ਹੋਣ ਕਾਰਨ ਆਪਣੇ-ਆਪ ਨੂੰ ਸਮਾਜ਼ ਲਈ ਸਮਰਪਿਤ ਕਰ ਦਿੱਤਾ।




ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਪੰਛੀ ਝਾਤ ਮਾਰਦਿਆਂ ਗਿਆਨ ਮਿਲ਼ਦਾ ਹੈ ਕਿ ਇੱਕ ਸਾਇਕਲ 'ਤੇ ਸਬਜ਼ੀ ਵੇਚਣ ਵਾਲਾ, ਜਿਮੀਂਦਾਰਾਂ ਦੇ ਸੀਰ੍ਹੀ ਲੱਗਣ ਵਾਲੇ ਵਰਕਰਾਂ ਨੂੰ ਰਾਜ ਭਾਗ ਵਾਲੀਆਂ ਲਾਲ ਰੰਗ ਦੀਆਂ ਬੱਤੀਆਂ ਵਾਲੀਆਂ ਗੱਡੀਆਂ ਅਤੇ ਸਮਾਜ ਦੀ ਅਗਵਾਈ ਕਰਨ ਵਾਲੇ ਆਗੂ ਬਣਾਇਆ। ਇੱਕ ਸਧਾਰਨ ਅਧਿਆਪਕ, ਇੱਕ ਸਧਾਰਨ ਪਰਿਵਾਰ ਦੀ ਸੰਘਰਸ਼ਾਂ ਦੀ ਮੋਹਰੀ ਲੜਕੀ ਕੁਮਾਰੀ ਮਾਇਆਵਤੀ ਨੂੰ ਪਾਕਿਸਤਾਨ ਦੇਸ਼ ਤੋਂ ਵੀ ਵੱਡੇ ਸੂਬੇ ਅਤੇ ਮਿੰਨੀ ਭਾਰਤ ਕਰਕੇ ਜਾਣੇ ਜਾਂਦੇ ਉੱਤਰ-ਪ੍ਰਦੇਸ਼ ਦੀ ਚਾਰ-ਚਾਰ ਵਾਰ ਮੁੱਖ ਮੰਤਰੀ ਬਣਾ ਕੇ ਦੁਨੀਆਂ ਨੂੰ ਦੱਸ ਦਿੱਤਾ ਕਿ ਜੇਕਰ ਇਰਾਦਾ ਨੇਕ ਹੋਵੇ ਤਾਂ ਰਸਤੇ ਨਿਕਲ ਆਉਂਦੇ ਹਨ। ਇਹ ਗੱਲ ਸੂਰਜ ਦੇ ਚੜ੍ਹਨ ਅਤੇ ਚੰਦਰਮਾ ਦੇ ਛਿਪਣ ਵਾਂਗ, ਵੀਹ ਵਿਸਵੇ, ਸੋਲ਼ਾ ਆਨੇ ਅਤੇ ਕੰਧ 'ਤੇ ਲਿਖੇ ਸੱਚ ਵਾਂਗ ਭਵਿੱਖ ਦੇ ਗਰਭ 'ਚ ਖ਼ਬਰ ਹੈ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆਂ ਦਾ ਰਾਜ ਇੱਕ ਦਿਨ ਜ਼ਰੂਰ ਆਵੇਗਾ।

ਇਹ ਸਾਰਾ ਕੁੱਝ ਇੱਕ ਸੂਝਵਾਨ, ਹੋਣਹਾਰ, ਊਰਜਾਵਾਨ ਨੌਜ਼ਵਾਨ ਲੇਖਕ ਪੰਮੀ ਲਾਲੋ ਮਜ਼ਾਰਾ ਦੀ ਪਲੇਠੀ ਪੁਸਤਕ 'ਮੈਂ ਕਾਂਸ਼ੀ ਰਾਮ ਬੋਲਦਾ ਹਾਂ' ਤੇ ਸ਼ਾਇਦ ਕਾਂਸ਼ੀ ਰਾਮ ਕਬਰਾਂ ਵਿੱਚੋਂ ਪੁੱਛਦੈ ਕਿ ਸੱਚ ਦੱਸਿਓ ਮੇਰੇ ਜਾਣ ਤੋਂ ਬਾਅਦ 'ਇਨਸਾਫ਼ ਦੀ ਦੇਵੀ' ਮੰਨਣ ਲੱਗੀ ਹੈ ਕਿ ਨਹੀਂ, ਮਨੁੱਖਤਾ ਤੇ ਮਨੁੱਖੀ ਹੱਕਾਂ ਦੀ ਬਹਾਲੀ ਲਈ ਬਾਬਾ ਸਾਹਿਬ ਦਾ ਸੰਦੇਸ਼ ਯਾਦ ਰੱਖਿਓ ਕਿ ਸ਼ੋਸ਼ਿਤਾਂ ਦੀ ਮੁਕਤੀ ਸੱਤਾ ਪ੍ਰਾਪਤੀ ਰਾਹੀਂ ਹੀ ਹੋਣੀ ਹੈ।

ਸਾਹਿਬ ਕਾਂਸ਼ੀ ਰਾਮ ਜੀ ਨੇ ਦਲਿਤਾਂ ਦੇ ਵਿਹੜਿਆਂ 'ਚ ਅਜਿਹੀ ਚੇਤਨਤਾ, ਜਗਿਆਸਾ ਪੈਦਾ ਕੀਤੀ ਤੇ ਹਜ਼ਾਰਾਂ ਕਦਮ ਅੱਗੇ ਵਧਾਏ। ਇੱਕ ਸੰਦੇਸ਼ ਦੇ ਰੂਪ ਵਿੱਚ ਡਾ. ਕਪੂਰ ਲਿਖਦੇ ਹਨ ਕਿ 'ਇਤਿਹਾਸ ਦੀ ਮਾਲ ਰੋਡ 'ਤੇ ਹੁਣ ਉਹ ਮੋੜ੍ਹ ਆ ਗਿਆ ਹੈ, ਜਦੋਂ ਦਲਿਤ ਵੀ ਪੂਰੇ ਜਾਹੋ-ਜਲੌਅ ਨਾਲ ਅਤੇ ਸਵੈਮਾਣ ਨਾਲ, ਮੱਥੇ ਵਿੱਚ ਨਵਾਂ ਸੂਰਜ ਬਾਲ਼ ਕੇ, ਅੱਖਾਂ ਵਿੱਚ ਨਵੇਂ ਸੁਫ਼ਨੇ ਲਟਕਾ ਕੇ ਅਤੇ ਦਿਲਾਂ ਦੀਆਂ ਨਵੀਆਂ ਰੀਝਾਂ ਜਗਾ ਕੇ ਨਵੀਆਂ ਪੁਲਾਂਘਾਂ ਪੁੱਟਣਗੇ ਅਤੇ ਹਰ ਰੁਕਾਵਟ ਨੂੰ ਲੰਘ ਜਾਣਗੇ'।



ਸੰਤੋਖ ਸਿੰਘ ਜੱਸੀ
91-70876-19800

ਪੰਮੀ ਲਾਲੋ ਮਜ਼ਾਰਾ ਦੀ ਇਹ ਨਵੇਕ਼ਲੀ ਪੁਸਤਕ ਇਤਿਹਾਸ ਦਾ ਅਜਿਹਾ ਦਸਤਾਵੇਜ਼ ਬਣ ਗਿਆ ਹੈ, ਜਿਸ ਨੂੰ ਪੜ੍ਹ ਕੇ ਮਨੁੱਖੀ ਹੱਕਾਂ ਦੀ ਬਹਾਲੀ, ਰਾਖੀ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਾ ਬਣਾਉਣ, ਸਮਾਜ ਦੇ ਉਜਵਲ ਭਵਿੱਖ ਲਈ ਸਿੱਖਿਅਤ, ਸੰਗਠਿਤ ਅਤੇ ਮਿਸ਼ਨਰੀ ਹੋਣ ਬਣਾਉਣ ਲਈ ਮਨੁੱਖ ਸਮਰਪਿਤ ਹੋਣ ਨੂੰ ਦਿਲ ਚਾਹੁੰਣ ਲੱਗਦਾ ਹੈ।

ਮੈਂ ਪੰਮੀ ਲਾਲੋ ਮਜ਼ਾਰਾ ਨੂੰ ਇਸ ਉੱਦਮ ਲਈ ਮੁਬਾਰਕਵਾਦ ਦਿੰਦਾ ਹਾਂ ਕਿ ਤੁਸੀਂ ਨਿਰੰਤਰ ਲਿਖਦੇ ਜਾਓ, ਜਿਸ ਤਰ੍ਹਾਂ ਕਿਸਾਨ ਹ਼ਲ ਵਾਹੁੰਦਾ, ਪਸੀਨਾਂ ਛੱਡਦਾ ਤੇ ਆਖ਼ਿਰ ਮਿਹਨਤਾਨਾ ਪ੍ਰਾਪਤ ਕਰਦਾ ਹੈ। ਕਿਉਂਕਿ ਉਡਾਨ ਹੁੰਦੀ ਹੈ, ਕੁੱਝ ਨਹੀਂ ਹੁੰਦਾ ਸੁਫ਼ਨਿਆਂ 'ਚ ਜਾਨ ਹੁੰਦੀ ਹੈ।

ਪੰਮੀ ਦੀ ਮਿਹਨਤ, ਜਨੂੰਨੀ ਭਾਵਨਾ, ਜਗਿਆਸੂ ਪ੍ਰਵਿਰਤੀ ਤੇ ਕਮਾਲ ਦੀ ਲਾਜ਼ਵਾਬ ਪੇਸ਼ਕਾਰੀ ਕਰਦੀ ਇਤਿਹਾਸਿਕ ਪੁਸਤਕ ਹੋ ਨਿੱਬੜਦੀ ਹੈ। ਪੰਮੀ ਦੀ ਮਿਹਨਤ ਨੂੰ ਇੱਕ ਦਿਨ ਬੂਰ ਜ਼ਰੂਰ ਪਵੇਗਾ। ਬਹੁਜਨ ਸਮਾਜ ਇੱਕ ਸ਼ਾਸਕ ਵਰਗ ਬਣ ਕੇ ਮੁੜ੍ਹ ਮੌਰੀਆ ਵੰਸ਼ ਸਥਾਪਿਤ ਕਰਕੇ ਦੇਸ਼ ਵਿੱਚ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਵਾਲੀ ਪੂਰਨ ਬਰਾਬਰੀ ਵਾਲੀ ਵਿਵਸਥਾ ਕਾਇਮ ਕਰਨਗੇ। ਸ਼ਾਇਦ ਇਹ ਪ੍ਰਾਪਤ ਪੰਮੀ ਵਰਗੇ ਉੱਦਮੀ, ਸੰਘਰਸ਼ੀ ਯੋਧਿਆਂ ਸਦਕਾ ਅਸੰਭਵ ਤੋਂ ਸੰਭਵ ਹੁੰਦੀ ਜਾਪਦੀ ਹੈ। ਕਿਤਾਬ ਦਾ ਟਾਈਟਲ ਦਲਿਤ ਬਹੁਜਨ, ਮਨੁੱਖਤਾ ਲਈ ਸੰਘਰਸ਼ਾਂ ਦੇ ਅੰਦੋਲਨਾਂ ਦਾ ਬਿੰਬ ਕਾਬਲ-ਏ-ਤਾਰੀਫ਼ ਹੈ। ਇਹ ਪੁਸਤਕ ਹਰ ਮਾਨਵਵਾਦੀ ਵਿਚਾਰਧਾਰਾ ਵਾਲੇ ਲੋਕਾਂ ਲਈ ਵਰਦਾਨ ਹੀ ਸਾਬਿਤ ਹੋਵੇਗੀ।

ਮੇਰਾ ਅਜਿਹਾ ਦਾਅਵਾ ਹੈ ਦੂਜੇ ਅਡੀਸ਼ਨ ਦਾ ਸਰਵਵਾਕ ਤੇ ਮੈਟਰ ਸੋਧਿਆ ਤੇ ਨਵਾਂ ਪਾਇਆ ਗਿਆ ਹੈ, ਜੋ ਮਹਾਨ ਤਿਆਗੀ ਅਤੇ ਰਣਨੀਤੀਕਾਰ ਦੀ ਰਣਨੀਤੀ ਨੂੰ ਬੇਖੌਫ਼ ਅਤੇ ਦਾਰਸ਼ਨਿਕ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਇਹ ਸਿਰਫ਼ ਲੱਗਦਾ ਕਿ ਪੰਮੀ ਦੇ ਹੀ ਹੱਥੋਂ ਲਿਖਿਆ ਜਾਣ ਵਾਲਾ ਇਤਿਹਾਸਿਕ ਦਸਤਾਵੇਜ਼ ਸਾਡੇ ਹੱਥਾਂ ਦਾ ਸ਼ਿੰਗਾਰ ਬਣੇਗਾ।

# ਜੰਗ-ਏ-ਆਜ਼ਾਦੀ ਹਿੰਦੋਸਤਾਨ 'ਚ ਅਪਰੈਲ ਮਹੀਨੇ ਦੇ ਸ਼ਹੀਦ ਯੋਧੇ

ਜਦੋਂ ਅਸੀਂ ਹਿੰਦੋਸਤਾਨ ਦੀ ਆਜ਼ਦੀ ਵਾਰੇ ਸੋਚਦੇ ਹਾਂ ਜਾਂ ਧਿਆਨ ਮਾਰਦੇ ਹਾਂ ਤਾਂ ਲੂੰ-ਕੰਡੇ ਖੜੇ ਹੋ ਜਾਂਦੇ ਹਨ । ਅੰਗਰੇਜ਼ੀ ਹਕੂਮਤ ਇੰਨੀ ਬੇਰਹਿਮ ਕਰੂਰ ਸੀ ਕਿ ਇਤਿਹਾਸ ਦੇ ਪੰਨ੍ਹੇ ਇਨਕਲਾਬੀਆਂ ਦੇ ਖ਼ੂਨ ਨਾਲ ਲੱਥਪੱਥ ਹੋਏ ਦਿੱਸਦੇ ਹਨ।

ਹਿੰਦੋਸਤਾਨ ਦੀ ਅੰਗਰੇਜ਼ ਹਕੂਮਤ ਵਿਰੁੱਧ ਵੱਖ ਵੱਖ ਸਭਾਵਾਂ , ਲਹਿਰਾਂ , ਜੱਥੇਬੰਦੀਆਂ ਅਤੇ ਗ਼ੈਰ ਜੱਥੇਬੰਦਕ ਦੇਸ਼ ਪ੍ਰੱਸਤੀਆਂ ਨੇ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਆਜ਼ਾਦੀ ਦੇ ਸੰਗਰਾਮ 'ਚ ਹਿੱਸਾ ਪਾਇਆ । ਜਿੰਨ੍ਹਾਂ ਵਿੱਚ ਅਸੀਂ ਕੂਕਾ ਲਹਿਰ, ਗ਼ਦਰ ਲਹਿਰ , ਬੱਬਰ ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ , ਬੰਗਾਲੀ ਇੰਨਕਲਾਬੀ ਲਹਿਰ, ਨੌਜਵਾਨ ਭਾਰਤ ਸਭਾ, ਖ਼ੁਦਾ - ਏ- ਖ਼ਿਦਮਤਗ ਲਹਿਰ, ਖ਼ਾਕਸਾਰ ਤਹਿਰੀਕ, ਵਹਾਬੀ ਲਹਿਰ, ਫ਼ਕੀਰ ਅਤੇ ਸੰਨਿਆਸੀ ਲਹਿਰ ਆਦਿ ਹੋਰ ਕਈ ਲਹਿਰਾਂ, ਸਭਾਵਾਂ ਅਤੇ ਜੱਥੇਬੰਦੀਆਂ ਨੇ ਹਿੱਸਾ ਪਾਇਆ ।

ਹਿੰਦੋਸਤਾਨ ਦੀ ਆਜ਼ਾਦੀ ਲਈ ਅੰਗਰੇਜ਼ ਵਿਰੁੱਧ ਜੰਗ ਲੱਗ ਭੱਗ ਦੋ ਸਦੀਆਂ ਤੋਂ ਵੱਧ ਸਮਾਂ ਚੱਲੀ , ਜਿਸ ਦਾ ਹਰ ਪੱਲ , ਦਿਨ , ਹਫ਼ਤਾ , ਮਹੀਨਾ ਅਤੇ ਹਰ ਸਾਲ ਇਤਿਹਾਸ ਦੇ ਪੰਨ੍ਹਿਆਂ ਉੱਪਰ ਦਿੱਤੀਆਂ ਸ਼ਹਾਦਤਾਂ ਦੇ ਸਬੂਤ ਦੱਸਦੇ ਹਨ ।

ਹਿੰਦੋਸਤਾਨ ਦੀ ਆਜ਼ਾਦੀ 'ਚ ਅਪਰੈਲ ਦੇ ਮਹੀਨੇ ਸ਼ਹੀਦਾਂ ਵਾਰੇ ਜਾਣਕਾਰੀ ਦੇ ਯਤਨਾਂ ਵਿੱਚੋਂ :-

1. 8 ਅਪਰੈਲ 1857 ਦੇ ਗ਼ਦਰ ਵਿੱਚ ਪਹਿਲੀ ਗੋਲੀ ਦਾਗ਼ਕੇ ਜੰਗ-ਏ-ਆਜ਼ਾਦੀ ਦਾ ਵਿੱਗਲ ਵਜਾਉਣ ਵਾਲਾ ਯੋਧਾ ਮੰਗਲ ਪਾਂਡੇ ਨੂੰ ਕਲਕੱਤਾ ਦੀ ਬੈਰਕਪੁਰ ਛਾਉਣੀ ਵਿੱਚ ਫਾਂਸੀ ਦੇ ਕੇ ਸ਼ਹੀਦ ਕੀਤਾ ।

2. 10 ਅਪਰੈਲ 1919 ਨੂੰ ਕਾਲੇ ਕਾਨੂੰਨਾਂ ਵਿਰੁੱਧ ਰੋਹ ਭਰੇ ਸ਼ਾਂਤਮਈ ਅੰਦੋਲਨ, ਅੰਮ੍ਰਿਤਸਰ ਜੋ ਸੈਫ਼ੂਦੀਨ ਕਿੱਚਲੂ ਅਤੇ ਡਾ.ਸਤਿਆਪਲ ਦੀ ਗ੍ਰਿਫਤਾਰੀ ਵਿਰੁੱਧ ਸੀ । ਕਾਲੀਆਂ ਝੰਡੀਆਂ ਲੈ ਕੇ ਬੈਠੇ ਅੰਦੋਲਨ ਕਾਰੀਆਂ ਉੱਪਰ ਗੋਲੀਆਂ ਦੀ ਬੌਛਾੜ ਨਾਲ 26 ਸ਼ਹੀਦ ਤੇ ਇਸ ਤੋਂ ਵੱਧ ਜ਼ਖ਼ਮੀ ਹੋਏ ।

3. 11 ਅਪਰੈਲ 1991 ਨੂੰ ਸਮਾਜ ਵਿੱਚ ਜਾਗ੍ਰਿਤੀ ਦੀ ਮਿਸ਼ਾਲ ਲੈ ਕੇ ਚੱਲਣ ਵਾਲਾ ਚਾਨਣ ਦਾ ਵਣਜ਼ਾਰਾ, ਆਜ਼ਾਦੀ ਘੁਲਾਟੀਆ ਸ. ਪ੍ਰਕਾਸ਼ ਸਿੰਘ ਪੁੱਤਰ ਸ. ਮੇਲਾ ਸਿੰਘ ਪਿੰਡ ਝਾਵਾਂ , ਹੁਸ਼ਿਆਰਪੁਰ ਨੂੰ ਬੇਰਹਿਮੀਆਂ ਨੇ ਗੋਲੀਆਂ ਮਾਰ ਸ਼ਹੀਦ ਕਰ ਦਿੱਤਾ ।

4. 12 ਅਪਰੈਲ, 1919 ਨੂੰ ਹੀਰਾ ਮੰਡੀ ਲਹੌਰ ਵਿੱਚ ਅੰਗਰੇਜ਼ ਰਾਜ ਅਤੇ ਰੌਲਟ ਐਕਟ ਵਿਰੁੱਧ ਸ਼ਾਤਮਈ ਜਲੂਸ ਦੀ ਅਗਵਾਈ ਕਰਦਾ 19 ਸਾਲ ਦਾ ਨੌਜਵਾਨ ਖ਼ੁਸ਼ੀ ਰਾਮ ਦੀ ਛਾਤੀ ਵਿੱਚ ਛੇ ਗੋਲੀਆਂ ਮਾਰੀਆਂ ਬਾਵਜ਼ੂਦ ਇਸਦੇ ਉਸ ਦਾ ਹਰ ਕਦਮ ਅੱਗੇ ਵੱਲ ਵੱਧਦਾ ਦੇਖ ਕੇ ਫ਼ਰੰਗੀ ਦੀ ਪੱਤੇ ਚੱਟ ਪੁਲੀਸ ਦੇ ਸਿਪਾਹੀ ਨੇ ਮੱਥੇ ਵਿੱਚ ਗੋਲੀ ਮਾਰਕੇ ਸ਼ਹੀਦ ਕਰ ਦਿੱਤਾ।

5. 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ਼ ਵਿੱਚ ਦਾ ਰੌਲਟ ਐਕਟ ਵਿਰੁੱਧ ਰੋਸ ਇਕੱਠ ਉੱਤੇ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਸੈਂਕੜੇ ਇੰਨਸਾਫ਼ ਪਸੰਦੀ ਬੇਦੋਸ਼ਿਆਂ ਨੂੰ ਸ਼ਹੀਦ ਕੀਤਾ ਸੈਂਕੜੇ ਹੀ ਜ਼ਖ਼ਮੀ ਹੋਏ, ਸ਼ਹੀਦਾਂ



Dr. Satyapal



Dr. Kitchiew

ਦੀ ਗਿਣਤੀ ਮਦਨ ਮੋਹਨ ਮਾਲਵੀਆ ਮੁਤਾਬਕ 1900 ਦੱਸੀ ਗਈ ਪਰ ਨਾਮ , ਗਿਣਤੀ 400 ਤੋਂ ਵੱਧ ਦੇ ਲੱਭੇ ਹਨ । ਖੋਜ਼ ਜਾਰੀ ਹੈ । ਇਸ ਖ਼ੂਨੀ ਕਾਂਡ ਨੇ ਬਹੁਤ ਦੇਸ਼ ਭਗਤ ਪੈਦਾ ਕੀਤੇ ਜਿੰਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਵੀ ਹਨ ।

6 .16 , ਅਪਰੈਲ , 1961 ਨੂੰ ਗ਼ਦਰੀ ਬਾਬਾ ਭਾਈ ਰਣਧੀਰ ਸਿੰਘ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਮਾਲਾ ਦੇ ਮਣਕੇ ਬਣੇ।

7 .-16 ਅਪਰੈਲ 1920 ਨੂੰ ਨੱਥਾ ਸਿੰਘ ਪੁੱਤਰ ਸਾਧਾ ਸਿੰਘ ਉਮਰ 29 ਸਾਲ ਪਿੰਡ ਢੋਟੀਆਂ ਅੰਡੇਮਾਨ ਜੇਲ੍ਹ 'ਚ ਸ਼ਹੀਦ ਹੋਏ ।

8. 18 ਅਪਰੈਲ 1899 ਨੂੰ ਤਿੰਨ ਚਾਪੇਕਰ ਭਰਾਵਾਂ ਵਿੱਚੋ ਦਮੋਦਰ ਚਾਪੇਕਰ ਨੂੰ ਰੈਂਡ ਨਾਮ ਦੇ ਅੰਗਰੇਜ਼ ਅਫ਼ਸਰ ਨੂੰ ਮਾਰਨ ਦੇ ਦੋਸ਼ 'ਚ ਫ਼ਾਂਸੀ ।

9. 19 ਅਪਰੈਲ 1930 ਨੂੰ ਨਾ ਮਿਲਵਰਤਣ ਲਹਿਰ ਦੇ ਹਿੱਸੇ ਦੇ ਨਾਲ ਨਾਲ ਹੱਥਿਆਰਬੰਦ ਆਜ਼ਾਦੀ ਪਸੰਦ ਯੋਧਿਆਂ ਚਿਟਾਗਾਂਗ ਅਸਲੇ ਖਾਨੇ ਨੂੰ ਲੁੱਟਿਆ । ਮੁੱਠ ਭੇੜ ਵਿੱਚ 30 ਦੇ ਕਰੀਬ ਸ਼ਹੀਦ ਹੋਏ ।

10 . 20 , ਅਪਰੈਲ 1915 ਨੂੰ ਸ਼ਹੀਦ ਅਰਜਨ ਸਿੰਘ ਸਪੁੱਤਰ ਸ.ਕੋਰਾ ਸਿੰਘ ,ਪਿੰਡ ਖਖਰਾਣਾ , ਜ਼ਿਲ੍ਹਾ ਫਿਰੋਜ਼ਪੁਰ ।ਅਨਾਰਕਲੀ ਬਜ਼ਾਰ ਵਿੱਚ ਥਾਨੇਦਾਰ ਮੁਹੰਮਦ ਮੂਸਾ ਤੇ ਹੌਲਦਾਰ ਮੌਹਸਮ ਅਲੀ ਖਾਂ ਨੂੰ ਮਾਰਨ ਦੇ ਦੋਸ਼ 'ਚ ਫ਼ਾਂਸੀ ।

11. 22 , ਅਪਰੈਲ 1980 ਨੂੰ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਹੁਸ਼ਿਆਰਪੁਰ ਸਦੀਵੀ ਵਿਛੋੜਾ ਦੇ ਕੇ ਆਪਣੇ ਯੁੱਧ ਸਾਥੀ ਸ਼ਹੀਦਾਂ ਦੀ ਕਤਾਰ 'ਚ ਖਲ੍ਹੋਅ ਗਏ ਆਪ, ਮਾਵਰਿਕ ਜਹਾਜ਼ ਰਾਹੀਂ ਗ਼ਦਰ ਵਾਸਤੇ ਹੱਥਿਆਰ ਲੈ ਕੇ ਜਾ ਰਹੇ ਗ਼ਦਰੀਆਂ 'ਚੋਂ ਇੱਕ ਮੈਂਬਰ ਸਨ ।ਸਾਂਨਫ਼ਰਾਂਸਿਸਕੋ ,ਜਰਮਨ ਸਾਜ਼ਿਸ਼ ਕੇਸ ਦੇ ਮੈਂਬਰ ਸਨ ।ਅਮਰੀਕਾ ਤੋਂ ਹਿੰ-ਦੋਸਤਾਨ ਵਾਪਿਸ ਜਾ ਕੇ ਆਦਿ ਧਰਮੀ ਲਹਿਰ ਦੇ ਬਾਨੀ ਸਨ ਮੋਹਰੀ ਸਨ , 1946 ਵਿੱਚ ਐਮ.ਐਲ.ਏ ਬਣੇ ।

12. 23, ਅਪਰੈਲ 1918 ਭਾਈ ਰਾਮ ਸਿੰਘ ਧੁਲੇਤਾ ਨੇ ਗ਼ਦਾਰ ਰਾਮ ਚੰਦਰਾ ਨੂੰ ਸਾਨਫ਼ਰਾਂਸਿਸਕੋ ਦੀ ਅਦਾਲਤ 'ਚ ਗੋਲੀ ਮਾਰ ਕੇ ਪਾਰ ਬੁਲਾਇਆ ,ਉਸ ਸਮੇਂ ਸ਼ੈਰਿਫ਼ ਨੇ ਭਾਈ ਜੀ ਦੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ ।

13. 26, ਅਪਰੈਲ 1915 ਨੂੰ ਭਾਈ ਈਸ਼ਰ ਸਿੰਘ , ਪਿੰਡ ਰੱਕਬਾ , ਲੁਧਿਆਣਾ ।12 ਨੰਬਰ ਰਸਾਲੇ ਵਿੱਚ ਮੁਲਾਜ਼ਮ , ਗ਼ਦਰ ਕਰਨ ਦੇ ਦੋਸ਼ ਵਿੱਚ ਮੇਰਠ ਜੇਲ੍ਹ 'ਚ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ ।

14. 26, ਅਪਰੈਲ, 1915 ਨੂੰ ਸ. ਫੂਲਾ ਸਿੰਘ ਪਲਟਨ 128 ਪਾਉਨੀਅਰ ਮੇਰਠ ਜੇਲ੍ਹ ਵਿੱਚ ਗ਼ਦਰ ਨਾਲ ਸਬੰਧ ਹੋਣ ਦੇ ਦੋਸ਼ ਲਾ ਕੇ ਕੋਰਟ ਮਾਰਸ਼ਲ ਕਰਕੇ ਫ਼ਾਂਸੀ ।

15. ਅਪਰੈਲ 1954 ਨੂੰ ਭਾਈ ਬਿਸ਼ਨ ਸਿੰਘ ਸਪੁੱਤਰ ਭਾਈ ਜੀਊਣ ਸਿੰਘ ਪਿੰਡ ਢੋਟੀਆਂ, ਗ਼ਦਰ ਲਹਿਰ ਨਾਲ ਸਬੰਧ ਹੋਣ ਕਰਕੇ ਡਸ਼ਗਈ ਵਿੱਚ ਕੋਰਟ ਮਾਰਸ਼ਲ, ਕਾਲੇ ਪਾਣੀ ਦੀ ਸਜ਼ਾ । ਅਪਰੈਲ ਮਹੀਨੇ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਗਿਣਤੀ 'ਚ ਵਾਧਾ ਕੀਤਾ ।

16. 18, ਅਪਰੈਲ 1954 ਨੂੰ ਡਾ. ਸਤਿਆਪਾਲ ਜੀ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ 'ਚ ਜਾ ਬਿਰਾਜੇ। ਆਪ ਨੇ ਕਾਲੇ ਕਾਨੂੰਨ ਰੌਲਟ ਐਕਟ ਵਿਰੱਧ ਲਾਮਬੰਦੀ ਕੀਤੀ ।

17. ਗੁਰਦੁਆਰਾ ਸੁਧਾਰ ਲਹਿਰ, ਦੇ ਸਬੰਧਤ ਸ਼ਹੀਦਾਂ ਦੀ ਪੂਰੀ ਜਾਣਕਾਰੀ ਪ੍ਰਾਪਤ ਨਾ ਹੋਣ ਕਰਕੇ ਦੱਸਣਾ ਸੰਭਵ ਨਹੀਂ ਹੋ ਸਕਿਆ ਪਰ ਇਹ ਲਹਿਰ ਦਾ ਹੋਣਾ ਵੀ ਦੇਸ਼ ਆਜ਼ਾਦੀ ਦਾ ਹੀ ਹਿੱਸਾ ਸੀ ਕਿਉਂਕਿ ਮਹੰਤ ਲਾਣਾ ਅੰਗਰੇਜ਼ ਸਰਕਾਰ ਦੀ ਸ਼ਹਿ ਹੇਠਾਂ ਹੀ ਕੰਮ ਕਰਦਾ ਸੀ ਤੇ ਗੁਰੂ ਘਰਾਂ ਦੀ ਬੇਅਦਬੀ ਕਰਦਾ ਸੀ ।

ਹਾਂ ਜੇਕਰ ਕਿਸੇ ਦੋਸਤ ਭੈਣ, ਭਰਾ , ਕੋਲ ਜਾਣਕਾਰੀ ਹੋਵੇ ਤਾਂ ਦੱਸਣਾ ਤਾਂ ਕਿ ਸ਼ਹੀਦਾਂ ਦੇ ਵਿਰਸੇ ਵਾਰੇ ਨਵੀਂ ਨੌਜਵਾਨੀ ਅਤੇ ਆਉਣ ਵਾਲੀ ਪੀੜ੍ਹੀ ਤੱਕ ਲਿਜਾਇਆ ਜਾ ਸਕੇ।

"ਸ਼ਹੀਦ", ਹਮੇਸ਼ਾਂ ਲੋਕਾਂ ਦੇ ਅੰਤਿਹ ਕਰਨ 'ਚ ਵਸੇ ਹੋਏ ਚਾਹੀਦੇ ਹਨ , ਸਾਨੂੰ ਜੀਊਣ ਦੀ ਆਸ ਪ੍ਰਦਾਨ ਕਰਦੇ ਹਨ , ਦੇਸ਼ , ਸਮਾਜ ਅਤੇ ਕੌਮਾਂ ਦਾ ਸਰਮਾਇਆ ਹੁੰਦੇ ਹਨ, ਮਾਣ ਹੁੰਦੇ ਹਨ, ਮਨੋਬੱਲ ਨੂੰ ਬੱਲ ਦੇਂਦੇ ਹਨ, ਔਖੀਆਂ ਪ੍ਰਸਥਿੱਤੀਆਂ ਵਿੱਚ ਰਾਹ ਦਰਸਾਉ ਹੁੰਦੇ ਹਨ ਤੇ ਚਾਨਣ ਮੁਨਾਰੇ ਹੁੰਦੇ ਹਨ ।

ਹਿੰਦੋਸਤਾਨ ਦੀ ਆਜ਼ਾਦੀ ਦੇ ਸ਼ਹੀਦ ਹਮੇਸ਼ਾਂ ਅਸਮਾਨ 'ਚ ਚਮਕਦੇ ਸਿਤਾਰੇ ਵਾਂਗ ਰਹਿਣਗੇ।

**ਵਲੋਂ :-**

**ਇੰਡੋ-ਅਮੈਰੀਕਨ ਹੈਰੀਟੇਜ ਫ਼ਊਂਡੇਸ਼ਨ ਨਿਊਯਾਰਕ**

# ਕਰੋਨਾਵਾਇਰਸ ਦਾ ਸੰਕਟ, ਆਰਥਿਕ ਵਿਕਾਸ ਅਤੇ ਵਾਤਾਵਰਨ



ਡਾ. ਗੁਰਿੰਦਰ ਕੌਰ
001-408-493-9776
ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ,
ਪੰਜਾਬ ਯੂਨੀਵਰਸਿਟੀ, ਪਟਿਆਲਾ

ਕਰੋਨਾ ਵਾਇਰਸ ਨੇ ਅੱਜਕੱਲ੍ਹ ਸਾਰੀ ਦੁਨੀਆ ਦੇ ਬਹੁਤੇ ਦੇਸਾਂ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਕਰੋਨਾ ਵਾਇਰਸ ਸਭ ਤੋਂ ਪਹਿਲਾ ਦਸੰਬਰ 2019 ਵਿਚ ਚੀਨ ਦੇ ਵੂਹਾਨ ਸ਼ਹਿਰ ਵਿਚ ਫੈਲਿਆ ਸੀ, ਉਦੋਂ ਦੁਨੀਆ ਦੇ ਬਾਕੀ ਦੇਸਾਂ ਨੂੰ ਇਸ ਬਿਮਾਰੀ ਦੀ ਭਿਆਨਕਤਾ ਦਾ ਕੋਈ ਅੰਦਾਜ਼ਾ ਨਹੀਂ ਸੀ ਪਰ ਉਸ ਤੋਂ ਬਾਅਦ ਇਹ ਦੱਖਣੀ ਕੋਰੀਆ ਅਤੇ ਜਾਪਾਨ ਨੂੰ ਆਪਣੀ ਲਪੇਟ ਵਿਚ ਲੈਂਦਾ ਹੋਇਆ ਤੇਜ਼ੀ ਨਾਲ ਇਟਲੀ, ਸਪੇਨ ਅਤੇ ਇਰਾਨ ਤੋਂ ਹੁੰਦਾ ਹੋਇਆ ਹੁਣ ਏਸ਼ੀਆ ਅਤੇ ਯੂਰਪ ਦੇ ਲਗਭਗ ਸਾਰੇ ਦੇਸਾਂ ਦੇ ਨਾਲ ਨਾਲ ਅਮਰੀਕਾ ਅਤੇ ਕੈਨੇਡਾ ਵਿਚ ਵੀ ਬੁਰੀ ਤਰ੍ਹਾਂ ਫੈਲ ਗਿਆ ਹੈ। ਚੀਨ ਵਿਚ ਇਸ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 3,341 ਹੈ ਜਦਕਿ ਇਟਲੀ, ਸਪੇਨ, ਅਮਰੀਕਾ, ਫ਼ਰਾਂਸ, ਯੂਨਾਈਟਡ ਕਿੰਗਡਮ ਆਦਿ ਦੇਸਾਂ ਵਿਚ ਕਰੋਨਾ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਭਾਵੇਂ ਇਟਲੀ ਦਾ ਸਿਹਤ ਵਿਭਾਗ ਦੁਨੀਆ ਵਿਚ ਚੰਗੀਆਂ ਸਿਹਤ ਸੇਵਾਵਾਂ ਲਈ ਜਾਣਿਆ ਜਾਂਦਾ ਹੈ ਤਾਂ ਵੀ 16 ਅਪ੍ਰੈਲ 2020 ਤੱਕ ਇਸ ਵਾਇਰਸ ਨਾਲ ਇਟਲੀ ਵਿਚ ਮੌਤਾਂ ਦੀ ਗਿਣਤੀ 22,197 ਹੋ ਗਈ ਹੈ। ਉੱਥੋਂ ਦੇ ਪ੍ਰਧਾਨ ਮੰਤਰੀ ਨੇ ਦੁਖੀ ਅਤੇ ਨਿਰਾਸ਼ ਹੁੰਦੇ ਹੋਏ ਕਿਹਾ ਹੈ ਕਿ ਹੁਣ ਸਾਡੇ ਵੱਸ ਵਿਚ ਕੁਝ ਵੀ ਨਹੀਂ ਹੈ ਸਭ ਕੁਝ ਰੱਬ ਆਸਰੇ ਹੈ ਕਿਉਂਕਿ ਇਸ ਬਿਮਾਰੀ ਦਾ ਹਾਲੇ ਤੱਕ ਕੋਈ ਵੀ ਸਟੀਕ ਇਲਾਜ ਹੀ ਨਹੀਂ ਹੈ ਜਿਹੜੇ ਮਰੀਜ ਠੀਕ ਵੀ ਹੋ ਰਹੇ ਹਨ ਉਹ ਵੀ ਸ਼ਾਇਦ ਉਨ੍ਹਾਂ ਦੀ ਆਪਣੀ ਰੋਗਾਂ ਨਾਲ ਲੜਨ ਵਾਲੀ ਜ਼ਿਆਦਾ ਸਰੀਰਕ ਸ਼ਕਤੀ ਅਤੇ ਇੱਛਾ ਸ਼ਕਤੀ ਅਤੇ ਡਾਕਟਰਾਂ ਦੀ ਉਚੇਚੀ ਸਾਂਭ-ਸੰਭਾਲ ਨਾਲ ਹੋ ਰਹੇ ਹਨ। ਇੱਥੇ ਇਹ ਗੱਲ ਸੋਚਣ ਵਾਲੀ ਹੈ ਕਿ 21ਵੀਂ ਸਦੀ ਵਿਚ ਜਦੋਂ ਦੁਨੀਆ ਦੇ ਵਿਕਸਤ ਦੇਸ ਵਿਕਾਸ ਦੀਆਂ ਸਿਖਰਾਂ ਛੋਹਣ ਦੇ ਬੇਸ਼ੁਮਾਰ ਦਾਅਵੇ ਕਰ ਰਹੇ ਹਨ ਅਤੇ ਹਰ ਰੋਜ਼ ਬਜ਼ਾਰਾਂ ਵਿਚ ਨਵੇਂ ਨਵੇਂ ਮਾਡਲਾਂ ਦੀਆਂ ਕਾਰਾਂ, ਫੋਨ, ਜਹਾਜ਼, ਤਰ੍ਹਾਂ ਤਰ੍ਹਾਂ ਦੇ ਬਰੈਂਡਾਂ ਦੇ ਕਪੜੇ, ਜੁੱਤੀਆਂ, ਘਰ ਦਾ ਸਾਜੋ ਸਮਾਨ ਆਦਿ ਉਤਾਰ ਰਹੇ ਹਨ ਉਂਦੋ ਇਨ੍ਹਾਂ ਕੋਲ ਇਸ ਵਾਇਰਸ ਦਾ ਇਲਾਜ ਹੀ ਨਹੀਂ ਹੈ। ਵਾਇਰਸ ਨੇ ਤਕਰੀਬਨ ਸਾਰੀ ਦੁਨੀਆ ਦੀਆਂ ਅਰਥ-ਵਿਵਸਥਾਵਾਂ ਹੀ ਹਿਲਾ ਕੇ ਰੱਖ ਦਿੱਤੀਆਂ ਹਨ ਅਤੇ ਸਿਹਤ ਸੇਵਾਵਾਂ ਦੀ ਬੁਰੀ ਹਾਲਤ ਦਾ ਵੀ ਭਾਂਡਾ ਫੋੜ ਦਿੱਤਾ ਹੈ। ਵਿਕਾਸ ਦੀ ਅੰਨੀ ਦੌੜ ਵਿਚ ਹਰ ਦੇਸ ਕੁਦਰਤੀ ਸਰੋਤਾਂ ਨੂੰ ਆਪਣੀ ਸੁਵਿਧਾ ਅਤੇ ਮਰਜ਼ੀ ਨਾਲ ਵਰਤ ਰਿਹਾ ਹੈ। ਜ਼ਿਆਦਾ ਦੇਸ ਦਰਿਆਵਾਂ ਉੱਤੇ ਬੰਨ ਲਾ ਕੇ ਉਨ੍ਹਾਂ ਦਾ ਪਾਣੀ ਆਪਣੀ ਇੱਛਾ ਮੁਤਾਬਕ ਵਰਤ ਰਹੇ ਹਨ ਜਿਸ ਕਰਕੇ ਦਰਿਆ ਸੁੱਕ ਅਤੇ ਮਰ ਰਹੇ ਹਨ। ਇਸੇ ਕਰਕੇ ਆਰਲ ਸਮੁੰਦਰ ਜੋ ਕਦੇ ਦੁਨੀਆ ਦਾ ਚੋਥਾ ਅੰਦਰੂਨੀ (ਇਨਲੈਂਡ) ਸਮੁੰਦਰ ਸੀ ਹੁਣ ਰੇਗਿਸਤਾਨ ਵਿਚ ਬਦਲ ਗਿਆ ਹੈ। ਗੱਲ ਕੀ ਧਰਤੀ ਉੱਤੇ ਵਿਚਰਨ ਵਾਲੀ ਹਰ ਸ਼ੈਅ ਉੱਤੇ ਮਨੁੱਖ ਕਾਬਜ਼ ਹੋ ਚੁੱਕਾ ਹੈ ਅਤੇ ਹੁਣ ਪੁਲਾੜ ਵਿਚਲੇ ਦੂਜੇ ਗ੍ਰਹਿਆਂ ਉੱਤੇ ਕਬਜਾ ਕਰਨ ਦੇ ਸੁਪਨੇ ਲੈ ਰਿਹਾ ਹੈ ਅਤੇ ਉੱਥੇ ਮਨੁੱਖਤਾ ਦੇ ਵਸੇਬੇ ਦੀਆਂ ਵਿਉਂਤਾਂ ਬਣਾ ਰਿਹਾ ਹੈ। ਆਪਣੇ ਇਸ ਧੱਕੇ ਵਾਲੇ ਵਰਤਾਰੇ ਨੂੰ ਆਰਥਿਕ ਵਿਕਾਸ ਦਾ ਨਾਂ ਦੇ ਰਿਹਾ ਹੈ। ਇਹ ਆਰਥਿਕ ਵਿਕਾਸ ਕਿਨਾਂ ਲਈ ਹੈ? ਇਸ ਦਾ ਜਵਾਬ ਤਾਂ ਬਹੁਤ ਸਿੱਧਾ ਹੀ ਹੋਣਾ ਚਾਹੀਦਾ ਹੈ ਕਿ ਮਨੁੱਖਾਂ ਅਤੇ ਉਨ੍ਹਾਂ ਦੀ ਬੇਹਤਰ ਜ਼ਿੰਦਗੀ ਲਈ, ਜੇਕਰ ਮਨੁੱਖਾਂ ਲਈ ਹੈ ਤਾਂ ਇਸ ਆਰਥਿਕ ਵਿਕਾਸ ਦੀ ਪੌੜੀ ਦੇ ਉਪਰਲੇ ਡੰਡੇ ਉੱਤੇ ਖੜ੍ਹੀ ਮਨੁੱਖਤਾ ਦਵਾਈ ਖੁਣੋਂ ਕਿਉਂ ਮਰ ਰਹੀ ਹੈ। ਬਿਮਾਰਾਂ ਲਈ ਲੋੜੀਦੇ ਬੈਂਡ, ਹਸਪਤਾਲ, ਦਵਾਈ, ਡਾਕਟਰ ਅਤੇ ਨਰਸਾਂ ਨਹੀਂ ਹਨ ਅਤੇ ਦੂਜੇ ਪਾਸੇ ਡਾਕਟਰਾਂ ਅਤੇ ਨਰਸਾਂ ਲਈ ਵੀ ਮਾਸਕ, ਦਸਤਾਨੇ ਅਤੇ ਹੋਰ ਲੋੜੀਂਦਾ ਸਮਾਨ ਨਹੀਂ ਹੈ। ਲੋਕ ਕਰੋਨਾ ਵਾਇਰਸ ਦੀ ਲਪੇਟ ਵਿਚ ਆ ਕੇ ਮਰ ਰਹੇ ਹਨ। ਜੇਕਰ ਮਨੁੱਖ ਹੀ ਨਾ ਰਿਹਾ ਤਾਂ ਆਰਥਿਕ ਵਿਕਾਸ ਦਾ ਕੀ ਮਤਲਬ ਹੈ।

ਦੁਨੀਆ ਦੇ ਵੱਖ ਵੱਖ ਦੇਸਾਂ ਵਿਚ ਪਹਿਲੇ ਸਮਿਆਂ ਵਿਚ ਵੱਖ-ਵੱਖ ਤਰ੍ਹਾਂ ਦੇ ਵਾਇਰਸ ਫੈਲਦੇ ਰਹੇ ਹਨ, ਪਰ ਉਂਦੋ ਉਨ੍ਹਾਂ ਦੇ ਫ਼ੈਲਣ ਵਿਚ ਸਮਾਂ ਲੱਗਦਾ ਸੀ ਕਿਉਂਕਿ ਆਵਾਜਾਈ ਦੇ ਸਾਧਨ ਇੰਨੇ ਵਿਕਸਤ ਨਹੀਂ ਸਨ। ਉਦੋਂ ਇਕ ਥਾਂ ਤੋਂ ਦੂਜੇ ਥਾਂ ਜਾਣ ਨੂੰ ਵਕਤ ਲੱਗਦਾ ਸੀ ਅਤੇ ਬਿਮਾਰੀ ਫੈਲਣ ਨੂੰ ਵੀ ਵਕਤ ਲੱਗਦਾ ਸੀ ਜਾਂ ਕਦੇ ਕਦੇ ਉਹ ਸਥਾਨਕ ਪੱਧਰ ਉੱਤੇ ਹੀ ਖ਼ਤਮ ਹੋ ਜਾਂਦੀ ਸੀ।

ਸੰਸਾਰ ਵਿਚ ਪਹਿਲਾਂ ਵੀ ਪਲੇਗ, ਹੈਜ਼ਾ, ਚੇਚਕ, ਟੀ.ਬੀ., ਸਪੇਨਿਸ਼ ਫਲੂ ਵਰਗੀਆਂ ਮਹਾਂਮਾਰੀਆਂ ਨੇ ਲੱਖਾਂ ਲੋਕਾਂ ਦੀ ਜਾਨ ਲਈ ਹੈ। ਹੁਣ 2020 ਵਿਚ ਸਾਡੇ ਇਸ ਅਖੌਤੀ ਵਿਕਾਸ ਨਾਲ ਕਰੋਨਾ ਵਾਇਰਸ ਅੰਤਰਰਾਸ਼ਟਰੀ ਉਡਾਣਾਂ ਰਾਹੀਂ



ਸਾਰੀ ਦੁਨੀਆ ਵਿਚ ਤੇਜ਼ੀ ਨਾਲ ਫੈਲ ਗਿਆ ਹੈ। ਹੁਣ ਇਹ ਵਾਇਰਸ ਵਿਦੇਸ਼ੋ ਆ ਕੇ ਹਰ ਦੇਸ ਵਿਚ ਸ਼ਹਿਰਾਂ, ਪਿੰਡਾਂ, ਕਸਬਿਆਂ, ਗੱਲ ਕੀ ਕੁਝ ਦੇਸਾਂ ਦੇ ਕੋਨੇ-ਕੋਨੇ ਵਿਚ ਫੈਲ ਗਿਆ ਹੈ ਅਤੇ ਇਸ ਤੋਂ ਬਚਣ ਲਈ ਪਹਿਲਾ ਅੰਤਰਰਾਸ਼ਟਰੀ ਸਰਹੱਦਾਂ, ਫਿਰ ਰਾਜਾਂ, ਸ਼ਹਿਰਾਂ, ਪਿੰਡਾਂ ਦੀਆਂ ਹੱਦਾਂ ਸੀਲ ਕਰ ਦਿੱਤੀਆਂ ਗਈਆਂ ਅਤੇ ਆਖ਼ੀਰ ਵਿਚ ਘਰਾਂ ਦੀ ਚਾਰਦੀਵਾਰੀ ਵਿਚ ਅਸੀਂ ਆਪਣੇ-ਆਪ ਹੀ ਬੰਦ ਹੋ ਗਏ।

ਦੂਜੇ ਪਾਸੇ ਕੁਦਰਤ ਦਾ ਕਮਾਲ ਦੇਖੋ ਮਨੁੱਖ ਕਰੋਨਾ ਵਾਇਰਸ ਤੋਂ ਡਰਦਾ ਘਰਾਂ ਵਿਚ ਬੰਦ, ਪਰ ਬਾਕੀ ਹਰ ਤਰ੍ਹਾਂ ਦੇ ਪੰਛੀ ਅਤੇ ਜੀਵ-ਜੰਤੂ ਬੇਫ਼ਿਕਰ ਹੋ ਉੱਡਦੇ ਅਤੇ ਖੁਲ੍ਹੇ ਆਮ ਘੁੰਮਦੇ ਫਿਰਦੇ ਹਨ। ਉਨ੍ਹਾਂ ਨੂੰ ਕਿਸੇ ਵੀ ਵਾਇਰਸ ਦਾ ਕੋਈ ਡਰ ਨਹੀਂ ਅਤੇ ਨਾ ਹੀ ਵਾਇਰਸ ਉਨ੍ਹਾਂ ਨੂੰ ਚਿੰਬੜਦਾ ਹੈ ਕਿਉਂਕਿ ਉਨ੍ਹਾਂ ਦਾ ਸਦਾ ਹੀ ਕੁਦਰਤ ਨਾਲ ਦੋਸਤੀ ਵਾਲਾ ਸੰਬੰਧ ਰਿਹਾ ਹੈ। ਉਨ੍ਹਾਂ ਨੇ ਕੁਦਰਤੀ ਸਰੋਤਾਂ ਨੂੰ ਵਰਤਿਆ ਹੈ, ਉਨ੍ਹਾਂ ਦਾ ਉਜਾੜਾ ਨਹੀਂ ਕੀਤਾ। ਤਰ੍ਹਾਂ ਤਰ੍ਹਾਂ ਦੇ ਦਰਖ਼ਤ, ਝਾੜੀਆਂ, ਫੁੱਲ-ਪੌਦੇ, ਘਾਹ-ਫੂਸ ਭਾਵ ਬਨਸਪਤੀ, ਪਸ਼ੂ-ਪੰਛੀ ਅਤੇ ਕੀੜੇ-ਮਕੌੜੇ ਅਤੇ ਮਨੁੱਖ ਤਿੰਨ ਤਰ੍ਹਾਂ ਦੇ ਜੈਵਿਕ ਹੀ ਧਰਤੀ ਉੱਤੇ ਵਿਚਰ ਰਹੇ ਹਨ ਜਿਸ ਦਾ ਸਿੱਧਾ ਮਤਲਬ ਹੈ ਕਿ ਇਨ੍ਹਾਂ ਤਿੰਨਾਂ ਦਾ ਸਾਰੇ ਕੁਦਰਤੀ ਸਰੋਤਾਂ ਉੱਤੇ ਇਕੋ ਜਿੰਨਾਂ ਹੱਕ ਹੈ ਭਾਵ 33-33-33 ਫ਼ੀਸਦ। ਅਸੀਂ ਬਨਸਪਤੀKਜੰਗਲਾਂ ਦੇ 33 ਫ਼ੀਸਦ ਹਿੱਸੇ ਦੀ ਗੱਲ ਤਾਂ ਕਰਦੇ ਹਾਂ, ਪਰ ਜੀਵ ਜੰਤੂਆਂ ਦੇ 33 ਫ਼ੀਸਦ ਹਿੱਸੇ ਦੀ ਗੱਲ ਕਦੇ ਕਿਸੇ ਨੇ ਭੁੱਲ ਭੁਲੇਖੇ ਵੀ ਨਹੀਂ ਕੀਤੀ ਕਿਉਂਕਿ ਉਸ ਉੱਤੇ ਤਾਂ ਅਸੀਂ ਬਹੁਤ ਸਮਾਂ ਪਹਿਲਾਂ ਹੀ ਕਬਜਾ ਕੀਤਾ ਹੋਇਆ ਹੈ। ਹੁਣ ਬਨਸਪਤੀ ਦਾ ਹਿੱਸਾ ਵੀ ਹੜੱਪਣ ਲੱਗੇ ਹੋਏ ਹਾਂ ਅਤੇ ਉਸ ਹਿੱਸੇ ਨੂੰ ਆਰਥਿਕ ਵਿਕਾਸ ਦੇ ਨਾਂ ਉੱਤੇ ਕੰਕਰੀਟ ਜੰਗਲ ਵਿਚ ਬਦਲ ਕੇ ਮੌਸਮ ਵਿਚ ਅਣਕਿਆਸੀਆਂ ਤਬਦੀਲੀਆਂ ਲਿਆ ਕੇ ਹਰ ਸਾਲ ਤਰ੍ਹਾਂ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਝੱਲਦੇ ਹਾਂ। ਅਸੀਂ ਵੱਡੇ ਵੱਡੇ ਬੰਨ੍ਹ ਬਣਾ ਕੇ ਦਰਿਆਵਾਂ ਦਾ ਪਾਣੀ ਸਿੰਚਾਈ, ਉਦਯੋਗਾਂ, ਬਿਜਲੀ ਬਣਾਉਣ ਪਾਣੀ ਸਿੰਚਾਈ ਅਤੇ ਪੀਣ ਲਈ ਵਰਤਦੇ ਹਾਂ। ਪਰ ਦਰਿਆਵਾਂ ਵਿਚ ਉਨਾ ਕੁ ਪਾਣੀ ਵੀ ਨਹੀਂ ਛੱਡਦੇ ਜਿੰਨੇ ਕੁ ਨਾਲ ਉਨ੍ਹਾਂ ਦੀ ਹੋਂਦ ਕਾਇਮ ਰਹਿ ਸਕੇ, ਬਲਕਿ ਦਰਿਆਵਾਂ ਵਿਚ ਉਦਯੋਗਾਂ ਅਤੇ ਸੀਵਰੇਜ ਦਾ ਗੰਦਾ ਪਾਣੀ ਸੁੱਟ ਦਿੰਦੇ ਹਾਂ। ਬਰਸਾਤ ਦੇ ਦਿਨਾਂ ਵਿਚ ਜਦੋਂ ਹੜ੍ਹ ਆਉਂਦਾ ਹੈ ਤਾਂ ਦਰਿਆਂ ਦਾ ਪਾਣੀ ਸਾਡੇ ਸੁੱਟੇ ਹੋਏ ਗੰਦ ਸਮੇਤ ਸਾਡੇ ਘਰਾਂ ਵਿਚ ਆ ਵੜਦਾ ਹੈ ਉਸ ਨੂੰ ਅਸੀਂ ਕੁਦਰਤ ਦੀ ਕਰੋਪੀ ਕਹਿੰਦੇ ਹਾਂ ਪਰ ਉਹ ਕੁਦਰਤ ਦੀ ਕਰੋਪੀ ਨਹੀਂ ਬਲਕਿ ਕੁਦਰਤੀ ਵਰਤਾਰਾ ਹੈ। ਜੋ ਅਸੀਂ ਬੀਜਦੇ ਹਾਂ ਉਹੀ ਵੱਢਦੇ ਹਾਂ। ਉਹ ਸਾਡਾ ਹੀ ਦਰਿਆਵਾ ਵਿਚ ਸੁੱਟਿਆ ਹੋਇਆ ਗੰਦ ਸੀ ਜੋ ਕੁਦਰਤ ਨੇ ਸਾਨੂੰ ਮੋੜ ਦਿੱਤਾ।

ਕਰੋਨਾ ਵਾਇਰਸ ਦੇ ਆਉਣ ਨਾਲ ਜਦੋਂ ਮਨੁੱਖ ਆਪਣੇ ਘਰ ਵੜਿਆ ਉਂਦੋ ਹੀ ਪਸ਼ੂ-ਪੰਛੀਆਂ ਨੇ ਆਪਣੀ ਥਾਂ ਆ ਕੇ ਮੱਲਣੀ ਸ਼ੁਰੂ ਕਰ ਦਿੱਤੀ। ਅੱਜਕੱਲ੍ਹ ਸਵੇਰੇ ਦਿਨ ਚੜ੍ਹਨ ਦੇ ਨਾਲ ਨਾਲ ਪੰਛੀ ਆਪਣਾ ਮਿੱਠਾ ਸੁਰ ਅਲਾਪਣਾ ਸ਼ੁਰੂ ਕਰ ਦਿੰਦੇ ਹਨ। ਹਵਾਈ ਜਹਾਜਾਂ ਸਮੇਤ ਹਰ ਤਰ੍ਹਾਂ ਦੇ ਵਾਹਨਾਂ ਦੀ ਵਰਤੋਂ ਅਤੇ ਉਦਯੋਗ ਬੰਦ ਹੋਣ ਕਰਕੇ ਜ਼ਹਿਰੀਲੀਆਂ ਗੈਸਾਂ ਦੇ ਨਿਕਾਸ ਵਿਚ ਤੇਜ਼ੀ ਨਾਲ ਕਮੀ ਆਉਣ ਨਾਲ ਆਸਮਾਨ ਵੀ ਬਿਲਕੁਲ ਸਾਫ਼ ਨਜ਼ਰ ਆਉਣ ਲੱਗ ਪਿਆ ਹੈ। ਪ੍ਰਦੂਸ਼ਣ ਘਟਣ ਕਾਰਨ ਪੰਜਾਬ ਦੇ ਆਦਮਪੁਰ ਤੋਂ ਹਿਮਾਲਿਆਂ ਪਰਬਤ ਨਜ਼ਰ ਆਉਣ ਲੱਗ ਪਿਆ ਹੇ। ਸਾਡੇ ਦੇਸ ਦੀ ਰਾਜਧਾਨੀ ਦਿੱਲੀ ਜਿਸ ਨੂੰ ਫ਼ਰਵਰੀ 2020 ਵਿਚ ਆਈ, ਆਈ, ਕਿਊ ਏਅਰ ਵਿਜੂਅਲ ਸੰਸਥਾ ਦੀ ਇਕ ਰਿਪੋਰਟ ਨੇ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਘੋਸ਼ਿਤ ਕੀਤਾ ਸੀ ਲੌਕਡਾਊਨ ਹੋਣ ਕਰਕੇ, ਉੱਥੋਂ ਦਾ ਏਅਰ ਕੁਆਲਟੀ ਇੰਡੈਕਸ ਵੀ ਸੁਧਰਨ ਲੱਗ ਗਿਆ ਹੈ ਜਿਸ ਦਾ ਭਾਵ ਇਹ ਹੈ ਕਿ ਹਵਾ ਦੀ ਗੁਣਵਤਾ ਵਿਚ ਸੁਧਾਰ ਆਉਣਾ ਸ਼ੁਰੂ ਹੋ ਗਿਆ ਹੈ। ਗੰਗਾ ਨਦੀ ਦਾ ਪਾਣੀ, ਸ਼ਰਧਾਲੂਆਂKਸੈਲਾਨੀਆਂ ਦੇ ਨਾ ਜਾਣ ਅਤੇ ਉਦਯੋਗਾਂ ਦੇ ਬੰਦ ਹੋਣ ਕਰਕੇ ਉੱਥੋਂ ਦਾ ਗੰਦਾ ਪਾਣੀ ਗੰਗਾ ਵਿਚ ਨਾ ਪੈਣ ਕਰਕੇ ਸਾਫ਼ ਹੋਣਾ ਸ਼ੁਰੂ ਹੋ ਗਿਆ ਹੈ ਜੋ ਕਰੋੜਾਂ ਰੁਪਏ ਖ਼ਰਚ ਕਰਕੇ ਵੀ ਸਰਕਾਰ ਸਾਫ਼ ਨਹੀਂ ਕਰ ਸਕੀ। ਹੁਣ ਸਾਫ਼ ਪਾਣੀ ਵਿਚ ਮੱਛੀਆਂ ਵੀ ਦਿਖਣੀਆਂ ਸ਼ੁਰੂ ਹੋ ਗਈਆਂ ਹਨ।

ਚੀਨ ਵਿਚ ਵੀ ਹਵਾ ਦਾ ਪ੍ਰਦੂਸ਼ਣ ਘਟਣ ਕਰਕੇ ਅਸਮਾਨ ਸਾਫ਼ ਹੋ ਗਿਆ ਹੈ ਅਤੇ ਇਟਲੀ ਵਿਚ ਵੀ ਸੈਲਾਨੀਆਂ ਦੀ ਆਵਾਜਾਈ ਦੇ ਨਾ ਹੋਣ ਕਰਕੇ ਉੱਥੋਂ ਦੀਆਂ ਨਹਿਰਾਂ ਅਤੇ ਨਦੀਆਂ ਦਾ ਪਾਣੀ ਸਾਫ਼ ਹੋ ਗਿਆ ਹੈ। ਹਰ ਤਰ੍ਹਾਂ ਦੇ ਪਸ਼ੂ-ਪੰਛੀ ਉਨ੍ਹਾਂ ਥਾਵਾਂ ਉੱਤੇ ਜ਼ਿਆਦਾ ਦਿਖਾਈ ਦਿੰਦੇ ਹਨ ਜਿੱਥੇ ਪ੍ਰਦੂਸ਼ਣ ਘੱਟ ਹੋਵੇ ਅਤੇ ਕੁਦਰਤ ਦੇ ਜ਼ਿਆਦਾ ਨੇੜੇ ਹੋਵੇ। ਉਨ੍ਹਾਂ ਦਾ ਇਹ ਸੰਕੇਤਕ ਭਾਸ਼ਾ ਵਿਚ ਦੱਸਣਾ ਕਿ ਮਨੁੱਖ ਨਾਲੋਂ ਜ਼ਿਆਦਾ ਸਿਆਣੇ ਹਨ ਨਾ ਤਾਂ ਵਾਤਾਵਰਨ ਨੂੰ ਗੰਦਾ ਕਰਦੇ ਹਨ ਅਤੇ ਨਾ ਹੀ ਪ੍ਰਦੂਸ਼ਣ ਵਾਲੀਆਂ ਥਾਵਾਂ ਉੱਤੇ ਰਹਿੰਦੇ ਹਨ। ਹੁਣ ਇਹ ਵੀ ਸੋਚਣਾ ਬਣਦਾ ਹੈ ਕਿ ਕਰੋਨਾ ਵਾਇਰਸ ਨੇ ਦੁਨੀਆ ਨੂੰ ਕੀ ਸੁਨੇਹਾ ਦਿੱਤਾ ਹੈ। ਇਸ ਵਾਇਰਸ ਨੇ ਮਨੁੱਖਤਾ ਨੂੰ ਪਰਤੱਖ ਰੂਪ ਵਿਚ ਦਿਖਾ ਦਿੱਤਾ ਹੈ ਕਿ ਜੇਕਰ ਅਸੀਂ ਕੁਦਰਤ ਦੀ ਸਾਂਭ ਨਾ ਕੀਤੀ ਤਾਂ ਮਨੁੱਖਤਾ ਦੀ ਹੋਂਦ ਖ਼ਤਰੇ ਵਿਚ ਪੈ ਜਾਵੇਗੀ ਜਿਸ ਲਈ ਸਾਨੂੰ ਸਾਰੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨੀ ਅਤੇ ਕੁਦਰਤ ਨਾਲ ਇਕਸੁਰਤਾ ਬਣਾ ਕੇ ਰੱਖਣੀ ਚਾਹੀਦੀ ਹੈ। ਇਸ ਦੇ ਨਾਲ ਨਾਲ ਹਰ ਤਰ੍ਹਾਂ ਦੇ ਜੈਵਿਕਾਂ ਨੂੰ ਵੀ ਕੁਦਰਤੀ ਸਰੋਤਾਂ ਵਿਚ ਉਨ੍ਹਾਂ ਦਾ ਬਣਦਾ ਹਿੱਸਾ ਦੇਣਾ ਚਾਹੀਦਾ ਹੈ।

ਭਾਵੇਂ ਆਰਥਿਕ ਵਿਕਾਸ ਹਰ ਦੇਸ ਲਈ ਜ਼ਰੂਰੀ ਹੈ ਪਰ ਆਰਥਿਕ ਵਿਕਾਸ ਨੂੰ ਮਾਨਣ ਲਈ ਸਾਫ਼ ਪਾਣੀ, ਸਾਹ ਲੈਣ ਲਈ ਸਾਫ਼ ਹਵਾ ਚਾਹੀਦੀ ਹੈ। ਕਰੋਨਾ ਵਾਇਰਸ ਫੇਫੜਿਆਂ ਉੱਤੇ ਸਭ ਤੋਂ ਵੱਧ ਅਸਰ ਕਰਦਾ ਹੈ, ਇਸ ਲਈ ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਣ ਨਾਲ ਫੇਫੜੇ ਹੀ ਖ਼ਰਾਬ ਹੁੰਦੇ ਹਨ। ਦੁਨੀਆ ਦੇ ਸਾਰੇ ਦੇਸਾਂ ਨੂੰ ਚਾਹੀਦਾ ਹੈ ਕਿ ਸਿਹਤ-ਸੇਵਾਵਾਂ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਦੀ ਥਾ ਉੱਤੇ ਜਨਤਕ ਸਿਹਤ ਸੇਵਾਵਾਂ ਨੂੰ ਚੁਸਤ-ਦਰੁਸਤ ਬਣਾਵੇ ਤਾਂ ਕਿ ਕਿਸੇ ਵੀ ਮਹਾਂਮਾਰੀ ਆਉਣ ਵੇਲੇ ਲੋਕਾਂ ਨੂੰ ਵੇਲੇ ਸਿਰ ਅਤੇ ਉਚਿਤ ਕੀਮਤ ਉੱਤੇ ਇਲਾਜ ਉਪਲਬਧ ਹੋਵੇ। ਕੁਦਰਤੀ ਹਵਾ ਸਾਨੂੰ ਮੁਫ਼ਤ ਮਿਲਦੀ ਹੈ, ਪਰ ਇਸ ਮਹਾਂਮਾਰੀ ਵਕਤ ਵੈਂਟੀਲੇਟਰ ਵਾਲੀ ਆਕਸੀਜ਼ਨ ਦੀ ਕੀਮਤ ਦੇਣਾ ਗ਼ਰੀਬ ਵਿਅਕਤੀਆਂ ਦੇ ਵੱਸ ਦਾ ਰੋਗ ਨਹੀਂ ਜਿਸ ਕਾਰਨ ਉਹ ਅਣਆਈ ਮੌਤ ਮਰ ਰਹੇ ਹਨ। ਸਿਹਤ-ਸੇਵਾਵਾਂ ਦੇ ਨਾਲ ਨਾਲ ਸਾਨੂੰ ਜਨਤਕ ਆਵਾਜਾਈ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਨਿੱਜੀ ਵਾਹਨਾਂ ਦੀ ਗਿਣਤੀ ਘਟਾਈ ਜਾ ਸਕੇ ਅਤੇ ਵਾਤਾਵਰਨ ਵਿਚ ਘੱਟ ਤੋਂ ਘੱਟ ਪ੍ਰਦੂਸ਼ਣ ਫੈਲੇ। ਮਹਾਂਮਾਰੀ ਨਾਲ ਲੜਨ ਲਈ ਸਾਨੂੰ ਚੰਗੇ ਹਸਪਤਾਲਾਂ, ਡਾਕਟਰਾਂ, ਨਰਸਾਂ, ਦਵਾਈਆਂ ਅਤੇ ਹੋਰ ਲੋੜੀਂਦੇ ਸਾਧਨਾਂ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਚੰਗੀਆਂ ਸਿਹਤ ਸੇਵਾਵਾਂ ਲੋਕਾਂ ਨੂੰ ਮੁਹੱਈਆ ਕਰਵਾਉਣ ਲਈ ਯੋਜਨਾਬੰਦ ਤਰੀਕੇ ਨਾਲ ਕੰਮ ਕਰੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਹੋਣ ਵਾਲੀਆਂ ਬਿਮਾਰੀਆਂ ਤੋਂ ਲੋਕ ਬਚ ਸਕਣ।

# ਕੋਰੋਨਾ, ਕੁਦਰਤ ਦਾ ਦੋਸਤ



ਅਮਰਜੀਤ ਕੌਰ 'ਲਾਲਪੁਰ'
+91-89680 39646

ਕੋਰੋਨਾ ਉਸ ਸਮਝਦਾਰ ਰਿਸ਼ਤੇਦਾਰ ਦੀ ਤਰ੍ਹਾਂ ਹੈ ਜਿਸਨੂੰ ਜੇਕਰ ਤੁਸੀਂ ਘਰ ਆਉਣ ਦਾ ਸੱਦਾ ਦਿਓਗੇ ਤਾਂ ਹੀ ਘਰ ਆਵੇਗਾ। ਕੋਰੋਨਾ ਨੂੰ ਪੈਦਾ ਕਰਨਾ ਭਾਵੇਂ ਇਹ ਕਿਸੀ ਵੀ ਦੇਸ਼ ਦੀ ਸਾਜਿਸ਼ ਹੀ ਕਿਉਂ ਨਾ ਸੀ ਪਰ ਇਹ ਪੈਦਾ ਹੋ ਕੇ ਇਨਸਾਨ ਦਾ ਹੀ ਦੁਸ਼ਮਣ ਬਣਿਆ ਕੁਦਰਤ ਨੂੰ ਤੇ ਇਸਨੇ ਆਪਣਾ ਦੋਸਤ ਬਣਾ ਲਿਆ। ਉਹ ਕੁਦਰਤ ਜਿਸ ਨੂੰ ਇਨਸਾਨ ਕਾਫ਼ੀ ਸਮੇਂ ਤੋਂ ਮਖੌਲਾਂ ਕਰਦਾ ਆ ਰਿਹਾ ਸੀ, ਉਸ ਵਿੱਚ ਦਖ਼ਲਅੰਦਾਜ਼ੀ ਕਰਕੇ ਧਰਤੀ 'ਤੇ ਅਣਚਾਹੇ ਬਦਲਾਅ ਲਿਆ ਰਿਹਾ ਸੀ। ਫਿਰ ਦੱਸੋ ਕੋਰੋਨਾ ਬੁਰਾ ਕਿਵੇਂ ਹੋਇਆ? ਹੁਣ ਕੁਦਰਤ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਉਸਨੇ ਆਪਣੀ ਸ਼ਕਤੀ ਦੀ ਇੱਕ ਝਲਕ ਕੋਰੋਨਾ ਦੇ ਰੂਪ 'ਚ ਦਿਖਾਈ ਕਿ ਜੇ ਇਨਸਾਨ ਇਸ ਧਰਤੀ ਤੇ ਨਾ ਰਿਹਾ ਤਾਂ ਮੇਰੇ ਸੁਹੱਪਣ ਤੇ ਚਾਰ ਚੰਨ ਲੱਗ ਜਾਣਗੇ। ਕੁਦਰਤ ਮਨੁੱਖ ਨੂੰ ਇੰਝ ਕਹਿੰਦੀ ਜਾਪਦੀ ਹੈ, "ਦੇਖ! ਮੈਂ ਤੈਨੂੰ ਕੁਝ ਦਿਨ ਲਈ ਕੈਦ ਰੱਖਿਆ ਹੈ, ਹੁਣ ਤੂੰ ਮੇਰੇ ਅਚੰਭਤ ਕਰਨ ਵਾਲੇ ਨਜ਼ਾਰੇ ਦੇਖ। ਤੇਰੇ ਬਿਨਾਂ ਸਭ ਕਿੰਨਾਂ ਸੋਹਣਾ ਹੋ ਗਿਆ ਹੈ। ਉਹ ਸਾਰੇ ਦਰਿਆ, ਨਦੀਆਂ ਅਤੇ ਝੀਲਾਂ ਜਿੰਨਾਂ ਵਿੱਚ ਤੂੰ ਅੰਧਵਿਸ਼ਵਾਸੀ ਨੇ ਜ਼ਹਿਰ ਘੋ.ਲ ਦਿੱਤਾ ਸੀ, ਉਨ੍ਹਾਂ ਦਾ ਪਾਣੀ ਅੱਜ ਆਪਣੇ ਅਸਲੀ ਰੰਗ ਵਿੱਚ ਲਹਿਰਾਉਂਦਾ ਗੀਤ ਗਾਉਂਦਾ ਵਹਿੰਦਾ ਜਾ ਰਿਹਾ ਹੈ। ਬਰਫ਼ਾਂ ਲੱਦੇ ਪਹਾੜ ਚਾਂਦੀ ਵਾਂਗ ਲਿਸ਼ਕਾਂ ਮਾਰਦੇ ਦੂਰੋਂ ਨਜ਼ਰ ਆਉਣ ਲੱਗੇ ਹਨ। ਅਸਮਾਨ ਦਾ ਪ੍ਰਦੂਸ਼ਣ ਕਿੱਧਰੇ ਉੱਡ-ਪੁੱਡ ਗਿਆ ਹੈ, ਦਿਨੇ ਬੱਦਲਾਂ ਦਾ ਅਸਮਾਨੀ ਰੰਗ ਤੇ ਰਾਤੀਂ ਟਿਮਟਿਮਾਉਂਦੇ ਤਾਰੇ




ਦਿਸਦੇ ਹਨ। ਤੈਨੂੰ ਤੇ ਇਹ ਵੀ ਨਹੀਂ ਪਤਾ ਹੋਣਾ ਕਿ ਤਾਰੇ ਟਿਮਟਿਮਾਉਂਦੇ ਹਨ, ਹੁਣ ਦੇਖ ਲੈ ਇਸ ਅਸਚਰਜਤਾ ਦਾ ਨਜ਼ਾਰਾ ਤੇ ਇਸਨੂੰ ਮਾਣ ਲੈ। ਉਹ ਪਸ਼ੂ-ਪੰਛੀ ਜਿਹੜੇ ਤੇਰੇ ਤੋਂ ਡਰਦੇ ਸਨ ਜਿਨਾਂ ਦੀ ਆਵਾਜ਼ ਤੇਰੀ ਤਰੱਕੀ ਦੀ ਆਵਾਜ਼ ਵਿੱਚ ਕਿਤੇ ਦੱਬੀ ਹੋਈ ਸੀ ਅੱਜ ਖੁੱਲੇਆਮ ਸੜਕਾਂ ਤੇ ਘੁੰਮ ਰਹੇ ਹਨ, ਚਹਿਕ ਰਹੇ ਹਨ, ਪੈਲਾਂ ਪਾ ਰਹੇ ਹਨ ਅਤੇ ਆਪਣੀ ਅਜ਼ਾਦੀ ਦਾ ਅਨੰਦ ਮਾਣ ਰਹੇ ਹਨ।"

ਕਿੰਨਾਂ ਕੁਝ ਬਦਲ ਗਿਆ ਹੈ ਇਸ ਕੋਰੋਨਾ ਦੇ ਆਉਣ ਨਾ.ਲ ਭੱਜ-ਦੌੜ ਮੁੱਕ ਗਈ, ਇਨਸਾਨ ਨੂੰ ਆਪਣਾ ਕੰਮ ਆਪ ਕਰਨ ਲਾ ਦਿੱਤਾ, ਚੋਰੀਆਂ ਘੱਟ ਗਈਆਂ, ਐਕਸੀਡੈਂਟ ਘੱਟ ਗਏ, ਵਿਆਹ ਅਤੇ ਮਰਗਤ ਦੇ ਭੋਗ ਸਾਦੇ ਤੇ ਸਸਤੇ ਹੋ ਗਏ, ਨਸ਼ਿਆਂ ਨਾ.ਲ ਹੋਣ ਵਾਲੀਆਂ ਮੌਤਾਂ ਦੀਆਂ ਖ਼ਬਰਾਂ ਘੱਟ ਗਈਆਂ ਸਭ ਤੋਂ ਵੱਡੀ ਗੱਲ ਇਨਸਾਨ ਨੂੰ ਇਨਸਾਨ ਦੀ ਪਹਿਚਾਣ ਕਰਵਾ ਦਿੱਤੀ। ਜੇ ਇਹ ਕਹਿ ਲਿਆ ਜਾਵੇ ਕਿ ਇਨਸਾਨ ਦੇ ਅੰਦਰ ਦੀ ਹਉਮੈ ਨੂੰ ਕੁਦਰਤ ਨੇ ਸ਼ੀਸ਼ਾ ਦਿਖਾਇਆ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਨਸਾਨ ਆਪਣੇ ਆਪ ਨੂੰ ਬਹੁਤ ਸਿਆਣਾ ਬਣਦਾ ਹੈ ਪਰ ਇਹ ਮੂਰਖ ਰਹਿਣ ਸਹਿਣ ਉੱਚਾ ਬਣਾਉਣ ਲਈ ਅਕਸਰ ਕੁਦਰਤ ਨਾਲ ਖਿਲਵਾੜ ਕਰਦਾ ਆਇਆ ਹੈ । ਹੁਣ ਕੁਦਰਤ ਇਸ ਨੂੰ ਜਿਹੜਾ ਸਬਕ ਪੜ੍ਹਾ ਰਹੀ ਹੈ ਜੇ ਇਸ ਤੋਂ ਸਿੱਖ ਲਵੇ ਤਾਂ ਚੰਗਾ ਹੈ। ਪਰ ਇਹ ਆਪਣੀਆਂ ਹਰਕਤਾਂ ਤੋਂ ਬਾਝ ਆਉਂਦਾ ਨਹੀਂ ਦਿਸ ਰਿਹਾ ਕੁਝ ਦਿਨਾਂ ਬਾਅਦ ਫਿਰ ਉਹੀ ਹਰਕਤਾਂ ਸ਼ੁਰੂ ਹੋ ਜਾਣਗੀਆਂ। ਮਨੁੱਖ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਕੁਦਰਤ ਹੀ ਸਭ ਤੋਂ ਵੱਡੀ ਹੈ ਉਹ ਤਾਂ ਇੱਕ ਛੋਟਾ ਜਿਹਾ ਤਿਨਕਾ ਹੈ ਜਿਸ ਨੂੰ ਕੁਦਰਤ ਕਦੇ ਵੀ ਫੂਕ ਮਾਰ ਕੇ ਉਡਾ ਸਕਦੀ ਹੈ ।

ਸਮੇਂ ਸਮੇਂ ਤੇ ਉਹ ਆਪਣੀ ਤਾਕਤ ਦਾ ਅਹਿਸਾਸ ਕਰਵਾਉਂਦੀ ਰਹੇਗੀ ਜੇ ਮਨੁੱਖ ਆਪਣੀ ਦਖਲਅੰਦਾਜ਼ੀ ਕਰਨ ਤੋਂ ਨਾ ਹਟਿਆ ਤਾਂ ਯਾਦ ਰੱਖਿਓ ਇਸ ਦੇ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ। ਵਰਤਮਾਨ ਮਹਾਂਮਾਰੀ ਇਸਦੀ ਉਦਾਹਰਨ ਹੈ ਸੋ ਕੋਰੋਨਾ ਇਨਸਾਨ ਦਾ ਭਾਵੇਂ ਦੁਸ਼ਮਨ ਹੈ ਪਰ ਕੁਦਰਤ ਦੇ ਦੋਸਤ ਦੇ ਰੂਪ ਵਿੱਚ ਵਿਚਰ ਰਿਹਾ ਹੈ।

# ਭਾਰਤ ਵਿਚ ਸਮਾਨਤਾ, ਸਵਤੰਤਰਤਾ, ਭਾਈਚਾਰਾ ਅਤੇ ਸਮਾਜਿਕ ਨਿਆਂ ਦੇ ਧਾਰਨੀ ਡਾ.ਅੰਬੇਡਕਰ

ਯੁੱਗਪੁਰਸ਼, ਮਹਾਂਮਾਨਵ, ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਮਹੂ ਮਿਲਟਰੀ ਕਨਟਾਊਨਮੈਂਟ ਵਿਚ ਮਾਤਾ ਭੀਮਾ ਬਾਈ ਦੀ ਕੁੱਖੋਂ ਹੋਇਆ। ਡਾ. ਅੰਬੇਡਕਰ ਦਾ ਪਰਿਵਾਰਕ ਪਿਛੋਕੜ ਪਿੰਡ ਅੰਬਾਵਡੇ, ਜ਼ਿਲ੍ਹਾ ਰਤਨਾਗਿਰੀ ਸੂਬਾ ਮਹਾਰਾਸ਼ਟਰ ਸੀ।

ਡਾ. ਅੰਬੇਡਕਰ ਦਾ ਸੰਘਰਸ਼ ਆਪਣੀ ਹੋਸ਼ ਸੰਭਾਲਦਿਆਂ ਪਾਣੀ ਪੀਣ ਤੋਂ ਹੀ ਸ਼ੁਰੂ ਹੋ ਚੁੱਕਿਆ ਸੀ। ਡਾ. ਅੰਬੇਡਕਰ ਨੇ ਆਪਣੀ ਜ਼ਿੰਦਗੀ ਦੇ 40 ਸਾਲ 1916-1956 ਤੱਕ ਸੰਘਰਸ਼ ਦਾ ਸਮਾਂ ਹੀ ਗੁਜ਼ਾਰਿਆ। ਉਹਨਾਂ ਆਪਣੇ ਨਿੱਜੀ ਹਿੱਤ ਨੂੰ ਦਰਕਿਨਾਰ ਕਰਕੇ ਸਮਾਜ ਹਿੱਤ ਨੂੰ ਤਰਜੀਹ ਦਿੱਤੀ। ਇਹ ਸੰਘਰਸ਼ ਦਾ ਸਮਾਂ ਉਹਨਾਂ ਦੀ ਪੜ੍ਹਾਈ ਤੋਂ ਸ਼ੁਰੂ ਹੋ ਕੇ ਸੰਵਿਧਾਨ ਲਿਖਣ ਤੱਕ ਚੱਲਿਆ।

ਡਾ. ਅੰਬੇਡਕਰ ਆਪਣੀ ਸਦੀ ਦੇ ਸਭ ਤੋਂ ਜ਼ਿਆਦਾ ਪੜ੍ਹੇ ਹੋਏ ਵਿਅਕਤੀ ਸਨ। ਜਿਹਨਾਂ ਵਿਚ ਉਹਨਾਂ ਦੀ ਜ਼ਿਆਦਾ ਪੜ੍ਹਾਈ ਅਮਰੀਕਾ, ਲੰਡਨ ਵਿਚ ਹੀ ਹੋਈ। ਡਾ. ਅੰਬੇਡਕਰ ਨੇ 1915 ਈ. ਵਿਚ ਐਮ. ਏ. (ਰਾਜਨੀਤੀ ਸ਼ਾਸਤਰ), ਸਮਾਜ ਸ਼ਾਸਤਰ, ਮਾਨਵ ਦਰਸ਼ਨ ਸ਼ਾਸਤਰ ਦਾ ਇਤਿਹਾਸ, 1917 ਈ: ਵਿਚ ਕੋਲੰਬੀਆ ਯੂਨੀਵਰਸਿਟੀ ਨਿਊਯਾਰਕ ਤੋਂ ਪੀ. ਐਚ. ਡੀ., 1921 ਈ: ਵਿਚ ਐਮ. ਐਸ. ਸੀ. (ਏ ਨੈਸ਼ਨਲ ਡਿਵੀਡੈਂਟ ਆਫ ਇੰਡੀਆ), ਇਤਿਹਾਸਕ ਅਤੇ ਵਿਸ਼ਲੇਸ਼ਣਾਤਮਕ ਅਧਿਐਨ ਲੰਡਨ ਸਕੂਨ ਆਫ ਇਕਨਾਮਿਕਸ, 1920 ਵਿਚ ਬੈਚੂਲਰ ਆਫ ਲਾਅ ਲੰਡਨ ਤੋਂ, 1923 ਵਿਚ ਡੀ. ਐਸ. ਸੀ. (ਲੰਡਨ ਸਕੂਲ) ਤੋਂ, 1952 ਵਿਚ ਐਲ. ਐਲ. ਡੀ., ਕੋਲੰਬੀਆ ਯੂਨੀਵਰਸਿਟੀ ਅਤੇ 1953 ਵਿਚ ਡੀ. ਲਿੱਟ (ਸਾਹਿਤ ਵਿਚ ਡਾਕਟਰੇਟ) ਅਸਮਾਨੀਆ ਯੂਨੀਵਰਸਿਟੀ ਹੈਦਰਾਬਾਦ ਤੋਂ ਕੀਤੀ।

ਇਕ ਵਾਰ ਜਦੋਂ ਕੋਲਾਪੁਰ ਰਿਆਸਤ ਦੇ ਮਹਾਰਾਜਾ ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਡਾ. ਅੰਬੇਡਕਰ ਨੂੰ ਸਵਾਲ ਕੀਤਾ ਕਿ ਤੁਸੀਂ ਐਨੀ ਪੜ੍ਹਾਈ ਕਿਸ ਦੇ ਲਈ ਕਰ ਰਹੇ ਹੋ ਤਾਂ ਡਾ. ਅੰਬੇਡਕਰ ਨੇ ਜਵਾਬ ਦਿੱਤਾ 'ਮੇਰੀ ਸਿੱਖਿਆ ਮੇਰੇ ਸਮਾਜ ਲਈ ਹੈ'। ਡਾ. ਅੰਬੇਡਕਰ ਬਹੁਤ ਸਾਰੀਆਂ ਭਾਸ਼ਾਵਾਂ ਦੇ ਜਾਣਕਾਰ ਸਨ, ਜਿਹਨਾਂ ਵਿਚ ਮਰਾਠੀ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ, ਪਾਲੀ, ਪਾਰਸੀ, ਫ੍ਰੈਂਚ ਭਾਸ਼ਾਵਾਂ ਹਨ।

ਡਾ. ਅੰਬੇਡਕਰ ਨੇ ਸਭ ਤੋਂ ਪਹਿਲਾਂ 1918 ਈ: ਵਿਚ ਸਾਊਥ ਬਾਰੋ ਕਮਿਸ਼ਨ ਨੂੰ ਮੰਗ ਪੱਤਰ ਸੌਂਪਿਆ। ਜਿਸ ਵਿਚ ਕਮਿਸ਼ਨ ਨੂੰ ਭਾਰਤ ਵਿਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਪਿਛੜਾ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ, ਜਿਸ ਦੇ ਆਧਾਰ 'ਤੇ 1919 ਵਿਚ ਪਹਿਲਾ ਇੰਡੀਅਨ ਐਕਟ ਪਾਸ ਕੀਤਾ ਗਿਆ ਪਰ ਇਸ ਵਿਚ ਐਸ. ਸੀ., ਐਸ. ਟੀ., ਓ. ਬੀ. ਸੀ. ਲਈ ਜ਼ਿਆਦਾ ਕੁਝ ਨਹੀਂ ਸੀ ਵਿਚਾਰਿਆ ਗਿਆ ਪਰ ਹਰ 10 ਸਾਲ ਬਾਅਦ ਇਸਦੀ ਸਮੀਖਿਆ ਕਰਨ ਦੀ ਗੱਲ ਇਸ ਵਿਚ ਕੀਤੀ। ਇਸ ਦੇ ਆਧਾਰ 'ਤੇ ਹੀ 1928 ਵਿਚ ਸਾਈਮਨ ਕਮਿਸ਼ਨ ਭਾਰਤ ਆਇਆ। ਗਾਂਧੀ ਜੀ ਅਤੇ ਕਾਂਗਰਸ ਨੇ ਪੂਰੇ ਦੇਸ਼ ਵਿਚ ਇਸਦਾ ਵਿਰੋਧ ਕੀਤਾ। ਡਾ. ਅੰਬੇਡਕਰ ਨੇ ਸਾਈਮਨ ਕਮਿਸ਼ਨ ਦਾ ਸਵਾਗਤ ਕੀਤਾ, ਜਿਸ 'ਤੇ ਉਸ ਵੇਲੇ ਦੇ ਮੀਡੀਆ ਵੱਲੋਂ ਉਹਨਾਂ ਨੂੰ ਦੇਸ਼ ਧ੍ਰੋਹੀ ਕਿਹਾ ਗਿਆ, ਜਿਸ ਦੀ ਡਾ. ਅੰਬੇਡਕਰ ਨੇ ਬਿਲਕੁਲ ਪਰਵਾਹ ਨਹੀਂ ਕੀਤੀ।

ਸਾਈਮਨ ਕਮਿਸ਼ਨ ਦੇ ਵਿਰੋਧ ਕਰਕੇ ਅੰਗਰੇਜ਼ਾਂ ਨੇ ਗਾਂਧੀ ਜੀ ਨਾਲ ਵਾਅਦਾ ਕੀਤਾ ਸੀ ਕਿ ਉਹ ਇਸ ਬਾਬਤ ਇੰਗਲੈਂਡ ਵਿਚ ਕਾਨਫਰੰਸ ਬੁਲਾਉਣਗੇ, ਜਿਸ ਨੂੰ ਪੂਰਾ ਕਰਦਿਆਂ 1930 ਵਿਚ ਇੰਗਲੈਂਡ 'ਚ ਪਹਿਲੀ ਗੋਲਮੇਜ਼ ਕਾਨਫਰੰਸ ਬੁਲਾਈ ਗਈ। ਭਾਰਤ ਦੇ ਸਾਰੇ ਹੀ ਰਾਜਨੀਤਿਕ

**ਕੁਸ਼ਲ ਕੁਮਾਰ**
**97807-78062**

ਦਲਾਂ ਅਤੇ ਸਮਾਜਿਕ ਸੰਗਠਨਾਂ ਦੇ ਆਗੂਆਂ ਨੂੰ ਉਸ ਵਿਚ ਸੱਦਾ ਦਿੱਤਾ ਗਿਆ ਪਰ ਗਾਂਧੀ ਜੀ ਨਹੀਂ ਪਹੁੰਚੇ। ਜਿਸ ਕਰਕੇ 1932 ਈ: ਵਿਚ ਅੰਗਰੇਜ਼ਾਂ ਨੂੰ ਦੁਬਾਰਾ ਗੋਲਮੇਜ਼ ਕਾਨਫਰੰਸ ਰੱਖਣੀ ਪਈ। ਇਸ ਵਿਚ ਡਾ. ਅੰਬੇਡਕਰ ਨੇ ਭਾਰਤ ਦੇ ਦੱਬੇ ਕੁਚਲੇ ਮਜ਼ਲੂਮ ਲੋਕਾਂ ਲਈ ਬਹੁਤ ਤਰਕ ਅਤੇ ਸੰਜੀਦਗੀ ਨਾਲ ਆਵਾਜ਼ ਬੁਲੰਦ ਕੀਤੀ। ਗਾਂਧੀ ਜੀ ਨੇ ਸਿੱਧੀ ਕਾਨਫਰੰਸ ਕੀਤੀ ਅਤੇ ਉਸ ਵਿਚ ਬਿਆਨ ਦਿੱਤਾ 'ਜੇਕਰ ਅੰਗਰੇਜ਼ ਅੰਬੇਡਕਰ ਦੀਆਂ ਗੱਲਾਂ ਮੰਨਦੇ ਹਨ ਤਾਂ ਮੈਂ ਜਾਨ ਦੀ ਬਾਜ਼ੀ ਲਗਾ ਦੇਵਾਂਗਾ।' ਉਸ ਵੇਲੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਰੈਮਸੇ ਮੈਕਡਾਨਲਡ ਵੱਲੋਂ ਇੰਗਲੈਂਡ ਦੇ ਰਾਜਾ ਜਾਰਜ ਪੰਚਮ ਦੀ ਪ੍ਰਧਾਨਗੀ ਹੇਠ ਲਵਾਦ ਮੰਡਲ ਦੀ ਨਿਯੁਕਤੀ ਕੀਤੀ, ਜਿਸ ਦੀਆਂ ਸਿਫਾਰਸ਼ਾਂ ਤੇ 17 ਅਗਸਤ 1932 ਨੂੰ ਕਮਿਊਨਲ ਐਵਾਰਡ ਦੀ ਘੋਸ਼ਣਾ ਕੀਤੀ ਗਈ, ਜਿਸ ਵਿਚ ਡਾ. ਅੰਬੇਡਕਰ ਦੀ ਮੰਗ ਮੰਨੀ ਗਈ ਅਤੇ ਅਛੂਤਾਂ ਲਈ ਚਾਰ ਵੱਡੇ ਐਲਾਨ ਹੋਏ:

1. ਅਲੱਗ ਚੋਣ ਖੇਤਰ, 2. ਦੋਹਰੀ ਵੋਟ ਦਾ ਅਧਿਕਾਰ, 3. ਬਾਲਗ ਮਤ ਅਧਿਕਾਰ, 4 ਰਾਜ, ਕੇਂਦਰ ਅਤੇ ਦੇਸ਼ ਦੇ ਵਿਧਾਨ ਮੰਡਲ ਵਿਚ ਲੋੜੀਂਦੀ ਨੁਮਾਇੰਦਗੀ ਦਾ ਅਧਿਕਾਰ।

ਪਰ ਗਾਂਧੀ ਜੀ ਨੇ ਇਸਦਾ ਵਿਰੋਧ ਕੀਤਾ ਅਤੇ ਪੂਨਾ ਦੀ ਯਰਵੜਾ ਜੇਲ੍ਹ ਵਿਚ 20 ਸਤੰਬਰ 1932 ਨੂੰ ਮਰਨ ਵਰਤ 'ਤੇ ਬੈਠ ਗਏ। ਉਧਰ ਡਾ. ਅੰਬੇਡਕਰ ਤੇ ਗਾਂਧੀ ਜੀ ਦੇ ਮਰਨ ਵਰਤ ਦਾ ਕੋਈ ਅਸਰ ਨਹੀਂ ਹੋਇਆ। ਗਾਂਧੀ ਜੀ ਦੀ ਹਾਲਤ ਖਰਾਬ ਹੋ ਗਈ। ਕਾਂਗਰਸ ਦੇ ਨੁਮਾਇੰਦਿਆਂ ਨੇ ਡਾ. ਅੰਬੇਡਕਰ ਨੂੰ ਖੂਨ ਨਾਲ ਪੱਤਰ ਲਿਖੇ ਅਤੇ ਜਾਨ ਤੋਂ ਮਾਰਨ ਦੀ ਧਮਕੀ ਵੀ ਦਿੱਤੀ। ਉਧਰ ਗਾਂਧੀ ਜੀ ਦੀ ਹਾਲਤ ਖਰਾਬ ਹੋ ਗਈ। ਤਾਂ ਨਾ ਚਾਹੁੰਦੇ ਹੋਏ ਵੀ ਡਾ. ਅੰਬੇਡਕਰ ਨੂੰ ਇਕ ਸਮਝੌਤਾ ਕਰਨਾ ਪਿਆ ਜੋ ਕਿ ਇਤਿਹਾਸ ਵਿਚ ਪੂਨਾ ਪੈਕਟ ਨਾਲ ਜਾਣਿਆ ਜਾਂਦਾ ਹੈ। 24 ਸਤੰਬਰ 1932 ਨੂੰ ਇਹ ਸਮਝੌਤਾ ਪੂਨਾ ਦੀ ਯਰਵੜਾ ਜੇਲ੍ਹ 'ਚ ਹੀ ਹੋਇਆ ਸੀ। ਜਿਸ ਨਾਲ ਅਛੂਤਾਂ ਦੇ ਦੋ ਅਧਿਕਾਰ ਅਲੱਗ ਚੋਣ ਖੇਤਰ ਅਤੇ ਦੋਹਰੀ ਵੋਟ ਦਾ ਅਧਿਕਾਰ ਜਾਂਦਾ ਰਿਹਾ। ਡਾ. ਅੰਬੇਡਕਰ ਨੂੰ ਇਸ ਨਾਲ ਬਹੁਤ ਧੱਕਾ ਲੱਗਾ ਜਿਸ ਦਾ ਜ਼ਿਕਰ ਉਹਨਾਂ ਆਪਣੀਆਂ ਲਿਖਤਾਂ ਵਿਚ ਵੀ ਕੀਤਾ ਹੈ।



ਉਸ ਵੇਲੇ ਦੀਆਂ ਅਖਬਾਰਾਂ ਵੀ ਡਾ. ਅੰਬੇਡਕਰ ਦੇ ਵਿਚਾਰ ਛਾਪਣ ਲਈ ਤਿਆਰ ਨਹੀਂ ਸਨ। ਇਸ ਲਈ ਉਹਨਾਂ ਨੇ ਆਪਣੀਆਂ ਅਖਬਾਰਾਂ ਅਤੇ ਰਸਾਲੇ ਕੱਢੇ, ਜਿਸ ਵਿਚ ਮੂਕ ਨਾਇਕ 1920 ਵਿਚ, ਬਹਿਸ਼ਕ੍ਰਿਤ ਭਾਰਤ 1927 ਵਿਚ, ਸਮਤਾ 1928 ਵਿਚ, ਜਨਤਾ 1930 ਅਤੇ ਪ੍ਰਬੁੱਧ ਭਾਰਤ 1956 ਵਿਚ ਕੱਢੇ।

ਡਾ. ਅੰਬੇਡਕਰ ਨੇ ਆਪਣੇ ਪੂਰੇ ਜੀਵਨ ਵਿਚ ਅਲੱਗ-ਅਲੱਗ ਵਿਸ਼ਿਆਂ ਤੇ 527 ਭਾਸ਼ਣ ਦਿੱਤੇ। ਇਸ ਤੋਂ ਇਲਾਵਾ ਬਹੁਤ ਸਾਰਾ ਸਾਹਿਤ ਵੀ ਸਮਾਜ ਦੀ ਝੋਲੀ ਵਿਚ ਪਾਇਆ। 1947 ਨੂੰ ਆਜ਼ਾਦ ਭਾਰਤ ਦੇ ਸੰਵਿਧਾਨ ਲਿਖਣ ਦੀ ਜ਼ਿੰਮੇਵਾਰੀ ਨੂੰ ਉਹਨਾਂ ਬਾਖੂਬੀ ਨਿਭਾਇਆ ਅਤੇ ਬਿਮਾਰ ਰਹਿਣ ਦੇ ਬਾਵਜੂਦ ਵੀ 2 ਸਾਲ 11 ਮਹੀਨੇ ਅਤੇ 18 ਦਿਨ ਲਗਾ ਕੇ ਭਾਰਤ ਦਾ ਸੰਵਿਧਾਨ ਭਾਰਤ ਦੇ ਲੋਕਾਂ ਨੂੰ ਸਪੁਰਦ ਕੀਤਾ।

ਬਾਬਾ ਸਾਹਿਬ ਡਾ. ਅੰਬੇਡਕਰ ਸੱਚਮੁਚ ਮਾਨਵ ਜਾਤੀ ਦੇ ਉਧਾਰ ਲਈ ਕੰਮ ਕਰਨ ਵਾਲੇ ਸਨ। ਉਹਨਾਂ ਲਿਖਿਆ ਕਿ ਸਾਡੀ ਲੜਾਈ ਸੱਤਾ ਅਤੇ ਪੈਸੇ ਦੀ ਨਹੀਂ ਹੈ, ਇਹ ਮਨੁੱਖਤਾ ਦੇ ਉਦਾਰ ਦੀ ਲੜਾਈ ਹੈ।

ਡਾ. ਅੰਬੇਡਕਰ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਜਿਹਨਾਂ ਨੇ ਬਹੁਤ ਸਾਰੇ ਬਿਲ ਸੰਸਦ ਵਿਚ ਪੇਸ਼ ਕੀਤੇ। ਜਿਸ ਵਿਚ ਹਿੰਦੂ ਕੋਡ ਬਿਲ, ਮਹਾਰ ਵੇਤਨ ਬਿਲ, ਜਨ ਪ੍ਰਤੀਨਿਧੀ ਬਿਲ, ਮਜ਼ਦੂਰ ਤਨਖਾਹ ਬਿਲ, ਪੈਨਸ਼ਨ ਬਿਲ ਅਤੇ ਭਵਿੱਖ ਨਿਰਵਾਹ ਬਿਲ (ਪੀ. ਐਫ.) ਪੇਸ਼ ਕੀਤੇ। ਡਾ. ਅੰਬੇਡਕਰ ਪਹਿਲੀ ਅਜਿਹੀ ਸ਼ਖਸੀਅਤ ਸਨ ਜਿਹਨਾਂ ਨੇ ਆਰਟੀਕਲ 340, ਜਿਸ ਵਿਚ ਪੱਛੜੀ ਸ਼੍ਰੇਣੀ ਲਈ ਕਮਿਸ਼ਨ ਬਣਾਉਣਾ ਅਤੇ ਹਿੰਦੂ ਕੋਡ ਬਿਲ ਕਰਕੇ ਆਪਣੇ ਮੰਤਰੀ ਪਦ ਤੋਂ ਅਸਤੀਫਾ ਦੇ ਦਿੱਤਾ।

ਡਾ. ਅੰਬੇਡਕਰ ਨੇ ਸਿੱਖਿਆ ਨੂੰ ਬਹੁਤ ਮਹੱਤਵ ਦਿੱਤਾ। ਉਹਨਾਂ ਦੇ ਵਿਚਾਰਾਂ ਵਿਚ ਇਹ ਸਪਸ਼ਟ ਝਲਕਦਾ ਹੈ 'ਸਮਾਜਿਕ ਅਤੇ ਰਾਜਨੀਤਿਕ ਤਬਦੀਲੀ ਲਿਆਉਣ ਲਈ ਸਿੱਖਿਆ ਦਾ ਪ੍ਰਸਾਰ ਬੇਹੱਦ ਜ਼ਰੂਰੀ ਹੈ।' ਉਹ ਇਹ ਵੀ ਲਿਖਦੇ ਹਨ ਕਿ 'ਸਿੱਖਿਆ ਸ਼ੇਰਨੀ ਦਾ ਦੁੱਧ ਹੈ ਜੋ ਪੀਵੇਗਾ ਉਹ ਦਹਾੜੇਗਾ।' ਇਸ ਲਈ ਉਹਨਾਂ 14 ਜੂਨ 1928 ਨੂੰ ਡਿਪਰੈਸ ਕਾਲਜ ਐਜੂਕੇਸ਼ਨ ਸੁਸਾਇਟੀ, 8 ਜੁਲਾਈ 1945 ਨੂੰ ਪੀਪਲਸ ਐਜੂਕੇਸ਼ਨ ਸੁਸਾਇਟੀ, 20 ਜੂਨ 1946 ਨੂੰ ਸਿਧਾਰਥ ਕਾਲਜ ਮੁੰਬਈ, 1 ਜੂਨ 1950 ਨੂੰ ਮਿਲਿੰਦ ਕਾਲਜ ਔਰੰਗਾਬਾਦ ਚਲਾਏ।

ਭਾਰਤ ਦੀ ਧਰਤੀ ਦੇ ਇਸ ਮਹਾਨ ਸਪੂਤ ਨੇ ਤੈਅ ਕੀਤਾ ਸੀ ਕਿ ਹਿੰਦੂ ਜੰਮਣਾ ਉਸਦੇ ਵੱਸ ਵਿਚ ਨਹੀਂ ਸੀ ਪਰ ਮੈਂ ਹਿੰਦੂ ਨਹੀਂ ਮਰਾਂਗਾ। ਇਸ ਲਈ ਉਹਨਾਂ ਬੁੱਧ ਧਰਮ ਦੀ ਸ਼ਰਨ ਲਈ। 14 ਅਕਤੂਬਰ 1956 ਨੂੰ ਡਾ. ਅੰਬੇਡਕਰ ਨੇ ਆਪਣੇ ਲੱਖਾਂ ਪੈਰੋਕਾਰਾਂ ਨਾਲ ਬੁੱਧ ਧਰਮ ਅਪਣਾ ਲਿਆ।

6 ਦਸੰਬਰ 1956 ਨੂੰ ਆਪਣੇ 26 ਅਲੀਗੜ੍ਹ ਦਿੱਲੀ ਰਿਹਾਇਸ਼ ਵਿਚ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਦਿੱਤਾ।



# "ਸਿੰਘ ਇਜ ਕਿੰਗ" ਗੁਰਨਾਮ ਗਾਮਾ ਤੁਰ ਗਿਆ- ਉਹਦੇ ਦੁਖੀ ਦਿਲ ਦੀ ਹੂਕ ਵੀ ਪੂਰੀ ਹੋਈ

"ਤੈਨੂੰ ਯਾਦ ਤਾਂ ਕਰਾਂ ਜੇ ਕਦੇ ਭੁਲਿਆ ਹੋਵਾਂ " ਅਤੇ " ਤੈਨੂੰ ਏਨਾ ਪਿਆਰ ਕਰਾਂ " ਵਰਗੇ ਪੰਜਾਬੀ ਦੇ ਸੁਪਰ ਹਿੱਟ ਗੀਤਾਂ ਦਾ ਰਚੇਤਾ ਗੁਰਨਾਮ ਗਾਮਾ ਤੁਰ ਗਿਆ । ਕਈ ਸਾਲਾਂ ਤੋਂ ਜਿਗਰ ਦੀ ਬਿਮਾਰੀ ਨਾਲ ਪੀੜਤ ਗੁਰਨਾਮ ਇੱਕ ਪ੍ਰਾਈਵੇਟ ਹਸਪਤਾਲ਼ ਵਿੱਚ ਹੁਣ ਜੇਰੇ ਇਲਾਜ ਸੀ । ਉਹਦੇ ਜਾਣ ਤੋਂ ਬਾਅਦ ਉਹਦੇ ਦੁਖੀ ਦਿਲ ਦੀ ਹੂਕ ਵੀ ਪੂਰੀ ਹੋ ਗਈ , ਜਦੋਂ ਉਹ ਕਹਿੰਦਾ ਸੀ ਕਿ ਮੇਰੇ ਮਰਨ ਤੇ ਮੇਰੇ ਵਿਆਹ ਵੇਲੇ ਗੀਤ ਗਾਉਣ ਵਾਲੇ ਨਾਂ ਆਉਂਣ। ਉਹਦਾ ਮਤਲਬ ਉਹਦੇ ਲਿਖੇ ਗੀਤ ਗਾਉਣ ਵਾਲੇ ਕਲਾਕਾਰਾਂ ਤੋਂ ਸੀ। ਪਰ ਕੀ ਪਤਾ ਸੀ ਕਿ ਉਹਦੀ ਮੌਤ ਹੀ ਉਦੋਂ ਹੋਊ ਜਦੋਂ ਪੰਜਾਬ ਦੇ ਆਪਣੇ ਸਕੇ ਧੀਆਂ ਪੁੱਤ ਅਰਥੀ ਨੂੰ ਮੋਢਾ ਦੇਣ ਤੋਂ ਵੀ ਬਾਗੀ ਹੋਣਗੇ । ਆਪਣੇ ਮਾਪਿਆਂ ਦੀਆਂ ਅਰਥੀਆਂ ਤੋਂ ਬਾਗੀ ਲੋਕਾਂ ਦੀ ਕਹਾਣੀ ਗਾਮੇ ਦੀ ਜਿੰਦਗੀ ਤੋਂ ਜਿਆਦਾ ਭਿੰਨ ਨਹੀਂ ਕਿਉਂਕਿ ਕਬੱਡੀ ਦੇ ਸੋਨ ਤਮਗਾ ਜੇਤੂ ਇਸ ਗੀਤਾਂ ਦੇ ਖਿਡਾਰੀ ਨੂੰ ਵੀ ਢਲਦੀ ਜਿੰਦਗੀ ਚ ਰਿਸ਼ਤਿਆਂ ਨੂੰ ਪਈ ਸਵਾਰਥ ਦੀ ਕੋਰੋਨਾ ਦੇ ਕਾਰਨ ਦਮ ਤੋੜਨਾ ਪਿਆ । ਗਾਮੇ ਦੀ ਮੌਤ ਦੀ ਖਬਰ ਮਹੱਤਵਪੂਰਨ ਇਸ ਕਰਕੇ ਜਿਆਦਾ ਹੈ ਕਿ ਕੋਰੋਨਾ ਦੀ ਬਿਮਾਰੀ ਨਾਲ ਜੂਝ ਰਹੇ ਪੂਰੇ ਵਿਸ਼ਵ ਅਤੇ ਪੰਜਾਬ ਦੀ ਧਰਤੀ ਤੇ ਬਿਨਾਂ ਜਰੂਰਤ ਤੋਂ ਵੀ ਲੰਗਰ ਚਲਾਉਂਣ ਚ ਮਗਨ ਪੰਜਾਬੀਆਂ ਨੇ ਪੰਜਾਬੀ ਦੇ ਇਸ ਮਹਾਨ ਪੁੱਤ ਦੀ ਤਾਂ ਬਾਤ ਵੀ ਨਹੀਂ ਪੁੱਛੀ । ਪਿਛਲੇ ਤਕਰੀਬਨ ਪੰਜ ਵਰਿਆਂ ਤੋਂ ਜਿਗਰ ਦੀ ਬਿਮਾਰੀ ਨਾਲ ਪੀੜਤ ਗੁਰਨਾਮ ਗਾਮਾ ਪੈਸੇ ਪੈਸੇ ਤੋਂ ਮੁਥਾਜ ਹੋ ਕੇ ਰਹਿ ਗਿਆ । ਇਸ ਭੀੜ ਦੇ ਸਮੇਂ ਵਿੱਚ ਉਹਦੇ ਗੀਤਾਂ ਨਾਲ ਮਾਲੋ ਮਾਲ ਹੋਂਣ ਵਾਲੇ ਕਲਾਕਾਰ ਵੀ ਹਾਲ ਪੁੱਛਣ ਨਹੀਂ ਆਏ। ਬਿਮਾਰੀ ਕਾਰਨ ਸਰੀਰ ਦੀ ਮਾਰ ਦੇ ਨਾਲ ਆਰਥਿਕਤਾ ਦੀ ਮਾਰ ਨਾਲ ਝਰੁੰਡਿਆ ਗਾਮਾ ਪੈਸੇ ਖੁਣੋਂ ਦਮ ਤੋੜ ਗਿਆ। ਗੁਰੂ ਨਾਨਕ ਦੇ ਨਾਮ ਨਾਲ ਜੁੜੀ ਪੰਜਾਬ ਦੀ ਇਸ ਧਰਤੀ ਤੇ ਕਿਸੇ ਖਿਡਾਰੀ ਜਾਂ ਸਾਹਿਤਕਾਰ ਦੀ ਪੈਸਿਆਂ ਖੁਣੋਂ ਇਹ ਪਹਿਲੀ ਮੌਤ ਨਹੀਂ। ਮਰਨ ਤੋਂ ਬਾਅਦ ਕਲਾਕਾਰਾਂ ਨੂੰ ਆਉਣ ਤੋਂ ਰੋਕਣ ਦਾ ਕਾਰਨ ਉਹ ਦੱਸਦਾ ਸੀ ਕਿ ਉਹ ਏਨੀ ਆਰਥਿਕ ਤੰਗੀ ਵਿੱਚ ਜੀਵਿਆ ਕਿ ਉਸਦੇ ਵਿਆਹ ਤੇ ਆਏ ਕਲਾਕਾਰ ਉਸਦੇ ਸ਼ਗਨਾਂ ਦੇ ਪੈਸੇ ਵੀ ਨਾਲ ਲੈ ਗਏ, ਉਹਨੂੰ ਆਪਣੇ ਲਿਖੇ ਗੀਤਾਂ ਦੀ ਮਿਹਨਤ ਤਾਂ ਮਿਲਣੀ ਹੀ ਕੀ ਸੀ ।



ਗਾਮੇ ਦੀ ਮੌਤ ਇੱਕ ਗੀਤਕਾਰ ਦੀ ਮੌਤ ਨਹੀਂ । ਗਾਮੇ ਨੂੰ ਜਾਨਣ ਵਾਲੇ ਜਾਣਦੇ ਹਨ ਕਿ ਇਹ ਮੌਤ ਪੰਜਾਬੀ ਦੇ ਸਾਹਿਤਕਾਰ ਕਬੱਡੀ ਖਿਡਾਰੀ ਦੀ ਮੌਤ ਹੋਈ ਹੈ । ਸਾਡੀ ਪੰਜਾਬੀਆਂ ਦੀ ਸ਼ਾਇਦ ਇਹ ਤ੍ਰਾਸਦੀ ਹੈ ਕਿ ਅਸੀਂ ਪੰਜਾਬੀ ਨਾਂ ਤਾਂ ਖੇਡਾਂ ਤੇ ਖਿਡਾਰੀਆਂ ਨੂੰ ਬਚਾ ਸਕੇ ਅਤੇ ਨਾਂ ਹੀ ਸਾਹਿਤਕਾਰਾਂ ਨੂੰ ਕਿਉਂਕਿ ਅਸੀਂ ਸਾਹਿਤ ਅਤੇ ਖੇਡਾਂ ਦੀ ਦੁਨੀਆਂ ਤੋਂ ਬਹੁਤ ਦੂਰ ਨਿਕਲ ਗਏ ਹਾਂ । ਸਾਡੀਆਂ ਪੀੜੀਆਂ ਦੀ ਇਹ ਬਰਬਾਦੀ ਵੀ ਗਾਮੇ ਵਾਂਗ ਖੇਡਾਂ ਅਤੇ ਸਾਹਿਤ ਤੋਂ ਦੂਰ ਹੁੰਦਿਆਂ ਨਸ਼ਿਆਂ ਨੂੰ ਗਲ ਲਾਉਣ ਦੇ ਕਾਰਨ ਹੋਈ ਹੈ । ਦੱਸਣਯੋਗ ਹੈ ਕਿ "ਸਿੰਘ ਇਜ ਕਿੰਗ", "ਉਹਦਾ ਨਾਮ ਨਹੀਂ ਲੈਣਾ", "ਬੰਦੇ ਵੀ ਦੇਸੀ ਆ, ਪੀਦੇਂ ਵੀ ਦੇਸੀ ਆ", " ਵਾਧਾ ਘਾਟਾ ਹੋ ਹੀ ਜਾਂਦਾ", "ਡਰਾਮਾ ਡਰਾਮਾ ਸਭ ਡਰਾਮਾ" ਅਤੇ "ਕਿਵੇਂ ਚਿਣਦੈਂ ਸੋਹਣਿਆ" ਆਦਿ ਸਮੇਤ ਸੈਕੜੇਂ ਹਿੱਟ ਗੀਤਾਂ ਦੇ ਰਚੇਤਾ ਗੁਰਨਾਮ ਗਾਮਾ ਨੇ 1996 ਵਿੱਚ ਗੀਤਕਾਰੀ ਖੇਤਰ ਵਿੱਚ ਪੈਰ ਰੱਖਿਆ ਸੀ। ਗੁਰਨਾਮ ਦੇ ਗੀਤਾਂ ਨੂੰ ਪੰਜਾਬ ਦੇ ਮਸ਼ਹੂਰ ਗਾਇਕਾਂ ਇੰਦਰਜੀਤ ਨਿੱਕੂ, ਅਮਰਿੰਦਰ ਗਿੱਲ, ਜਸਪਿੰਦਰ ਨਰੂਲਾ,ਨਛੱਤਰ ਗਿੱਲ਼ ਅਤੇ ਬਲਕਾਰ ਸਿੱਧੂ ਸਮੇਤ ਦਰਜਨਾਂ ਗਾਇਕਾਂ ਨੇ ਆਪਣੀਆਂ ਆਵਾਜਾਂ ਨਾਲ ਪੇਸ਼ ਕੀਤਾ। ਇਕਬਾਲ ਢਿਲੋਂ ਦੀ ਪੰਜਾਬੀ ਹਿੱਟ ਫਿਲਮ "ਪਿੰਡ ਦੀ ਕੁੜੀ" ਵਿਚਲੇ ਗੀਤਾਂ ਤੋਂ ਇਲਾਵਾ ਗੁਰਨਾਮ ਦੇ ਗੀਤ ਹਿੰਦੀ ਫਿਲਮਾਂ ਚ ਵੀ ਆਏ । ਮੋਗਾ ਜਿਲੇ ਦੇ ਪਿੰਡ ਧੂੜਕੋਟ ਰਣਸੀਹ ਵਿੱਚ ਹਰਬੰਸ ਸਿੰਘ ਦੇ ਘਰ ਜਨਮੇ ਗਾਮੇ ਨੂੰ ਗੀਤਕਾਰੀ ਵਿਰਾਸਤ ਵਿੱਚ ਮਿਲੀ ਕਿਉਂਕਿ ਉਹਦਾ ਪਿਤਾ ਵੀ ਗੀਤਕਾਰ ਸੀ । ਗੁਰਨਾਮ ਦਾ ਛੋਟਾ ਭਰਾ ਸ਼ਹਿਜਾਦ ਵੀ ਪੰਜਾਬੀ ਦਾ ਨਾਮਵਾਰ ਗੀਤਕਾਰ ਹੈ ।



ਡਾ. ਸੁਰਜੀਤ ਸਿੰਘ ਭਦੌੜ
91-98884-88060

ਜੱਦੀ ਪਿੰਡ ਤੋਂ ਦੂਰ ਮਾਛੀਵਾੜੇ ਦੇ ਪਿੰਡ ਮਾਣੇਵਾਲ ਵਿੱਚ ਗੁਰਨਾਮ ਨੇ ਜਿੰਦਗੀ ਦਾ ਬਹੁਤ ਸਮਾਂ ਵੀ ਬਿਤਾਇਆ । 1994 ਵਿੱਚ ਆਲ ਇੰਡੀਆਂ ਕਬੱਡੀ ਦਾ ਸੋਨ ਤਮਗਾ ਜਿੱਤ ਕੇ ਰੇਲਵੇ, ਆਰਮੀ ਅਤੇ ਪੰਜਾਬ ਪੁਲਿਸ ਵਿੱਚ ਨੌਕਰੀ ਵੀ ਕਰਨ ਗਿਆ ਪਰ ਗੀਤਕਾਰੀ ਦੇ ਝਸ ਨੇ ਟਿਕਣ ਨਾਂ ਦਿੱਤਾ। ਪਰ ਗੀਤਕਾਰੀ ਦਾ ਝਸ ਨੇਂ ਕਬੱਡੀ ਦੇ ਭਾਰਤੀ ਖਿਡਾਰੀ ਦਾ ਸਰੀਰ ਕਾਨਿਆਂ ਦੀ ਗੱਠੜੀ ਵਿੱਚ ਬਦਲ ਕੇ ਰੱਖ ਦਿੱਤਾ। ਜਿੰਦਗੀ ਦੇ ਅੰਤ ਸਮੇਂ ਜਾਓ ਯਾਰੋ ਮੈਂ ਦੇਖ ਲਈ ਥੋਡੀ ਯਾਰੀ, ਜਦੋਂ ਮੇਰੇ ਤੇ ਪਈ ਤਾਂ, ਆਪਣਿਆਂ ਕਿਸੇ ਨੇ ਇੱਟ ਵੀ ਨਹੀਂ ਮਾਰੀ ਕਹਿਣ ਵਾਲਾ ਗਾਮਾ ਉਦਾਸ ਹੋ ਕੇ ਕਹਿੰਦਾ ਹੈ ਕਿ ਨੌਕਰੀ ਆਪਣੇ ਪੱਧਰ ਨਹੀਂ ਲੱਗੀ, ਛੱਡ ਦਿੱਤੀ ਪਰ ਹੁਣ ਲੱਗਦਾ ਤਨਖਾਹ ਤਾਂ ਮਿਲਦੀ ਰਹਿਣੀ ਸੀ ।

## ਯੁੱਗ ਪੁਰਸ਼ ਡਾ.ਭੀਮਰਾਉ ਅੰਬੇਦਕਰ ਦੇ ਜਨਮ ਦਿਹਾੜੇ!!



ਕੇਹਰ ਸ਼ਰੀਫ
+49 173 3546050

ਅੱਜ ਯੁੱਗਪੁਰਸ਼ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਦਕਰ ਦਾ ਜਨਮ ਦਿਹਾੜਾ ਹੈ। ਬਾਬਾ ਸਾਹਿਬ ਦੁਨੀਆਂ ਦੇ ਕੁਝ ਚੋਣਵੇਂ ਵਿਦਵਾਨਾਂ ਵਿਚ ਸ਼ਾਮਲ ਹਨ। ਭਾਰਤ ਅੰਦਰ ਡਾ: ਅੰਬੇਦਕਰ ਵਰਗੇ ਬਹੁਤ ਘੱਟ ਲੋਕ ਹੋਏ ਹਨ ਜਿਨ੍ਹਾਂ ਨੇ ਅਣਹੋਇਆਂ ਦੀ ਸਮਾਜਿਕ ਦਸ਼ਾ ਬਦਲਣ ਦਾ ਏਨੇ ਹੌਸਲੇ ਨਾਲ ਸੰਘਰਸ਼ ਕੀਤਾ ਹੋਵੇ। - ਡਾ. ਅੰਬੇਦਕਰ ਨੇ ਭਾਰਤ ਦਾ ਸੰਵਿਧਾਨ ਲਿਖਣ ਵਿਚ ਅਹਿਮ, ਮੋਹਰੀ ਭੂਮਿਕਾ ਹੀ ਨਹੀਂ ਨਿਭਾਈ, ਬਹੁਤ ਸਾਰਾ ਬਹੁਮੁੱਲਾ ਸਾਹਿਤ ਵੀ ਲਿਖਿਆ - ਜੋ ਸਮਾਜ ਦੀ ਅਗਵਾਈ ਕਰਨ ਵਾਲਿਆਂ ਨੂੰ ਜਰੂਰ ਪੜ੍ਹਨਾ ਚਾਹੀਦਾ ਹੈ।

ਜਿਹੜੇ ਵੀ ਆਪਣੇ ਆਪ ਨੂੰ ਡਾ. ਅੰਬੇਦਕਰ ਦੇ ਪੈਰੋਕਾਰ ਸਮਝਦੇ ਹਨ ਉਨ੍ਹਾਂ ਨੂੰ ਬਾਬਾ ਸਾਹਿਬ ਦੀਆਂ ਲਿਖਤਾਂ ਆਪ ਪੜ੍ਹਨੀਆਂ ਚਾਹੀਦੀਆਂ ਹਨ ਤੇ ਆਪਣੇ ਮਿੱਤਰਾਂ ਦੋਸਤਾਂ ਨੂੰ ਵੀ ਪੜ੍ਹਨ ਵਾਸਤੇ ਪ੍ਰੇਰਤ ਕਰਨਾ ਚਾਹੀਦਾ ਹੈ ।

ਆਪਣੇ ਆਪ ਨੂੰ ਜਾਤ-ਪਾਤ (ਭਾਰਤੀ ਨਸਲਵਾਦ) ਦੇ ਵਿਰੋਧੀ ਸਮਝਣ ਵਾਲੇ ਬਾਬਾ ਸਾਹਿਬ ਦੀ ਛੋਟੀ ਜਹੀ ਪੁਸਤਕ ਜਾਤ ਪਾਤ ਦਾ ਬੀਜ ਨਾਸ਼ ਜਰੂਰ ਪੜ੍ਹਨ ਤੇ ਹੋਰਨਾਂ ਨੂੰ ਪੜ੍ਹਾਉਣ।(ਬਾਬਾ ਸਾਹਿਬ ਦੀਆਂ ਹੋਰ ਪੁਸਤਕਾਂ ਪੜ੍ਹਨੀਆਂ ਵੀ ਬਹੁਤ ਜਰੂਰੀ ਹਨ - ਸਮੇਤ ਬਾਬਾ ਸਾਹਿਬ ਦੀ ਜੀਵਨੀ ਦੇ) ਗਿਆਨ ਵੰਡਣ ਦੇ ਖੇਤਰ ਵਿਚ ਇਹ ਸਾਰਥਕ ਕਾਰਜ ਹੋਵੇਗਾ। ਧਾਰਮਕ ਬਿਰਤੀ ਵਾਲਿਆਂ ਵਾਸਤੇ ਇਹ ਦਾ ਕੰਮ ਹੋਵੇਗਾ।

ਬਾਬਾ ਸਾਹਿਬ ਡਾ: ਅੰਬੇਦਕਰ ਦਾ ਇਹ ਰਾਹ ਹੈ - ਇਹ ਰਾਹ ਗਿਆਨ ਦਾ ਰਾਹ ਹੈ - ਇਸ ਰਾਹ ਦੇ ਰਾਹੀ ਬਣੋ।

**ਬਾਬਾ ਸਾਹਿਬ ਡਾ. ਅੰਬੇਦਕਰ ਦੇ ਕੁੱਝ ਮਹਾਨ ਵਿਚਾਰ**

* - ਪੜ੍ਹੋ, ਸੰਗਠਤ ਹੋਵੋ ਤੇ ਸੰਘਰਸ਼ ਕਰੋ।
* - ਗਿਆਨ ਵਿਅਕਤੀ ਦੇ ਜੀਵਨ ਦੀ ਬੁਨਿਆਦ ਹੈ।
* - ਜਿਸ ਤਰ੍ਹਾਂ ਹਰ ਵਿਅਕਤੀ ਇਹ ਸਿਧਾਂਤ ਮੰਨਦਾ ਹੈ ਕਿ ਇਕ ਦੇਸ਼ ਦੂਸਰੇ ਦੇਸ਼ 'ਤੇ ਰਾਜ ਨਹੀਂ ਕਰ ਸਕਦਾ ਉਸੇ ਤਰ੍ਹਾਂ ਉਹਨੂੰ ਇਹ ਵੀ ਮੰਨਣਾ ਪਵੇਗਾ ਕਿ ਇਕ ਵਰਗ ਦੂਸਰੇ 'ਤੇ ਰਾਜ ਨਹੀਂ ਕਰ ਸਕਦਾ।
* - ਜਦੋਂ ਤੱਕ ਤੁਸੀਂ ਸਮਾਜਿਕ ਆਜ਼ਾਦੀ ਹਾਸਿਲ ਨਹੀਂ ਕਰ ਲੈਂਦੇ ਕਾਨੂੰਨ ਤੁਹਾਨੂੰ ਕੋਈ ਵੀ ਆਜ਼ਾਦੀ ਦੇ ਦੇਵੇ ਉਹ ਕਿਸੇ ਕੰਮ ਦੀ ਨਹੀਂ।
* - ਮੈਂ ਅਜਿਹੇ ਧਰਮ 'ਤੇ ਵਿਸ਼ਵਾਸ ਕਰਦਾ ਹਾਂ ਜੋ ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ ਸਿਖਾਵੇ।
* - ਕਿਸੇ ਵੀ ਕੌਮ ਦਾ ਵਿਕਾਸ ਉਸ ਕੌਮ ਦੀਆਂ ਔਰਤਾਂ ਦੇ ਵਿਕਾਸ ਤੋਂ ਮਾਪਿਆ ਜਾ ਸਕਦਾ ਹੈ।
* - ਰਾਤ ਭਰ ਮੈਂ ਇਸ ਕਰਕੇ ਜਾਗਦਾ ਹਾਂ ਕਿਉਂਕਿ ਮੇਰਾ ਸਮਾਜ ਸੁੱਤਾ ਪਿਆ ਹੈ।
* - ਮਨ ਦੀ ਆਜ਼ਾਦੀ ਹੀ ਅਸਲ ਆਜ਼ਾਦੀ ਹੈ।
* - ਨਿਆਂ ਹਮੇਸ਼ਾ ਬਰਾਬਰੀ ਦੇ ਅਧਿਕਾਰ ਨੂੰ ਜਨਮ ਦਿੰਦਾ ਹੈ। ਕਿਸੇ ਦਾ ਵੀ ਸਵਾਦ ਬਦਲਿਆ ਜਾ ਸਕਦਾ ਹੈ ਪਰ ਜ਼ਹਿਰ ਨੂੰ ਅਮ੍ਰਿਤ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ।
* - ਚੰਗਾ ਦਿਖਣ ਵਾਸਤੇ ਨਾ ਜੀਉ, ਚੰਗਾ ਬਣਨ ਵਾਸਤੇ ਜੀਉ। ਜੋ ਧਰਮ ਜਨਮ ਤੋਂ ਕਿਸੇ ਇਕ ਨੂੰ ਉੱਚਾ ਤੇ ਦੂਜੇ ਨੀਵਾਂ ਦੱਸਦਾ ਹੋਵੇ ਉਹ ਧਰਮ ਨਹੀਂ, ਗੁਲਾਮ ਬਣਾਈ ਰੱਖਣ ਦਾ ਛੜਯੰਤਰ ਹੈ। ਆਪਣੀ ਕਿਸਮਤ 'ਤੇ ਨਹੀਂ ਆਪਣੇ ਹੌਸਲੇ/ ਤਾਕਤ 'ਤੇ ਵਿਸ਼ਵਾਸ ਕਰੋ।






22 ਅਪ੍ਰੈਲ 2020 ਲਈ ਵਿਸ਼ੇਸ਼

# ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਕਰਨੀ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਵਿੱਚ ਵਰਣ ਵਿਵਸਥਾ ਅਤੇ ਜਾਤਿ ਪ੍ਰਥਾ ਪ੍ਰਭਾਵੀ ਹੋਣ ਕਾਰਨ ਸਮਾਜ ਦੇ ਸਭਤੋਂ ਹੇਠਲੇ ਵਰਗ ਦੇ ਲੋਕਾਂ ਦੀ ਜਿੰਦਗੀ ਸਦੀਆਂ ਤੱਕ ਤਰਸਯੋਗ ਹੀ ਰਹੀ ਹੈ। ਦੇਸ਼ ਵਿੱਚ ਫੈਲੀ ਛੂਆ-ਛਾਤ ਕਾਰਨ ਇਸ ਵਰਗ ਨਾਲ ਸਬੰਧਿਤ ਲੋਕਾਂ ਨਾਲ ਕਈ ਵਾਰ ਜਾਨਵਰਾਂ ਤੋਂ ਵੀ ਮਾੜਾ ਵਤੀਰਾ ਕੀਤਾ ਜਾਂਦਾ ਸੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਇਸ ਧਰਤੀ ਤੇ ਮਹਾਂਪੁਰਖਾਂ ਨੇ ਜਨਮ ਲਿਆ ਅਤੇ ਮਨੁਖਤਾ ਦੇ ਭਲੇ ਲਈ ਕੰਮ ਕੀਤਾ। ਇਨ੍ਹਾਂ ਵਿੱਚ ਇੱਕ ਨਾਮ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਸਮਾਜ ਦੀ ਅਖੌਤੀ ਵਰਣ ਵਿਵਸਥਾ ਕਾਰਨ ਆਪ ਦੇ ਪਰਿਵਾਰ ਨੂੰ ਬਾਕੀ ਅਛੂਤਾਂ ਵਾਂਗ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਵਿਤਕਰੇ ਸ਼ਿਕਾਰ ਹੋਣਾ ਪੈਂਦਾ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾਦੂਨ ਵਿੱਚ ਪੜੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਅਤੇ ਇਕੱਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜ੍ਹਨਾ ਪੈਂਦਾ ਸੀ। ਪੜ੍ਹਾਈ ਵਿੱਚ ਹੁਸਿਆਰ ਹੋਣ ਦੇ ਬਾਬਜੂਦ ਅਧਿਆਪਕਾਂ ਦੇ ਜਾਤ ਅਧਾਰਿਤ ਵਿਤਕਰੇ ਕਾਰਨ ਆਪ ਨੂੰ ਪੜ੍ਹਾਈ ਛੱਡਕੇ ਅਪਣੇ ਪਿਤਾ ਨਾਲ ਚਮੜੇ ਦਾ ਕੰਮ ਕਰਨਾ ਪਿਆ। ਆਪ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਆਪ ਨੇ ਕੁੱਝ ਸਾਲ ਫਰੈਸਨੋ ਅਤੇ ਕੈਲਫੋਰਨੀਆ ਨਾਲ ਲੱਗਦੇ ਇਲਾਕਿਆਂ ਵਿੱਚ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ। ਇਸ ਸਮੇਂ ਦੌਰਾਨ ਹੀ ਨਵੰਬਰ, 1913 ਵਿੱਚ ਗਦਰ ਲਹਿਰ ਸਥਾਪਿਤ ਕੀਤੀ ਗਈ ਜੋਕਿ ਬਰਤਾਨੀਆਂ ਬਸਤੀਵਾਦ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚਲਾ ਰਹੀ ਸੀ। ਗਦਰ ਲਹਿਰ ਵਿੱਚ ਬੇਸ਼ੱਕ ਗਿਣਤੀ ਦੇ ਦਲਿੱਤ ਹੀ ਸਾਮਲ ਸਨ ਪਰ ਇਸ ਵਿੱਚ ਕਿਸੇ ਨਾਲ ਵੀ ਜਾਤ ਅਧਾਰਿਤ ਵਿਤਕਰਾ ਨਹੀਂ ਸੀ। ਆਪ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਨਾਲ ਜੁੜ੍ਹ ਗਏ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਭਾਰਤ ਦੀ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ। ਇਸ ਮਿਸ਼ਨ ਦੀ ਅਗਵਾਈ ਲਈ ਜਿੰਮੇਵਾਰੀ ਆਪ ਅਤੇ ਕੁੱਝ ਹੋਰ ਸਾਥੀਆਂ ਨੂੰ ਦਿੱਤੀ ਗਈ ਪਰੰਤੂ ਇਸਦੀ ਸੂਚਨਾ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ। ਇਹ ਮਿਸ਼ਨ ਜਿਸਨੂੰ ਬਾਬੂ ਜੀ ਸਮੇਤ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਜੋਕਿ 1915 ਵਿੱਚ ਚੱਲਿਆ ਪਰੰਤੂ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਹੀ ਤੋਪਾਂ ਨਾਲ ਉਡਾ ਦਿਤਾ। ਇਸ ਹਾਦਸੇ ਵਿੱਚ ਆਪ ਬਚ ਗਏ ਅਤੇ ਕਿਸੇ ਤਰੀਕੇ ਨਾਲ ਫਿਲਪਾਈਨ (ਮਨੀਲਾ) ਪਹੁੰਚ ਗਏ, ਫਿਰ ਉਥੋਂ ਸ੍ਰੀ ਲੰਕਾ ਨੂੰ ਆ ਗਏ। ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਆਪ ਸ੍ਰੀ ਲੰਕਾ ਤੋਂ ਦੱਖਣੀ ਭਾਰਤ ਬੰਬੇ ਆ ਪਹੁੰਚੇ। ਆਪ ਨੇ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਨਾਲ ਹੋ ਰਹੇ ਵਿੱਤਕਰੇ ਅਤੇ ਅਨਿਆਂ ਨੂੰ ਅਪਣੇ ਅੱਖੀਂ ਵੇਖਿਆ ਅਤੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਨਾਲ ਵਿਆਹ ਦਿਤਾ। ਆਪ ਵਾਪਸ ਪਿੰਡ ਆ ਗਏ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਸੀ ਪਰੰਤੂ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਇਸ ਦੌਰਾਨ ਹੀ ਆਰਿਆ ਸਮਾਜ ਦੇ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਨੂੰ ਲੈਕੇ ਅੰਦੋਲਨ ਚੱਲ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਹੀ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਦਲਿਤ ਵਰਗ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਹੀ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਆਦਿ ਧਰਮ ਮੰਡਲ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਆਦਿ ਡੰਕਾ ਅਖਬਾਰ ਸ਼ੁਰੂ ਕੀਤਾ ਗਿਆ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਇਸ ਦੌਰਾਨ ਹੀ ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਦਲਿਤ ਨਾਂ ਹੀ ਹਿੰਦੂ ਹਨ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਨ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਰਹੇ ਲੋਕਾਂ ਨੂੰ ਆਦਿਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਅਛੂਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਆਦਿ ਮਿਲੇ।



Babu Mangu Ram Mugowalia
January 14, 1886 – April 22, 1980
Founder of the Ad Dharm Movement Punjab

1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਉਸ ਵੇਲੇ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ। ਵਰਨਣਯੋਗ ਹੈ ਕਿ ਇਸ ਵਿੱਚੋਂ 80 ਫਿਸਦੀ ਤੋਂ ਵੱਧ ਲੋਕ ਪੰਜਾਬ ਦੇ ਜਲੰਧਰ ਅਤੇ ਹੁਸ਼ਿਆਰਪੁਰ ਨਾਲ ਹੀ ਸਬੰਧਿਤ ਸਨ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਲਈ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਨੇ ਪੱਤਰ ਅਤੇ ਤਾਰਾਂ ਭੇਜੀਆਂ ਸਨ।

ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ। ਗਾਂਧੀ ਦੀ ਇਸ ਕਾਰਵਾਈ ਦਾ ਵਿਰੋਧ ਕਰਨ ਲਈ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਸ਼ੁਰੂ ਕਰ ਦਿਤਾ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੌਣ ਵਿਵਸਥਾ ਦੀ ਥਾਂ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ।

1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ। ਅਜਾਦ ਭਾਰਤ ਵਿੱਚ ਵੀ ਆਪ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਅੱਜ ਦੇ ਦਿਨ 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਆਪ ਵਲੋਂ ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।









# ਡਾ.ਤੇਲਤੂੰਬੜੇ ਤੇ ਡਾ.ਨਵਲੱਖਾ 'ਤੇ ਕੇਸ ਦਰਜ ਕਰਨ ਦੀ ਨਿੰਦਾ

**ਜਲੰਧਰ–** ਚੋਟੀ ਦੇ ਬੁੱਧੀਜੀਵੀ ਅਤੇ ਅਨੇਕਾਂ ਕਿਤਾਬਾਂ ਦੇ ਲੇਖਕ ਡਾ. ਆਨੰਦ ਤੇਲਤੂੰਬੜੇ ਅਤੇ ਡਾ. ਗੌਤਮ ਨਵਲੱਖਾ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹ ਵਿਚ ਡੱਕਣ ਦੀ ਕੋਝੀ ਚਾਲ ਦੀ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਨੇ ਕੇਂਦਰ ਸਰਕਾਰ ਦੀ ਸਖਤ ਨਿਖੇਧੀ ਕੀਤੀ ਹੈ। ਸੁਸਾਇਟੀ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਅਤੇ ਸ੍ਰੀ ਦਲਬੀਰ ਸਿੰਘ ਸਰੋਆ ਜਨਰਲ ਸਕੱਤਰ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਬਾਬਾ ਸਾਹਿਬ ਡ.



ਅੰਬੇਡਕਰ ਦੇ ਜਨਮ ਮੌਕੇ ਉਹਨਾਂ ਦੇ ਰਿਸ਼ਤੇਦਾਰ ਮਹਾਨ ਬੁੱਧੀਜੀਵੀ ਡਾ. ਆਨੰਦ ਤੇਲਤੂੰਬੜੇ ਨੂੰ ਝੂਠੇ ਕੇਸ ਵਿਚ ਗ੍ਰਿਫਤਾਰ ਕਰਕੇ ਜੇਲ੍ਹ ਭੇਜਣਾ ਇਕ ਮੰਦਭਾਗੀ ਘਟਨਾ ਹੈ। ਉਹਨਾਂ ਕਿਹਾ ਕਿ ਡਾ. ਤੇਲਤੂੰਬੜੇ ਅਤੇ ਡਾ. ਗੌਤਮ ਨਵਲੱਖਾ ਦਾ ਭੀਮਾ ਕੋਰੇਗਾਉਂ ਦੀ ਹਿੰਸਾ ਨਾਲ ਕੋਈ ਸਬੰਧ ਨਹੀਂ ਹੈ ਅਤੇ ਇਹ ਵਿਦਵਾਨ ਨਿਰਦੋਸ਼ ਹਨ। ਐਡਵੋਕੇਟ ਹਰਭਜਨ ਸਾਂਪਲਾ ਅਤੇ ਦਲਬੀਰ ਸਰੋਆ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਡਾ. ਤੇਲਤੂੰਬੜੇ, ਗੌਤਮ ਨਵਲੱਖਾ ਅਤੇ ਹੋਰ ਬੁੱਧੀਜੀਵੀ ਸੰਘਰਸ਼ ਕਰ ਰਹੇ ਹਨ।

# ਗ਼ਦਰੀ ਯੋਧੇ ਅਤੇ ਆਦਿ ਧਰਮ ਦੇ ਬਾਨੀ: ਬਾਬੂ ਮੰਗੂ ਰਾਮ ਮੁਗੋਵਾਲੀਆ

ਇਤਿਹਾਸ ਦੀ ਮੁਖਧਾਰਾ ਵਿਚੋਂ ਜਾਣ-ਬੁਝ ਕੇ ਅਣਗੌਲ਼ੇ ਕੀਤੇ ਗਏ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਗ਼ਦਰ ਪਾਰਟੀ ਅਤੇ ਆਦਿ ਧਰਮ ਲਹਿਰ ਵਿਚ ਕੰਮ ਲਾਸਾਨੀ ਹੈ।ਭਾਰਤ ਨੂੰ ਅੰਗਰੇਜ਼ ਸਾਮਰਾਜ ਦੀ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਾਉਣ ਲਈ ਵਿਦੇਸ਼ੀ ਧਰਤੀ ਤੇ ਉਸਰੀ ਹਥਿਆਰਬੰਦ ਜੱਥੇਬੰਦੀ 'ਗ਼ਦਰ ਪਾਰਟੀ' ਵਿਚ ਉਨ੍ਹਾਂ ਦੀ ਭੂਮਿਕਾ ਬਹੁਤ ਵੱਡੀ ਹੈ। ਗ਼ਦਰ ਨੂੰ ਭਾਰਤ ਵਿਚ ਅੰਜ਼ਾਮ ਦੇਣ ਲਈ ਜਦੋਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੁਆਰਾ ਆਪਣੇ ਚਾਰ ਸਾਥੀਆਂ ਨਾਲ ਗ਼ਦਰ ਪਾਰਟੀ ਵਲੋਂ ਸੌਂਪੇ ਮਿਸ਼ਨ ਤਹਿਤ ਅਮਰੀਕਾ ਤੋਂ ਹਥਿਆਰਾਂ ਦਾ ਇੱਕ ਬਹੁਤ ਵੱਡਾ ਜ਼ਖ਼ੀਰਾ ਮੈਵਰਿਕ ਜਹਾਜ਼ ਰਾਹੀਂ ਭਾਰਤ ਲਿਆਉਣ ਬਾਰੇ ਪੜ੍ਹਿਆ ਤਾਂ ਮੈਂ ਠਠੰਬਰ ਗਿਆ।ਇਹ ਸੋਚ ਕੇ ਕਿ ਯਾਰ ਇੱਡਾ ਵੱਡਾ ਕੰਮ! ਮੱਥਾ ਹੋਰ ਜ਼ੋਰ ਦੇਣੀ ਠਣਕਿਆ ਜਦੋਂ ਜਾਨ ਤਲੀ ਤੇ ਧਰ ਕੇ ਇੱਡੇ ਵੱਡੇ ਕੰਮ ਨੂੰ ਸਿਰੇ ਲਾਉਣ ਵਾਲੇ ਬੰਦੇ ਦੀ ਜਾਣਕਾਰੀ ਇਤਿਹਾਸ ਵਿਚ ਸਿਰਫ ਦੋ ਸ਼ਬਦਾਂ 'ਮੰਗੂ ਰਾਮ' ਤੱਕ ਸਿਮਟ ਕੇ ਇੱਕਾ ਦੁੱਕਾ ਥਾਵਾਂ ਤੇ ਰਹਿ ਗਈ ਹੋਵੇ।ਹਾਲਾਂ ਕਿ ਅੰਗਰੇਜ਼ ਅਧਿਕਾਰੀਆਂ ਦੀਆਂ ਫਾਇਲਾਂ ਵਿਚ 'ਖ਼ਤਰਨਾਕ ਅਪਰਾਧੀ ਮੰਗੂ ਰਾਮ ਚਮਾਰ' ਜ਼ਰੂਰ ਥੋੜ੍ਹਾ ਜਿਹਾ ਵਿਸਤਾਰ ਮਿਲ ਜਾਂਦਾ ਹੈ। ਵਿਸਤਾਰ ਭਾਵੇਂ 'ਅਪਰਾਧੀ' ਅਤੇ 'ਜਾਤ' ਸ਼ਬਦਾਂ ਕਰਕੇ ਹੀ ਹੋਇਆ ਹੋਵੇ। ਅਸਲ 'ਚ ਇਤਿਹਾਸ ਉਨ੍ਹਾਂ ਵਲੋਂ ਲਿਖਿਆ ਗਿਆ ਜਿਨ੍ਹਾਂ ਦੇ ਹੱਥ ਵਿਚ ਸ਼ਕਤੀ



Babu Mangu Ram Mugowalia
January 14, 1886 – April 22, 1980
Founder of the Ad Dharm Movement Punjab

ਸੀ।ਫਿਰ ਇਨ੍ਹਾਂ ਨੇ ਤਾਂ ਸੱਤੀਂ ਵੀਹੀਂ ਸੌ ਕਰਨਾ ਹੀ ਸੀ। ਉਂਝ ਵੀ ਸਾਡੇ ਦੇਸ਼ ਵਿਚ ਕਿਸੇ ਵੀ ਵਿਅਕਤੀ ਦੇ ਕੰਮਾਂ ਦਾ ਮੂਲਾਂਕਣ ਉਸਦੀ ਸ਼ਖ਼ਸੀਅਤ ਦੇ ਅਧਾਰ ਤੇ ਨਹੀਂ ਸਗੋਂ ਉਸਦੀ ਚਮੜੀ ਦੇ ਰੰਗ ਦੇ ਅਧਾਰ ਤੇ ਕੀਤਾ ਜਾਂਦਾ ਰਿਹਾ ਹੈ। ਮੂਲਾਂਕਣ ਵਾਲਾ ਪੈਮਾਨਾ ਇਸ ਤਰ੍ਹਾਂ ਦਾ ਸੀ ਕਿ ਇਹ ਅਕਸਰ ਹੀਰੋ ਨੂੰ ਜ਼ੀਰੋ ਅਤੇ ਜ਼ੀਰੋ ਨੂੰ ਹੀਰੋ ਬਣਾ ਦਿੰਦਾ ਸੀ।ਬ ਾਬੂ ਮੰਗੂ ਰਾਮ ਮੁਗੋਵਾਲੀਆ ਵੀ ਇਸੇ ਨਿਜ਼ਾਮ ਦੇ ਸ਼ਿਕਾਰ ਹੋਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਇੱਕੋ ਸਮੇਂ ਰਾਜਨੀਤਕ ਅਤੇ ਸਮਾਜਿਕ ਅਜ਼ਾਦੀ ਦੀ ਜੰਗ ਲੜੀ। ਇਸੇ ਕਰਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੇ 'ਅਛੂਤ ਦਾ ਸਵਾਲ' ਲੇਖ ਵਿਚ ਉਨ੍ਹਾਂ ਦੁਆਰਾ ਚਲਾਈ ਗਈ ਆਦਿ ਧਰਮ ਲਹਿਰ ਦਾ ਨੋਟਸ ਲਿਆ ਸੀ। ਉਹ ਲਿਖਦੇ ਹਨ "ੜੜਪਹਿਲਾਂ ਇੱਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ ਪਿੱਛੋਂ ਕੱਪੜਿਆਂ ਸਮੇਤ ਸ਼ਨਾਨ ਕੀਤਿਆਂ ਬਿਨਾਂ, ਆਪਦੇ ਆਪ ਨੂੰ ਅਸ਼ੁਧ ਸਮਝਦੇ ਹਨ।ਕਿਆ ਖ਼ੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ।ਉਸਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਾਇਆ ਹੈ ਉੱਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ। ਰੱਬ ਨਰਾਜ਼ ਹੋ ਜਾਂਦਾ ਹੈ।ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ 'ਇਕੂਅਲਟੀ' ਜਾਂ ਬਰਾਬਰੀ ਦੇ ਨਾਂ ਤੇ ਝਗੜਦੇ ਚੰਗੇ ਲਗਦੇ ਹਾਂ? ਫੇਰ ਸਾਡੇ ਰਵੱਈਏ ਵਿਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਵੀ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ ਉਨ੍ਹਾਂ ਨੂੰ ਹੀ ਅਸੀਂ ਪਰੇ ਪਰੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ ਪਰ ਇਨਸਾਨਾਂ ਨੂੰ ਕੋਲ ਵੀ ਨਹੀਂ ਬਿਠਾਲ ਸਕਦੇ।" ਸ਼ਹੀਦ ਭਗਤ ਸਿੰਘ ਸੱਚ-ਮੁਚ ਸਮਾਜ ਦੇ ਇਸ ਊਚ-ਨੀਚ ਪੱਖੀ ਰਵੱਈਏ ਤੋਂ ਚਿੰਤਤ ਸਨ। ਉਹ ਉਨ੍ਹਾਂ ਝੂਠੇ ਨੇਤਾਵਾਂ ਤੇ ਵੀ ਉਂਗ਼ਲ ਧਰਦੇ ਹਨ ਜੋ ਅੰਗਰੇਜ਼ਾਂ ਤੋਂ ਤਾਂ ਮੁਕਤੀ ਦੀ ਗੱਲ ਕਰਦੇ ਸਨ ਪਰ ਆਪਣੇ ਦੇਸ਼ ਦੀ ਵੀਹ ਪ੍ਰਤੀਸ਼ਤ ਅਬਾਦੀ ਨੂੰ ਆਪਣੀ ਗ਼ੁਲਾਮੀ ਦੇ ਜੂਲ਼ੇ ਵਿਚੋਂ ਬਾਹਰ ਨਹੀਂ ਸੀ ਆਉਣ ਦੇਣਾ ਚਾਹੁੰਦੇ।

ਇਹੋ ਜਿਹੇ ਵਰਤ ਵਰਤਾਰੇ ਵਿਚ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ 14 ਜਨਵਰੀ, 1886 ਈਸਵੀ ਨੂੰ ਪਿਤਾ ਸ੍ਰੀ ਹਰਨਾਮ ਦਾਸ ਅਤੇ ਮਾਤਾ ਸ੍ਰੀ ਮਤੀ ਅਤਰੀ ਦੀ ਕੁਖੋਂ ਪਿੰਡ ਮੁਗੋਵਾਲ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਇਲਾਕੇ ਵਿਚ ਹੋਇਆ।ਹਰਨਾਮ ਦਾਸ ਹੁਰੀਂ ਜੱਦੀਂ-ਪੁਸ਼ਤੀ ਮਰੇ ਹੋਏ ਪਸ਼ੂ ਚੁੱਕਣ ਦਾ ਕੰਮ ਕਰਦੇ ਸਨ। ਪਰ ਉਹ ਸਿਗਾ ਬਹੁਤ ਹਿੰਮਤੀ। ਇਸ ਲਈ ਉਸ ਨੇ ਮਰੇ ਹੋਏ ਪਸ਼ੂ ਦੀ ਖੱਲ ਉਤਾਰਨ ਨਾਲੋਂ ਲੋਕਾਂ ਤੋਂ ਚਮੜਾ ਖਰੀਦ ਕੇ ਵੇਚਣਾ ਸ਼ੁਰੂ ਕਰ ਦਿੱਤਾ।ਘਰਾਂ ਦੇ ਲਾਗੇ ਹੀ ਕੁੰਨ੍ਹਾਂ ਬਣਾ ਲਈਆਂ। ਚਮੜੇ ਨੂੰ ਕੱਚਾ ਕਰਕੇ ਰੰਗ ਕਰਕੇ ਜਦੋਂ ਵੇਚਿਆ ਜਾਂਦਾ ਤਾਂ ਵੱਧ ਕੀਮਤ ਮਿਲਦੀ। ਖੁਸ਼ਹਾਲ ਹੋ ਰਹੇ ਪਰਿਵਾਰ ਦੀ ਗੱਡੀ ਉਦੋਂ ਪੱਟਰੀਓਂ ਲਹਿ ਗਈ ਜਦੋਂ ਹਰਨਾਮ ਦਾਸ ਦੀ ਪਤਨੀ ਅਤਰੀ ਦਾ ਦੇਹਾਂਤ ਹੋ ਗਿਆ। ਸੋ ਮੰਗੂ ਰਾਮ ਦਾ ਬਚਪਨ ਮਤਰੇਈ ਮਾਂ ਸੰਗ ਬੀ-ਤਿਆ।ਚਮੜੇ ਦੀ ਮੰਗ ਲਈ ਆਈਆਂ ਚਿੱਠੀਆਂ ਪੜ੍ਹਾਉਣ ਲਈ ਜਦੋਂ ਹਰਨਾਮ ਦਾਸ ਨੂੰ ਉਚ ਬਰਾਦਰੀ ਦੇ ਲੋਕਾਂ ਘਰੀਂ ਕਈ ਕਈ ਘੰਟੇ ਵਗਾਰ ਕਰਨੀ ਪੈਂਦੀ ਤਾਂ ਇਸਤੋਂ ਬਚਣ ਲਈ ਅਤੇ ਘਰ ਹੀ ਚਿੱਠੀਆਂ ਪੜ੍ਹਨ ਦੇ ਪ੍ਰਬੰਧ ਕਰਨ ਵਜੋਂ ਮੰਗੂ ਰਾਮ ਦੀ ਪੜ੍ਹਾਈ ਦਾ ਰਾਹ ਖੁਲ੍ਹਿਆ।

ਇਨ੍ਹਾਂ ਵੇਲਿਆਂ ਤੱਕ ਮਹਾਤਮਾ ਜੋਤੀਬਾ ਰਾਓ ਫੂਲੇ ਦੇ ਉਪਰਾਲਿਆਂ ਅਤੇ ਅੰਗਰੇਜ਼ੀ ਸਰਕਾਰ ਦੀਆਂ ਕੁਝ ਸਾਰਥਕ ਕੋਸ਼ਿਸ਼ਾਂ ਸਦਕਾ ਟਾਵੇਂ ਟਾਵੇਂ ਸਕੂਲ ਖੁਲ੍ਹਣੇ ਸ਼ੁਰੂ ਹੋ ਗਏ ਸਨ। ਭਾਵੇਂ ਇਨ੍ਹਾਂ ਸਕੂਲਾਂ ਤੱਕ ਅਛੂਤ ਬੱਚਿਆਂ ਦੀ ਪਹੁੰਚ ਨਾ ਮਾਤਰ ਹੀ ਸੀ। ਈਸਾਈਮਤ ਦੇ ਪ੍ਰਭਾਵ ਨੂੰ ਠੱਲ੍ਹ ਪਾਉਣ ਲਈ ਅਤੇ ਅੰਦਰ ਖਾਤੇ ਹਿੰਦੂ ਧਰਮ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਆਰੀਆ ਸਮਾਜੀਆਂ ਨੇ ਵੀ ਸਿੱਖਿਆ ਦੇ ਦਰਵਾਜੇ ਅਛੂਤਾਂ ਲਈ ਖੋਲ੍ਹ ਦਿੱਤੇ ਸਨ ਪਰ ਉਹ ਅਛੂਤਾਂ ਨੂੰ ਆਪਣੇ ਸਕੂਲਾਂ ਵਿਚ ਦਾਖਲ ਕਰਨ ਤੋਂ ਪਹਿਲਾਂ ਮਾਨਸਿਕ ਤੌਰ ਤੇ ਭਿੱਟੇ ਜਾਣ ਦੇ ਡਰ ਤੋਂ ਮੁਕਤ ਹੋਣ ਲਈ ਸ਼ੁੱਧੀਕਰਨ ਦੀ ਰਸਮ ਜ਼ਰੂਰ ਕਰਦੇ ਸਨ।ਸਕੂਲ ਵਿਚ ਸਿੱਖਿਆ ਦੇਣ ਵਾਲੇ ਦਰੋਣਾਚਾਰੀਆਂ ਦੀਆਂ ਸ਼ਰਤਾਂ ਏਕਲਵਿਆ ਹੱਥ ਧਨੁਸ਼ ਫੜਾਉਣ ਤੋਂ ਪਹਿਲਾਂ ਹੀ ਅੰਗੂਠਾ ਮੰਗਣ ਵਾਲੀਆਂ ਸਨ। ਮੰਗੂ ਰਾਮ ਨੇ ਆਪਣੀ ਮੁਢਲੀ ਸਿੱਖਿਆ ਉਸ ਮਾਹੌਲ ਵਿਚ ਪੂਰੀ ਕੀਤੀ ਜਿਸ ਮਾਹੌਲ ਵਿਚ



ਸਿਤਾਰਾ 'ਚ ਬਾਬਾ ਸਾਹਿਬ ਅੰਬੇਡਕਰ ਨੇ ਪੂਰੀ ਕੀਤੀ ਸੀ।

ਅੰਗਰੇਜ਼ਾਂ ਦੀਆਂ ਦਮਨਕਾਰੀ ਨੀਤੀਆਂ ਨਾਲ ਭਾਰਤ ਦੀ ਕਿਸਾਨੀ ਲਤਾੜੀ ਗਈ ਅਤੇ ਦਸਤਕਾਰੀ ਤਬਾਹ ਹੋ ਗਈ। ਕਿਸਾਨ ਅਤੇ ਮਜ਼ਦੂਰ ਆਪਣਾ ਦੇਸ਼ ਤੇ ਪਰਿਵਾਰ ਛੱਡ ਕੇ ਅੰਗਰੇਜ਼ੀ ਫੌਜ ਵਿਚ ਭਰਤੀ ਹੋਣ ਲੱਗੇ। ਇੱਥੇ ਵੀ ਮਿਲਦੀ ਘੱਟ ਤਨਖ਼ਾਹ ਅਤੇ ਬਸਤੀਆਂ ਨੂੰ ਫ਼ਤਹਿ ਕਰਨ ਦੀ ਡਿਊਟੀ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਸੰਤੁਸ਼ਟ ਨਾ ਕਰ ਸਕੀ। ਸਿੱਟੇ ਵਜੋਂ ਉਨ੍ਹਾਂ ਨੇ ਵਿਦੇਸ਼ ਵੱਲ ਵਹੀਰਾਂ ਘੱਤੀਆਂ। ਬਾਬੂ ਮੰਗੂ ਰਾਮ ਵੀ ਆਪਣੇ ਪਿੰਡ ਦੇ ਹੀ ਕੁਝ ਨੇਕਦਿਲ ਲੋਕਾਂ ਦੀ ਮੱਦਦ ਨਾਲ 1909 ਈਸਵੀ ਦੇ ਅਖੀਰ 'ਚ ਅਮਰੀਕਾ ਪਹੁੰਚ ਗਏ। ਇੱਥੇ ਉਨ੍ਹਾਂ ਨੇ ਕੈਲੀਫੋਰਨੀਆ ਵਿਚ ਆਪਣੇ ਪਿੰਡ ਦੇ ਜ਼ਿਮੀਦਾਰਾਂ ਨਾਲ ਫ਼ਲ ਤੋੜਨ ਦਾ ਕੰਮ ਕੀਤਾ। ਕੈਲੀਫੋਰਨੀਆ ਤੋਂ ਇਲਾਵਾ ਫਰਿਜ਼ਨੋ, ਸਟਾਕਟਨ, ਸੈਕਰਾਮੈਂਟੋ ਆਦਿ ਸ਼ਹਿਰਾਂ ਵਿਚ ਵੀ ਉਹ ਕਮਾਈ ਕਰਦੇ ਰਹੇ। ਥੁੜਾਂ ਤੋਟਾਂ ਦੇ ਮਾਰੇ ਪਰਿਵਾਰ ਵਿਚ ਅਮਰੀਕਾ ਦੀ ਕਮਾਈ ਨਾਲ ਲਹਿਰਾਂ ਬਹਿਰਾਂ ਹੋ ਰਹੀਆਂ ਸਨ। ਇੱਕਾ ਦੁੱਕਾ ਵਿਅਕਤੀਆਂ ਨੂੰ ਛੱਡ ਕੇ ਵਿਦੇਸ਼ ਗਏ ਸਾਰੇ ਨੌਜਵਾਨ ਭਰਾਵਾਂ ਵਾਂਗ ਰਹਿੰਦੇ ਸਨ। ਭਾਰਤੀ ਕਾਮਿਆਂ ਨੂੰ ਮਿਲ ਰਹੇ ਲੋੜ ਤੋਂ ਵੱਧ ਡਾਲਰਾਂ ਪੌਂਡਾਂ ਦੇ ਗੱਫੇ ਦੇਖ ਕੇ ਗੋਰੇ ਮਜ਼ਦੂਰਾਂ ਦੇ ਚਿਹਰੇ ਮੁਰਝਾਉਣੇ ਸ਼ੁਰੂ ਹੋ ਗਏ। ਆਪਣੇ ਹੱਥੋਂ ਕੰਮ ਖੁਸਦਾ ਦੇਖ ਕੇ ਉਨ੍ਹਾਂ ਦੇ ਮਨ ਵਿਚ ਨਸਲੀ ਵਿਤਕਰੇ ਪੁੰਗਰਨ ਲੱਗੇ। ਇਸਦੀ ਭਿਣਕ ਭਾਰਤੀ ਕਾਮਿਆਂ ਨੂੰ ਪਹਿਲਾਂ ਹੀ ਲੱਗ ਚੁੱਕੀ ਸੀ ਇਸ ਲਈ ਉਨ੍ਹਾਂ ਨੇ ਵੀ ਜੱਥੇਬੰਦ ਹੋਣਾ ਸ਼ੁਰੂ ਕਰ ਦਿੱਤਾ। ਦਿਨ ਨੂੰ ਭਾਰਤੀ ਕਾਮੇ ਮਿੱਲਾਂ, ਫ਼ਲਾਂ ਦੇ ਬਾਗ਼ਾਂ ਵਿਚ ਕੰਮ ਕਰਦੇ ਅਤੇ ਰਾਤ ਨੂੰ ਆਪਣੀਆਂ ਸਰਗਰਮੀਆਂ ਤੇਜ਼ ਕਰਨ ਲਈ ਮੀਟਿੰਗਾਂ ਕਰਦੇ ਰਹਿੰਦੇ। ਸ਼ੁਰੂ ਤੋਂ ਹੀ ਵਿਤਕਰੇ ਦਾ ਸ਼ਿਕਾਰ ਰਹੇ ਹੋਣ ਕਰਕੇ ਬਾਬੂ ਜੀ ਨੂੰ ਇਨ੍ਹਾਂ ਦੀਆਂ ਗੱਲਾਂ ਆਪਣੀਆਂ ਗੱਲਾਂ ਲੱਗਦੀਆਂ।

ਉਨ੍ਹਾਂ ਸਾਰੇ ਅਗਾਂਹ ਵਧੂ ਸਾਥੀਆਂ ਨੇ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕਰ ਲਈ ਸੀ ਕਿ ਕੀ ਕਰਨਾ ਹੈ ਕਮਾਈ ਕਰਕੇ ਜਦ ਸਾਡੀ ਹਾਲਤ ਜਾਨਵਰਾਂ ਤੋਂ ਵੀ ਬੱਦਤਰ ਹੈ। ਹਜ਼ਾਰਾਂ ਕਿਲੋਮੀਟਰ ਦੂਰ ਵਸਦੇ ਭਾਰਤੀਆਂ ਦੀ ਹਾਲਤ ਕਿਹੋ ਜਿਹੀ ਹੋਵੇਗੀ?ਲਾਹਣਤ ਹੈ ਇਹੋ ਜਿਹੀ ਜ਼ਿੰਦਗੀ ਖੁਣੋਂ। ਇਨਾਂ ਸਾਥੀਆਂ ਨੇ ਇਕੱਠਿਆਂ ਹੋ ਕੇ 1913 ਈਸਵੀ ਵਿਚ 'ਹਿੰ-ਦੋਸਤਾਨ ਗ਼ਦਰ ਪਾਰਟੀ' ਦੀ ਸਥਾਪਨਾ ਕੀਤੀ। ਸਰਵ ਸੰਮਤੀ ਨਾਲ ਬਾਬਾ ਸੋਹਨ ਸਿੰਘ ਭਕਨਾ ਇਸਦੇ ਪ੍ਰਧਾਨ ਅਤੇ ਲਾਲਾ ਹਰਦਿਆਲ ਜਨਰਲ ਸਕੱਤਰ ਚੁਣੇ ਗਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਬਾਬਾ ਸੋਹਨ ਸਿੰਘ ਭਕਨਾ ਦੀ ਪ੍ਰੇਰਣਾ ਨਾਲ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਏ।ਯੂਗਾਂਤਰ ਆਸ਼ਰਮ ਵਿਚ ਕੁਲਵਕਤੀ ਕਾਮੇ ਦੇ ਤੌਰ ਤੇ ਉਨ੍ਹਾਂ ਨੇ ਸੇਵਾਵਾਂ ਸੰਭਾਲ ਲਈਆਂ। ਇੱਥੇ ਹੀ ਉਨ੍ਹਾਂ ਨੂੰ ਅਣਦਾੜੀਆ ਮੁੰਡਾ ਕਰਤਾਰ ਸਿੰਘ ਸਰਾਭਾ ਦਾ ਸਾਥ ਨਸੀਬ ਹੋਇਆ।ਬਾਬੂ ਮੰਗੂ ਰਾਮ ਛਾਪੇਖਾਨੇ ਦੇ ਹਰ ਛੋਟੇ ਵੱਡੇ ਕੰਮ ਨੂੰ ਜ਼ਿੰਦਾਦਿਲੀ ਨਾਲ ਕਰਦੇ। ਉਨ੍ਹਾਂ ਨੂੰ ਸਭ ਤੋਂ ਵਧੀਆ ਗੱਲ ਗ਼ਦਰੀਆਂ ਦੇ ਮੇਲ ਲਿਾਪ ਦੀ ਲਗਦੀ ਸੀ। ਸਾਰੇ ਜਣੇ ਮਿਲ ਕੇ ਕੰਮ ਕਰਦੇ ਅਤੇ ਮਿਲ ਕੇ ਹੀ ਖਾਣਾ ਖਾਂਦੇ। ਨਿੱਤ ਜੁਝਾਰੂ ਸਾਥੀਆਂ ਦਾ ਛਾਪੇਖ਼ਾਨੇ ਵਿਚ ਆਉ-ਜਾਣ ਬਣਿਆ ਰਹਿੰਦਾ। ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤੀ ਪਾ ਕੇ ਅਜ਼ਾਦ ਭਾਰਤ ਦੀਆਂ ਦੀਵਾਰਾਂ ਸਮਤਾ, ਸਮਾਨਤਾ, ਸਾਂਝੀਵਾਲਤਾ ਦੀ ਨੀਂਹ ਤੇ ਉਸ-ਾਰਨ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ। ਬਾਬੂ ਮੰਗੂ ਰਾਮ ਦੇ ਮਨ ਵਿਚ ਇਹ ਗੱਲਾਂ ਜੋਸ਼ ਭਰਦੀਆਂ। ਉਹ ਮਨੋ ਮਨੀ ਸੋਚਦੇ






ਕਿ ਮੇਰੇ ਸਮਾਜ ਲਈ ਤਾਂ ਗ਼ਦਰ ਪਾਰਟੀ ਦੀ ਲੜਾਈ ਦੂਹਰੀ ਅਜ਼ਾਦੀ ਵਾਲੀ ਸਾਬਤ ਹੋਵੇਗੀ। ਇੱਕ ਅੰਗਰੇਜ਼ਾਂ ਹੱਥੋਂ ਅਤੇ ਦੂਜੀ ਆਪਣੇ ਦੇਸ਼ ਦੇ ਸਵਰਨਾਂ ਹੱਥੋਂ।ਉਨ੍ਹਾਂ ਨੂੰ ਇਹ ਲੜਾਈ ਇੱਕ ਮਿਸ਼ਨ ਜਾਪਦੀ।



ਗ਼ਦਰ ਪਾਰਟੀ ਵਿਚ ਹਰ ਬਰਾਦਰੀ ਦਾ ਬੰਦਾ ਕੰਮ ਕਰਦਾ ਸੀ। ਪਾਰਟੀ ਦੇ ਵਿਧਾਨ ਮੁਤਾਵਿਕ ਜਾਤ ਮਜ਼੍ਹਬ ਦੇ ਨਾਂ ਤੇ ਕਿਸੇ ਵੀ ਪ੍ਰਕਾਰ ਦੀ ਬਹਿਸ ਦੀ ਮੁਕੰਮਲ ਮਨਾਹੀ ਸੀ। ਗ਼ਦਰ ਪਾਰਟੀ ਇੱਕ ਅਜਿਹੀ ਅੰਤਰ ਰਾਸ਼ਟਰੀ ਜੱਥੇਬੰਦੀ ਸੀ ਜੋ ਧਰਮ ਦੀਆਂ ਵਲੱਗਣਾਂ ਅਤੇ ਸੰਕੀਰਣ ਸੋਚਾਂ ਤੋਂ ਮੁਕਤ ਸੀ।

ਗ਼ਦਰੀਆਂ ਨੂੰ ਦੇਸ਼ ਅਜ਼ਾਦ ਕਰਾਉਣ ਦਾ ਚਾਅ ਵਿਆਹ ਨਾਲੋਂ ਘੱਟ ਨਹੀਂ ਸੀ। ਜਿਸਨੀ ਨੂੰ ਜਿਹੜੀ ਜਿੰਮੇਵਾਰੀ ਸੌਂਪੀ ਜਾਂਦੀ ਉਹ ਹੱਸ ਕੇ ਕਬੂਲ ਕਰ ਲੈਂਦਾ। 1914 ਈ ਵਿਚ ਦੂਜਾ ਵਿਸ਼ਵ ਯੁਧ ਸ਼ੁਰੂ ਹੋਣ ਸਮੇਂ ਅੰਗਰੇਜ਼ਾਂ ਨੂੰ ਇਸ ਵਿਚ ਉਲਝਿਆ ਦੇਖ ਕੇ ਗ਼ਦਰੀਆਂ ਨੇ ਦੇਸ਼ ਵੱਲ ਇਸ ਸਹੀ ਮੌਕੇ ਨੂੰ ਸੰਭਾਲਣ ਹਿੱਤ ਵਹੀਰਾਂ ਘੱਤ ਦਿੱਤੀਆਂ। ਇਨ੍ਹਾਂ ਵਿਚ ਬਾਬਾ ਸੋਹਨ ਸਿੰਘ ਭਕਨਾ ਤੇ ਸਰਾਭੇ ਵਰਗੇ ਸਾਥੀ ਵੀ ਸ਼ਾਮਿਲ ਸਨ। ਭਾਰਤ ਵਿਚ ਅਜ਼ਾਦੀ ਦੀ ਲੜਾਈ ਨੂੰ ਹਥਿਆਰਾਂ ਨਾਲ ਸਰ ਕਰਨ ਲਈ ਬਾਬੂ ਮੰਗੂ ਰਾਮ ਆਪਣੇ ਚਾਰ ਸਾਥੀਆਂ ਬਾਬਾ ਹਰੀ ਸਿੰਘ ਉਸਮਾਨ, ਗੰਭੀਰ ਸਿੰਘ, ਹਰਨਾਮ ਚੰਦ ਅਤੇ ਹਰਚਰਨ ਦਾਸ ਨਾਲ ਐਨੀ ਲਾਰਸਨ ਜਹਾਜ਼ ਲੈ ਕੇ 15 ਅਪ੍ਰੈਲ, 1915 ਈਸਵੀ ਨੂੰ ਅਮਰੀਕਾ ਤੋਂ ਤੁਰੇ। ਨਿਆਂ ਵਿਭਾਗ ਦੀ ਰਿਪੋਰਟ ਅਨੁਸਾਰ ਐਨੀ ਲਾਰਸਨ ਵਿਚ ਰਫਲਾਂ ਦੇ 554 ਬਕਸੇ, ਲਗ-ਪਗ 7 ਜਾਂ 8 ਹਜ਼ਾਰ (ਸੰਗੀਨਾਂ ਵਾਲੀਆਂ ਕਾਰਬਾਈਨਾਂ) ਕਾਰਤੂਸਾਂ ਦੇ ਲਗ-ਪਗ 3773 ਬਕਸੇ ਜਿਨ੍ਹਾਂ ਵਿਚ 3,50,00000 ਗੋ਼ਲੀਆਂ ਸਨ, ਕਾਰਤੂਸ ਪੇਟੀਆਂ ਲਗ-ਪਗ ਦਸ ਬਕਸੇ, ਹਰੇਕ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਸਨ ਅਤੇ 45 ਬੋਰ ਦੇ ਪਿਸਤੌਲ ਜਿਨ੍ਹਾਂ ਦੀ ਗਿਣਤੀ ਪਤਾ ਨਹੀਂ ਸੀ। ਇਸ ਤੋਂ ਇਲਾਵਾ ਗ਼ਦਰ ਲਹਿਰ ਦੀ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਬਦਕਿਸਮਤ ਨਾਲ ਮਹੀਨੇ ਬਾਅਦ ਇਹ ਜਹਾਜ਼ ਪੁਲਿਸ ਦੇ ਅੜਿੱਕੇ ਚੜ੍ਹ ਗਿਆ। ਜੇਕਰ ਹਥਿਆਰਾਂ ਦਾ ਇਹ ਜ਼ਖ਼ੀਰਾ ਕਿਸੇ



ਡਾ. ਜਸਵੰਤ ਰਾਏ ਸਾਹਰੀ
91-98158-25999

ਨਾ ਕਿਸੇ ਤਰ੍ਹਾਂ ਦੇਸ਼ ਪਹੁੰਚ ਜਾਂਦਾ ਤਾਂ ਅਜ਼ਾਦੀ ਦੇ ਸੰਘਰਸ਼ ਦੀ ਦਿਸ਼ਾ ਹੀ ਕੁਝ ਹੋਰ ਹੋਣੀ ਸੀ।ਪੰਜਾਂ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਹੋ ਗਈ ਪਰ ਜਰਮਨਾਂ ਦੀ ਮੱਦਦ ਨਾਲ ਇਹ ਬਚ ਨਿਕਲੇ ਤੇ ਅੱਡੋ ਅੱਡ ਰਾਹੇ ਪੈ ਗਏ। ਬਾਬੂ ਜੀ ਸਿੰਘਾਪੁਰ ਜਾ ਪੁੱਜੇ। ਇੱਥੇ ਗ਼ਦਾਰ ਬੇਲਾ ਸਿੰਘ ਜਿਆਣ ਦੀ ਗ਼ਦਾਰੀ ਕਰਕੇ ਫੇਰ ਬਾਬੂ ਜੀ ਨੂੰ ਤੋਪ ਦੇ ਗੋ਼ਲੇ ਨਾਲ ਉਡਾਉਣ ਦੀ ਸਜਾ ਮਿਲੀ। ਇੱਥੋਂ ਵੀ ਇੱਕ ਅਣਜਾਣ ਜਰਮਨ ਦੋਸਤ ਦੀ ਮੱਦਦ ਰਾਹੀਂ ਬਚ-ਬਚਾ ਕੇ ਉਹ ਮਨੀਲਾ ਪਹੁੰਚ ਗਏ। ਲਗ-ਪਗ 9 ਸਾਲ ਮਨੀਲਾ ਵਿਚ ਰਹੇ।






ਸੋਲਾਂ ਸਾਲਾਂ ਬਾਅਦ ਕੋਲੰਬੋ ਤੋਂ ਦੱਖਣੀ ਭਾਰਤ ਰਾਹੀਂ ਦੇਸ਼ ਵਿਚ ਪੈਰ ਪੈਰ ਤੇ ਹੋ ਰਹੀ ਛੂਆ-ਛਾਤ ਦੀ ਪੜਚੋਲ ਕਰਦੇ ਹੋਏ ਜਦ ਘਰ ਪਹੁੰਚੇ ਤਾਂ ਮੱਥੇ ਤੇ ਹੱਥ ਮਾਰ ਕੇ ਸੋਚਣ ਲਈ ਮਜ਼ਬੂਰ ਹੋ ਗਏ ਕਿ ਅਸੀਂ ਕਿਹੜੀ ਅਜ਼ਾਦੀ ਦੀ ਗੱਲ ਕਰਦੇ ਹਾਂ। ਹਵਾ, ਪਾਣੀ , ਧੁੱਪ ਆਦਿ ਕੁਦਰਤੀ ਸਾਧਨ ਵੀ ਦੇਸ਼ ਦੇ ਅੱਸੀ ਪ੍ਰਤੀਸ਼ਤ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ।ਉਸੇ ਵਕਤ ਕਾਗਜ਼, ਕਲਮ ਚੁੱਕ ਕੇ ਟਾਹਲੀ ਦੀ ਸੰਘਣੀ ਛਾਂਵੇਂ ਬੈਠ ਗ਼ਦਰ ਪਾਰਟੀ ਦੇ ਮੁਖ ਦਫ਼ਤਰ ਸਾਨਫਰਾਂਸਿਸਕੋ ਨੂੰ ਚਿੱਠੀ ਵਿਚ ਲਿਖਣ ਲੱਗੇ ਹਨ ਕਿ ਮੈਂ ਆਪਣੀ ਰਹਿੰਦੀ ਜ਼ਿੰਦਗੀ ਹਾਸ਼ੀਆਗਤ ਲੋਕਾਂ ਦੀ ਸਮਾਜਿਕ ਅਜ਼ਾਦੀ ਅਤੇ ਹੱਕੀ ਮੰਗਾਂ ਦੇ ਲੇਖੇ ਲਾਉਣ ਲੱਗਾ ਹਾਂ। ਇਹ ਭਾਵਨਾ ਲੈ ਕੇ ਮੰਗੂ ਰਾਮ ਮੈਦਾਨ ਵਿਚ ਕੁਦ ਪਏ।

ਬਾਬੂ ਮੰਗੂ ਰਾਮ ਜਾਣਦੇ ਸਨ ਕਿ ਇਹ ਲੜਾਈ 'ਕੱਲੇ ਕਾਰ੍ਹੇ ਦਾ ਕੰਮ ਨਹੀਂ ਹੈ।ਸਭ ਤੋਂ ਪਹਿਲਾਂ ਉਨ੍ਹਾਂ ਪਿੰਡ ਮੁਗੋਵਾਲ ਵਿਖੇ ਬੱਚਿਆਂ ਲਈ ਆਦਿ ਧਰਮ ਸਕੂਲ ਖੋਲ੍ਹਿਆ।ਇਸ ਉਪਰੰਤ ਉਹ ਆਪਣੀ ਸੋਚ ਨਾਲ ਦੇ ਹੋਰ ਵਿਅਕਤੀਆਂ ਤੱਕ ਪਹੁੰਚ ਲਈ ਜਿਆਦਾ ਸਮਾਂ ਘਰੋਂ ਬਾਹਰ ਰਹਿਣ ਲੱਗੇ। ਉਨ੍ਹਾਂ ਨੇ ਚੌਧਰੀ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀ ਰਾਮ ਪੰਡੋਰੀ ਬੀਬੀ, ਹੰਸ ਰਾਜ ਪ੍ਰੇਮ ਗੜ੍ਹ ਹੁਸ਼ਿਆਰਪੁਰ, ਸੰਤ ਰਾਮ ਅਜ਼ਾਦ ਨੰਗਲ ਸ਼ਹੀਦਾਂ, ਲੱਭੂ ਰਾਮ ਅਤੇ ਬੱਗੂ ਰਾਮ ਚਿੱਤੋਂ, ਸ਼ੂਦਰਾ ਨੰਦ, ਠਾਕਰ ਚੰਦ, ਸੰਤ ਗੁਪਾਲ ਦਾਸ ਲੰਗੇਰੀ ਆਦਿ ਸ਼ਖ਼ਸੀਅਤਾਂ ਨਾਲ ਸਲਾਹ ਮਸ਼ਵਰਾ ਕਰਕੇ 11-12 ਜੂਨ 1926 ਈਸਵੀ ਨੂੰ ਪਿੰਡ ਮੁਗੋਵਾਲ ਦੀ ਧਰਤੀ ਤੇ ਇੱਕ ਵਿਸ਼ਾਲ ਸੰਮੇਲਨ ਕੀਤਾ। ਇਸ ਸੰਮੇਲਨ ਲਈ ਪਹਿਲਾਂ ਡੱਟ ਕੇ ਤਿਆਰੀ ਕੀਤੀ ਗਈ। ਖਾਸ ਤੌਰ ਤੇ ਇਸ਼ਤਿਹਾਰ ਵੀ ਛਾਪ ਕੇ ਵੰਡਿਆ ਗਿਆ। ਸੰਮੇਲਨ ਵਿਚ 25 ਮਤੇ ਸਰਵਸੰਮਤੀ ਨਾਲ ਪਾਸ ਕੀਤੇ ਗਏ। ਜਿਨ੍ਹਾਂ ਵਿਚ ਸੰਗਠਨ ਦਾ ਨਾਂ 'ਆਦਿ ਧਰਮ ਮੰਡਲ' ਸ਼ੁਭ ਕਾਮਨਾ ਸੰਦੇਸ਼ 'ਜੈ ਗੁਰੂ ਦੇਵ, ਧੰਨ ਗੁਰੂ ਦੇਵ', ਪਵਿੱਤਰ ਸ਼ਬਦ 'ਸੋਹੰ', ਸਾਡੇ ਧਰਮ ਗੁਰੂ 'ਮਹਾਂਰਿਸ਼ੀ ਬਾਲਮੀਕ ਜੀ, ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ, ਗੁਰੂ ਨਾਮਦੇਵ ਜੀ', ਗ੍ਰੰਥ 'ਆਦਿ ਪ੍ਰਕਾਸ਼ ਗ੍ਰੰਥ' ਆਦਿ ਨਿਸ਼ਚਿਤ ਕਰਨ ਦੇ ਨਾਲ ਨਾਲ ਸਰਕਾਰ ਵੱਲ ਬਹੁਤ ਸਾਰੀਆਂ ਮੰਗਾਂ ਵੀ ਰੱਖੀਆਂ ਗਈਆਂ।ਇਨ੍ਹਾਂ ਵਿਚੋਂ ਇੱਕ ਮੰਗ 'ਮਨੂੰ ਸਿਮ੍ਰਤੀ' ਹਿੰਦੂ ਗ੍ਰੰਥ ਜਿਸਨੇ ਕਿ ਦਲਿਤ ਸਮਾਜ ਨੂੰ ਗ਼ੁਲਾਮ ਬਣਾਈ ਰੱਖਣ ਦੀਆਂ ਬਹੁਤ ਸਾਰੀਆਂ ਜੁਗਤਾਂ ਘੜੀਆਂ ਸਨ ਤੇ ਪਾਬੰਦੀ ਲਾਉਣ ਅਤੇ ਜ਼ਬਤ ਕਰਨ ਦੀ ਵੀ ਸੀ। ਜ਼ਾਹਰ ਹੈ ਕਿ ਜਿਸ ਗ੍ਰੰਥ ਨੂੰ ਬਾਬਾ ਸਾਹਿਬ ਨੇ ਅਮਾਨਵਵਾਦੀ ਕਹਿ ਕੇ 1927 ਈਸਵੀ ਵਿਚ ਅੱਗ ਲਗਾਈ ਸੀ ਉਸ ਨੂੰ ਜ਼ਬਤ ਕਰਨ ਦੀ ਗੱਲ ਆਦਿਧਰਮ ਲਹਿਰ ਦੇ ਆਗੂ ਬਾਬੂ ਮੰਗੂ ਰਾਮ ਇੱਕ ਸਾਲ ਪਹਿਲਾਂ ਕਰ ਚੁੱਕੇ ਸਨ।

(ਬਾਕੀ ਅਗਲੇ ਸਫੇ 'ਤੇ)

# ਅਛੂਤ ਮਨੁੱਖ ਹੋਣ ਦਾ ਦਰਜਾ ਕਦੋਂ ਲੈ ਪਾਏਗਾ



ਹਰਦੀਪ ਸਿੰਘ ਚੁੰਬਰ
+91-94636-01616

ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓਅੰਬੇਦਕਰ ਜੀ ਦੁਆਰਾ ਉਹਨਾਂ ਦੇ ਆਪਣੇ 55 ਜਨਮ ਦਿਨ ਉਤੇ ਆਪਣੇ ਸਮਰਥਕਾਂ ਦੇ ਕਹਿਣ ਉਤੇ ਸੰਦੇਸ਼ ਦਿਤਾ ਗਿਆ, ਜਿਹੜਾ ਭਾਰਤ ਸਰਕਾਰ ਦੁਆਰਾ ਡਾ. ਅੰਬੇਡਕਰ ਜੀ ਦੇ ਲੇਖ ਅਤੇ ਲੈਕਚਰ ਕਿਤਾਬਾਂ ਦੀ ਲੜੀ ਦੇ 17 ਨੰਬਰ ਖੰਡ ਦੇ ਵਿਚ ਛਾਪਿਆ ਗਿਆ ਹੈ। ਪਾਠਕਾ ਦੇ ਲਾਭ ਅਤੇ ਜਾਣਕਾਰੀ ਲਈ ਇਸ ਦਾ ਅਨੁਵਾਦ ਪੰਜਾਬੀ ਵਿਚ ਕੀਤਾ ਗਿਆ ਹੈ। ਉਹ ਸੰਦੇਸ਼ ਵਿਚ ਕਹਿੰਦੇ ਹਨ:-

"ਤੁਸੀਂ ਮੈਨੂੰ ਮੇਰੇ 55 ਵੇਂ ਜਨਮਦਿਨ ਤੇ ਆਪਣੇ ਸਪੈਸ਼ਲ ਨੰਬਰ (55) ਲਈ ਤੁਹਾਨੂੰ ਖਾਸ ਸੁਨੇਹਾ ਭੇਜਣ ਲਈ ਕਿਹਾ ਹੈ। ਇਹ ਇਕ ਮੰਦਭਾਗਾ ਤੱਥ ਹੈ ਕਿ ਭਾਰਤ ਵਿਚ ਰਾਜਨੀਤਿਕ ਨੇਤਾ ਨਬੀ ਵਾਂਗ ਹੀ ਪੈਰ ਰੱਖਦਾ ਹੈ। ਭਾਰਤ ਤੋਂ ਬਾਹਰ, ਲੋਕ ਆਪਣੇ ਨਬੀਆਂ ਦਾ ਜਨਮਦਿਨ ਮਨਾਉਂਦੇ ਹਨ। ਇਹ ਸਿਰਫ ਭਾਰਤ ਵਿੱਚ ਹੈ ਕਿ ਦੋਵਾਂ ਨਬੀਆਂ ਦੇ ਨਾਲ ਨਾਲ ਰਾਜਨੇਤਾਵਾਂ ਦਾ ਜਨਮਦਿਨ ਮਨਾਇਆ ਜਾਂਦਾ ਹੈ। ਦੁੱਖ ਦੀ ਗੱਲ ਹੈ ਕਿ ਅਜਿਹਾ ਨਹੀਂ ਹੋਣਾ ਚਾਹੀਦਾ। ਵਿਅਕਤੀਗਤ ਤੌਰ ਤੇ, ਮੈਨੂੰ ਮੇਰੇ ਜਨਮਦਿਨ ਦਾ ਜਸ਼ਨ ਪਸੰਦ ਨਹੀਂ ਹੈ। ਮੈਂ ਲੋਕਤੰਤਰ ਦੀ ਬਹੁਤ ਜ਼ਿਆਦਾ ਮਾਨਵ-ਪੂਜਾ ਦਾ ਅਨੰਦ ਲੈਣ ਲਈ ਨਹੀਂ ਹਾਂ ਜਿਸ ਨੂੰ ਮੈਂ ਲੋਕਤੰਤਰ ਦਾ ਵਿਗਾੜ ਮੰਨਦਾ ਹਾਂ। ਜੇ ਉਹ ਨੇਤਾ ਕਿਸੇ ਦਾ ਹੱਕਦਾਰ ਹੈ, ਤਾਂ ਉਸ ਲਈ ਪ੍ਰਸ਼ੰਸਾ, ਪਿਆਰ, ਸਤਿਕਾਰ ਅਤੇ ਸਤਿਕਾਰ ਦੀ ਆਗਿਆ ਹੈ ਅਤੇ ਨੇਤਾ ਅਤੇ ਪੈਰੋਕਾਰਾਂ ਦੋਵਾਂ ਲਈ ਇਹ ਕਾਫ਼ੀ ਹੋਣਾ ਚਾਹੀਦਾ ਹੈ। ਪਰ ਨੇਤਾ ਦੀ ਪੂਜਾ ਨਿਸ਼ਚਤ ਤੌਰ ਤੇ ਜਾਇਜ਼ ਨਹੀਂ ਹੈ। ਇਹ ਦੋਵਾਂ ਲਈ ਨਿਰਾਸ਼ਾਜਨਕ ਹੈ। ਪਰ ਮੇਰੇ ਖਿਆਲ ਇਹ ਸਭ ਕੁਝ ਪ੍ਰਤੀਕ ਦੇ ਵਜੋਂ ਹੀ ਹੈ। ਇਕ ਵਾਰ ਜਦੋਂ ਇਕ ਰਾਜਨੀਤਿਕ ਨੇਤਾ ਨਬੀ ਦੀ ਤਰਾਂ, ਪੈਰਾਂ 'ਤੇ ਖੜ੍ਹਾ ਹੋ ਜਾਂਦਾ ਹੈ, ਤਾਂ ਉਸਨੂੰ ਨਬੀ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਆਪਣੇ ਪੈਰੋਕਾਰਾਂ ਨੂੰ ਉਸੇ ਤਰ੍ਹਾਂ ਸੰਦੇਸ਼ ਦੇਣਾ ਚਾਹੀਦਾ ਹੈ ਜਿਵੇਂ ਨਬੀ ਨੇ ਕੀਤਾ ਸੀ।ਜਿਸ ਨੂੰ ਬਾਅਦ ਵਿੱਚ ਟ੍ਰਿਪਲੋਟਲੇਮੋਸ ਵਜੋਂ ਜਾਣਿਆ ਜਾਂਦਾ ਹੈ।

ਹਰ ਸ਼ਾਮ, ਬੰਦ ਦਰਵਾਜ਼ਿਆਂ ਦੇ ਪਿੱਛੇ, ਜਦੋਂ ਬੱਡਾ ਘਰ ਸੁੱਤਾ ਹੋਇਆ ਹੁੰਦਾ ਸੀ। ਡਿਮੀਟਰ ਨੇ ਆਰਾਮਦੇਹ ਪੰਘੂੜੇ ਅਤੇ ਨਿਰਦਈਤਾ ਨਾਲ ਥੋੜ੍ਹੇ ਜਿਹੇ ਡੈਮੋਫੂਨ ਨੂੰ ਬਾਹਰ ਕੱਢਿਆ, ਹਾਲਾਂਕਿ ਇਕ ਬੜੇ ਪਿਆਰ ਅਤੇ ਅਸਲ ਵਿਚ ਉਸਨੂੰ ਰੱਬ ਹੋਣ ਦੀ ਸਥਿਤੀ ਵਿਚ ਲਿਆਉਣ ਦੀਆਂ ਇੱਛਾਵਾਂ ਨਾਲ ਹਕੀਕਤ ਵਿਚ ਪ੍ਰੇਰਿਤ ਹੋ, ਨੰਗੇ ਬੱਚੇ ਨੂੰ ਇਕ ਚਮਕਦੇ ਬਿਸਤਰੇ 'ਤੇ ਰੱਖਿਆ। ਬੱਚਾ, ਡੈਮੋਫੂਨ ਬਲਦੇ ਹੋਏ ਲਕੜ ਦੇ ਕੋਲੇ ਨੂੰ ਸਹਾਰਦਾ ਹੈ, ਉਹ ਅਸਿਹ ਦੁਖ ਨਾਲ ਗਾਇਬੀ ਤਾਕਤ ਪ੍ਰਾਪਤ ਕਰਦਾ ਹੈ।



ਦੰਤਕਥਾ ਕਹਿੰਦੀ ਹੈ ਕਿ ਮੈਟੋਨੀਰਾ ਚਿੰਤਤ ਹੋ ਗਈ, ਇਕ ਸ਼ਾਮ ਅਚਾਨਕ ਉਸ ਕਮਰੇ ਵਿਚ ਜਾ ਕੇ ਧਮਕੀ ਅਤੇ ਦੇਵੀ ਉਤੇ ਫਟ ਪਈ ਜਿਥੇ ਬੱਚੇ ਨੂੰ ਸੁਪਰਮੈਨ ਬਨਾਉਣ ਦਾ ਕੰਮ ਬਨਾਉਣ ਦਾ ਪ੍ਰਯੋਗ ਕੀਤਾ ਜਾ ਰਿਹਾ ਸੀ ਅਤੇ ਰਾਣੀ ਉਸ ਦੇ ਗਲਤ ਡਰ ਕਾਰਨ ਨਿਰਦੇਸ਼ਿਤ ਹੋ ਗਈ ਸੀ। ਰਾਣੀ ਨੇ ਦੇਵੀ ਨੂੰ ਧੱਕਾ ਦਿਤਾ ਅਤੇ ਇਕ ਪਾਸੇ ਕਰ ਦਿੱਤਾ, ਬੱਚੇ ਨੂੰ ਅੰਗਾਰਿਆ ਤੋਂ ਬਾਹਰ ਚੁੱਕ ਲਿਆ ਅਤੇ ਲੈ ਗਈ। ਉਸ ਨੇ ਆਪਣੇ ਨਤੀਜੇ ਦੇ ਨਾਲ ਉਸਨੇ ਬੱਚੇ ਨੂੰ ਬਚਾਇਆ। ਪਰ ਉਸਨੇ ਬੱਚੇ ਦੇ ਭਵਿੱਖ ਵਿੱਚ ਸੁਪਰਮੈਨ ਬਣਨ ਦੇ ਕਰਮ ਨੂੰ ਗੁਆ ਲਿਆ ਅਤੇ ਆਖਰੀ ਉਸ ਦੇਵੀ ਨੂੰ ਵੀ ਗੁਆ ਦਿੱਤਾ।

ਇਹ ਕਹਾਣੀ ਕੀ ਸਿਖਾਉਂਦੀ ਹੈ? ਮੇਰੇ ਦਿਮਾਗ ਨਾਲ, ਇਹ ਸਿਖਾਉਂਦੀ ਹੈ ਕਿ ਮਹਾਨਤਾ ਸਿਰਫ ਸੰਘਰਸ਼ ਅਤੇ ਕੁਰਬਾਨੀ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਨਾਂ ਤਾਂ ਮਰਦਪੁਣੇ ਅਤੇ ਨਾ ਹੀ ਰੱਬਪੁਣੇ ਤੋਂ। ਇਹ ਅੱਗਾਂ ਵਰਗੀਆਂ ਮੁਸ਼ਕਲ ਵਿਚੋਂ ਲੰਘੇ ਬਿਨਾਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਅੱਗ ਸ਼ੁੱਧ ਕਰਦੀ ਹੈ, ਅੱਗ ਮਜ਼ਬੂਤ ਕਰਦੀਹੈ, ਇਸੇ ਤਰ੍ਹਾਂ ਸੰਘਰਸ਼ ਅਤੇ ਦੁੱਖ ਹੁੰਦੇ ਹਨ। ਕੋਈ ਵੀ ਹੇਠਾਂ-ਦੱਬਿਆ ਆਦਮੀ ਮਹਾਨਤਾ ਪ੍ਰਾਪਤ ਨਹੀਂ ਕਰ ਸਕਦਾ ਜਦ ਤੱਕ ਉਹ ਸੰਘਰਸ਼ ਅਤੇ ਦੁੱਖਾਂ ਲਈ ਤਿਆਰ ਨਾ ਹੋਵੇ। ਉਸਨੂੰ ਲਾਜ਼ਮੀ ਹੈ ਕਿ ਉਹ ਆਪਣੇ ਭਵਿੱਖ ਨੂੰ ਬਣਾਉਣ ਲਈ ਸੁੱਖ ਸਹੂਲਤਾਂ ਅਤੇ ਇੱਥੋਂ ਦੀਆਂ ਜ਼ਰੂਰਤਾਂ ਦੀ ਵੀ ਕੁਰਬਾਨੀਆਂ ਕਰਨ ਲਈ ਤਿਆਰ ਹੋਵੇ। ਜੀਵਨ ਦੀ ਦੌੜ ਲਈ ਬਾਈਬਲ ਦੀ ਭਾਸ਼ਾ ਦੀ ਵਰਤੋਂ ਕਰਨ ਲਈ ਸਭ ਨੂੰ ਮੰਨਿਆ ਜਾਂਦਾ ਹੈ। ਪਰ ਕੁਝ ਹੀ, ਚੁਣੇ ਹੋਏ ਅਗੇ ਵਧਦੇ ਹਨ। ਕਿਉਂ? ਕਾਰਨ ਸਪੱਸ਼ਟ ਹੈ। ਬਹੁਤੇ ਨਿਰਾਸ਼ ਲੋਕ ਜ਼ਿੰਦਗੀ ਦੀ ਇਸ ਦੌੜ ਵਿਚ ਮਹਾਨਤਾ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੇ ਹਨ ਕਿਉਂਕਿ ਉਨ੍ਹਾਂ ਕੋਲ ਆਪਣੇ ਭਵਿੱਖ ਦੀਆਂ ਜ਼ਰੂਰਤਾਂ ਲਈ ਮੌਜੂਦਾ ਮੌਜਾਂ ਦੀਆਂ ਕੁਰਬਾਨੀਆਂ ਦੇਣ ਦੀ ਹਿੰਮਤ ਅਤੇ ਦ੍ਰਿੜਤਾ ਨਹੀਂ ਹੈ।

ਇਸ ਕਥਾ ਵਿੱਚ ਸ਼ਾਮਲ ਹੈ ਇਸ ਤੋਂ ਵਧੀਆਕੀ ਅਤੇ ਵੱਡਾ ਸੁਨੇਹਾ ਹੋ ਸਕਦਾ ਹੈ? ਮੈਂ ਇਕ ਲੱਭ ਸਕਦਾ ਹਾਂ ਇਹ ਸਭ ਤੋਂ ਉੱਤਮ ਅਤੇ ਸਭ ਤੋਂ ਉਚਿਤ ਸੰਦੇਸ਼ ਹੈ ਜੋ ਮੈਂ ਅਛੂਤ ਲੋਕਾਂ ਲਈ ਸੋਚ ਸਕਦਾ ਹਾਂ। ਮੈਂ ਉਨ੍ਹਾਂ ਦੇ ਸੰਘਰਸ਼ ਅਤੇ ਉਨ੍ਹਾਂ ਦੇ ਦੁੱਖਾਂ ਤੋਂ ਜਾਣੂ ਹਾਂ। ਮੈਂ ਜਾਣਦਾ ਹਾਂ ਕਿ ਆਜ਼ਾਦੀ ਲਈ ਉਨ੍ਹਾਂ ਦੇ ਸੰਘਰਸ਼ ਵਿਚ ਉਹ ਮੇਰੇ ਨਾਲੋਂ ਜ਼ਿਆਦਾ ਸਤਾਏ ਹੋਏ ਹਨ। ਇਸ ਸਭ ਦੇ ਨਾਲ, ਮੈਂ ਉਨ੍ਹਾਂ ਨੂੰ ਕੋਈ ਹੋਰ ਸੰਦੇਸ਼ ਨਹੀਂ ਦੇ ਸਕਦਾ। ਮੇਰਾ ਸੰਦੇਸ਼ ਸੰਘਰਸ਼, ਅਤੇ ਵਧੇਰੇ ਸੰਘਰਸ਼, ਕੁਰਬਾਨੀ ਅਤੇ ਵਧੇਰੇ ਕੁਰਬਾਨੀ ਹੈ। ਇਹ ਕੁਰਬਾਨੀਆਂ ਜਾਂ ਦੁੱਖਾਂ ਦੀ ਗਿਣਤੀ ਕੀਤੇ ਬਗੈਰ ਇਕੱਲੇ ਸੰਘਰਸ਼ ਅਤੇ ਸੰਘਰਸ਼ ਹੈ ਜੋ ਉਨ੍ਹਾਂ ਨੂੰ ਛੁਟਕਾਰਾ ਦਵਾਉਣਗੇ। ਹੋਰ ਕੁਝ ਨਹੀਂ ਕਰੇਗਾ।

ਅਛੂਤ ਲੋਕਾਂ ਨੂੰ ਉਠਣ ਅਤੇ ਵਿਰੋਧ ਕਰਨ ਲਈ ਇੱਕ ਸਮੂਹਿਕ ਇੱਛਾ ਦਾ ਵਿਕਾਸ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਕੰਮ ਦੀ ਪਵਿੱਤਰਤਾ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਆਪਣੇ ਟੀਚੇ ਨੂੰ ਪ੍ਰਾਪਤ ਕਰਨਾ ਦ੍ਰਿੜਤਾ ਨਾਲ ਇੱਕ ਕਮਾਂਡ ਨਿਰਧਾਰਤ ਕਰ ਵਿਕਾਸ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਕੰਮ ਇੰਨਾ ਮਹਾਨ ਅਤੇ ਮਕਸਦ ਇੰਨਾ ਨੇਕ ਹੈ ਕਿ ਅਛੂਤਾਂ ਨੂੰ ਇਕ ਪ੍ਰਣ ਨਾਲ ਪ੍ਰਾਰਥਨਾ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਕਹਿਣਾ ਚਾਹੀਦਾ ਹੈ: "ਧੰਨ ਹਨ ਉਹ ਜਿਹੜੇ ਜਿੰਨ੍ਹਾਂ ਦੇ ਵਿਚ ਉਹ ਪੈਦਾ ਹੋਏ ਹਨ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ ਲਈ ਜਿੰਦਾ ਹਨ।

ਮੁਬਾਰਕ ਹਨ ਉਹ ਜਿਹੜੇ ਆਪਣੇ ਸੁੱਖ ਦੇ ਦਿਨਾਂ ਨੂੰ ਦੇਣ ਦਾ ਪ੍ਰਣ ਕਰਦੇ ਹਨ, ਉਨ੍ਹਾਂ ਦੀ ਤਾਕਤ ਰੂਹ ਅਤੇ ਸਰੀਰ ਅਤੇ ਉਨ੍ਹਾਂ ਦੇ ਪੈਸਾ ਦੀ ਹੈ, ਗੁਲਾਮੀ ਦੇ ਵਿਰੁੱਧ ਵਿਰੋਧ ਦੀ ਮੁਹਿੰਮ ਨੂੰ ਅੱਗੇ ਵਧਾਉਣ ਲਈ।

ਮੁਬਾਰਕ ਹਨ ਉਹ ਜਿਹੜੇ ਸੰਕਲਪ ਲੈਂਦੇ ਹਨ - ਚੰਗੇ ਆਉਂਦੇ ਹਨ, ਬੁਰੇ ਆਉਂਦੇ ਹਨ, ਧੁੱਪੇ ਆਉਂਦੇ ਹਨ, ਤੂਫਾਨ ਵਿਚ ਆਉਂਦੇ ਹਨ, ਇੱਜਤ ਨਾਲ, ਬੇਇੱਜ਼ਤੀ ਨਾਲ ਆਉਂਦੇ ਹਨ - ਜਦੋਂ ਤੱਕ ਅਛੂਤਾਂ ਪੂਰੀ ਤਰ੍ਹਾਂ ਠੀਕ ਨਹੀਂ ਹੋ ਜਾਂਦੇ ਉਹਨਾਂ ਨੂੰ ਆਪਣੀ ਮਨੁੱਖ ਹੋਣ ਦਾ ਦਰਜਾ ਨਹੀਂ ਮਿਲ ਜਾਂਦਾ, ਉਦੋਂ ਤੱਕ ਨਹੀਂ ਰੁਕਣਾ "

# ਸਾਡੇ ਮੁੰਡਿਆਂ ਨੂੰ ਦੋ ਚੀਜ਼ਾਂ ਸਿੱਖਣੀਆਂ ਚਾਹੀਦੀਆਂ ਹਨ- ਡਾ.ਅੰਬੇਡਕਰ

25-27 ਦਸੰਬਰ, 1946 ਨੂੰਆਲ ਇੰਡੀਆ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ, ਫੈਡਰੇਸ਼ਨ ਕਾਨਫਰੰਸ ਨਾਗਪੁਰ ਨੂੰ ਹੋਈ।ਟੀ ਵੀ ਗੇਡਮ, ਸੈਂਟਰਲ ਪ੍ਰੋਵਿੰਸ ਅਤੇ ਬੇਰਾਰ ਰਾਜ ਦੇ ਅਨੁਸੂਚਿਤ ਜਾਤੀਆਂਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸੈਕਟਰੀ ਸਨ। ਸੈਂਟਰਲ ਪ੍ਰੋਵਿੰਸ ਅਤੇ ਬੇਰਾਰ ਬ੍ਰਿਟਿਸ਼ ਭਾਰਤ ਦਾ ਪ੍ਰਾਂਤ ਸੀ, ਬੇਰਾਰ ਸੂਬਾ, ਹੈਦਰਾਬਾਦ ਅਸਾਈਨਡ ਜ਼ਿਲ੍ਹੇ ਵਜੋਂ ਵੀ ਜਾਣਿਆ ਜਾਂਦਾ ਹੈ, ਬ੍ਰਿਟਿਸ਼ ਭਾਰਤ ਦਾ ਇੱਕ ਅਜਿਹਾ ਸੂਬਾ ਸੀ, ਜਿਸ ਨੂੰ ਹੈਦਰਾਬਾਦ ਦੇ ਨਿਜ਼ਾਮ ਨੇ ਸ਼ਾਸਨ ਕੀਤਾ ਸੀ। 1853 ਤੋਂ ਬਾਅਦ ਇਸ ਦਾ ਪ੍ਰਬੰਧ ਬ੍ਰਿਟਿਸ਼ ਦੁਆਰਾ ਚਲਾਇਆ ਗਿਆ, ਹਾਲਾਂਕਿ ਨਿਜ਼ਾਮ ਨੇ ਇਸ ਸੂਬੇ ਉੱਤੇ ਰਸਮੀ ਪ੍ਰਭੂਸੱਤਾ ਕਾਇਮ ਰੱਖੀ।

ਇਸ ਦੀ ਪ੍ਰਧਾਨਗੀ ਬਾਬਾ ਸਾਹਿਬ ਡਾ. ਅੰਬੇਦਕਰ ਦੁਆਰਾ ਕੀਤੀ ਜਾਣੀ ਸੀ। ਪਹ ਰੁਝੇਵਿਆਂ ਦੇ ਕਾਰਨ ਉਹ ਨਹੀ ਜਾ ਸਕੇ ਉਹਨਾ ਆਪਣੀ ਜਗਾ ਸ਼੍ਰੀ ਜੋਗੇਂਦਰ ਨਾਥ ਮੰਡਲ ਨੂੰ ਭੇਜਿਆ ਗਿਆ। ਇਕਾਨਫਰੰਸ ਵਿੱਚ 3000 ਡੈਲੀਗੇਟ 500 ਔਰਤਾਂ ਅਤੇ 40000 ਹੋਰ ਦਰਸ਼ਕ ਹਾਜਰ ਹੋਏ ਸਨ।

ਸਾਡੇ ਵਿਦਿਆਰਥੀ ਨੂੰ ਸਿੱਖਣਾ ਚਾਹੀਦਾ ਹੈ ਅਤੇ ਅਗਵਾਈ ਕਰਨੀ ਚਾਹੀਦੀ ਹੈ।

ਫੈਡਰੇਸ਼ਨ ਦੇ ਸੰਵਿਧਾਨ ਦਾ ਨਿਰਮਾਣ ਕਰਨ ਦੇ ਉਦੇਸ਼ ਨਾਲ 25 ਤੋਂ 27 ਦਸੰਬਰ 1946 ਤੱਕ 'ਆਲ ਇੰਡੀਆ ਸ਼ਡਿਊਲਡ ਕਾਸਟ ਸਟੂਡੈਂਟਸ' ਫੈਡਰੇਸ਼ਨ ਦੀ ਦੂਜੀ ਕਾਨਫਰੰਸ ਨਾਗਪੁਰ ਵਿਖੇ ਹੋਈ। ਇਸ ਸੰਸਥਾ ਦੀ ਨੀਂਹ 12 ਮਈ 1945 ਨੂੰ ਬੰਬੇ ਵਿਖੇ ਪਹਿਲੀ ਕਾਨਫਰੰਸ ਨਾਲ ਰੱਖੀ ਗਈ ਸੀ।

ਡਾ. ਬੀ. ਆਰ. ਅੰਬੇਦਕਰ ਦੀ ਨਾਗਪੁਰ ਵਿਖੇ ਹੋਣ ਵਾਲੀ ਇਸ ਕਾਨਫ਼ਰੰਸ ਵਿਚ ਸ਼ਾਮਲ ਹੋਣ ਦੀ ਇੱਛਾ ਸੀ, ਪਰ ਉਨ੍ਹਾਂ ਦੀਆਂ ਪਹਿਲਾਂ ਦ੍ ਨਿਯੋਜਿਤ ਕੰਮਾਂ ਕਾਰਨ ਉਹ ਨਹੀਂ ਜਾ ਸਕੇ। ਹਾਲਾਂਕਿ, ਉਸਨੇ ਸ਼੍ਰੀ ਜੋਗਿੰਦਰਨਾਥ ਮੰਡਲ, ਕਾਨੂੰਨ ਮੈਂਬਰ, ਭਾਰਤ ਸਰਕਾਰ ਦੇ ਅੰਤਰਿਮ ਸਰਕਾਰ ਨੂੰ ਨਾਗਪੁਰ ਵਿਖੇ ਇਸ ਵਿਦਿਆਰਥੀਆਂ ਦੀ ਕਾਨਫਰੰਸ ਦਾ ਚੇਅਰਪਰਸਨ ਬਣਾਉਣ ਦੀ ਸਲਾਹ ਦਿੱਤੀ।

ਇਹ ਇਕ ਕਾਨਫਰੰਸ ਇਤਿਹਾਸਕ ਸੀ। ਇਹ ਬਹੁਤ ਹੀ ਥੋੜੇ ਸਮੇਂ ਦੇ ਅੰਦਰ ਪ੍ਰਬੰਧ ਕੀਤਾ ਗਿਆ ਸੀ। ਰਿਸੈਪਸ਼ਨ ਕਮੇਟੀ ਦਾ ਗਠਨ 16 ਦਸੰਬਰ 1946 ਨੂੰ ਕੀਤਾ ਗਿਆ ਸੀ ਅਤੇ ਇਹ ਕਾਨਫ਼ਰੰਸ 25 ਤੋਂ 27 ਦਸੰਬਰ 1946 ਦੇ ਵਿਚਕਾਰ ਕੀਤੀ ਗਈ ਸੀ। ਇਸ ਛੋਟੀ ਜਿਹੀ ਅਵਧੀ ਦੇ ਬਾਵਜੂਦ ਇੱਥੇ ਪੂਰੇ ਭਾਰਤ ਤੋਂ ਤਕਰੀਬਨ ਤਿੰਨ ਹਜ਼ਾਰ ਮੁੰਡਿਆਂ ਅਤੇ ਪੰਜ ਸੌ ਔਰਤ ਡੈਲੀਗੇਟ ਸਨ। ਦੂਸਰੇ ਮਹਿਮਾਨ ਤਕਰੀਬਨ ਤੀਹ ਹਜ਼ਾਰ ਸਨ। ਬੰਬੇ, ਯੂਪੀ, ਸੀ ਪੀ ਅਤੇ ਬੇਰਾਰ, ਮਦਰਾਸ, ਬੰਗਾਲ, ਹੈਦਰਾਬਾਦ ਅਤੇ ਦਿੱਲੀ ਤੋਂ ਆਏ ਡੈਲੀਗੇਟਾਂ ਨੂੰ ਚੋਖਮੇਲਾ ਕੰਨਿਆ ਸ਼ਾਲਾ, ਨਵੀਂ ਕਲੋਨੀ, ਨਾਗਪੁਰ ਵਿਖੇ ਠਹਿਰਾਇਆ ਗਿਆ ਸੀ।

ਇਹ ਕਾਨਫਰੰਸ ਇੱਕ ਸੁੰਦਰ ਸਜਾਏ ਪੰਡਾਲ ਵਿੱਚ ਕਸਤੂਰਚੰਦ ਪਾਰਕ ਵਿਖੇ ਇੱਕ ਵਿਸ਼ਾਲ ਗਰਾਉਂਡ ਵਿੱਚ ਹੋਈ। ਸ੍ਰੀ ਜੋਗਿੰਦਰਨਾਥ ਮੰਡਲ ਸੰਮੇਲਨ ਦੇ ਪ੍ਰਧਾਨ ਸਨ। ਚਾਲੀ ਹਜ਼ਾਰ ਲੋਕਾਂ ਦੀ ਭਾਰੀ ਭੀੜ ਨੇ ਉਸ ਨੂੰ ਨਾਗਪੁਰ ਰੇਲਵੇ ਸਟੇਸ਼ਨ 'ਤੇ 6.30 ਸ਼ਾਮ' ਨੂੰ ਸਨਮਾਨ ਨਾਲ ਸਨਾਗਤ ਕੀਤਾ ਗਿਆ। 25 ਦਸੰਬਰ, 1946 ਨੂੰ. 'ਸਮਤਾ ਸੈਨਿਕ ਦਲ' ਅਤੇ 'ਰਾਸ਼ਟਰੀ ਮੁਸਲਿਮ ਲੀਗ' ਦੁਆਰਾ 'ਗਾਰਡ ਆਫ਼ ਆਨਰ' ਪੇਸ਼ ਕੀਤਾ ਗਿਆ। ਅਨੁਸੂਚਿਤ ਜਾਤੀ ਫੈਡਰੇਸ਼ਨ, ਮੁਸਲਿਮ ਲੀਗ ਅਤੇ ਸਰਕਾਰੀ ਅਧਿਕਾਰੀਆਂ ਅਤੇ ਨੇਤਾਵਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਬਾਬਾ ਸਾਹਿਬ ਨੇ ਕਾਨਫਰੰਸ ਲਈ ਇਕ ਪਤਰ ਰਾਹੀਂ ਆਪਣੀਆਂ ਸੁਭਕਾਮਨਾਵਾਂ ਅਤੇ ਸੰਦੇਸ਼ ਭੇਜਿਆ।

**"2, ਪੱਛਮੀ ਅਦਾਲਤ,**
**ਨਵੀਂ ਦਿੱਲੀ,**
**20-12-1946**
**ਮੇਰੇ ਪਿਆਰੇ ਗੇਡਮ,**

ਮੈਨੂੰ ਬਹੁਤ ਅਫ਼ਸੋਸ ਹੈ ਕਿ ਮੇਰੇ ਬਹੁਤ ਸਾਰੇ ਪੂਰਵ-ਨਿਰਧਰਤ ਕੰਮਾਂ ਦੇ ਹੋਣ ਕਾਰਨ ਮੈਂ ਤੁਹਾਨੂੰ ਪਹਿਲਾਂ ਲਿਖ ਨਹੀਂ ਸਕਿਆ।

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਤੁਸੀਂ ਆਲ ਇੰਡੀਆ ਸ਼ਡਿਊਲਡ ਕਾਸਟ ਸਟੂਡੈਂਟਸ ਫੈਡਰੇਸ਼ਨ ਦਾ ਸੈਸ਼ਨ ਆਲ ਇੰਡੀਆ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਸੈਸ਼ਨ ਨਾਲ ਬਣੇ ਰੱਖਣ ਦਾ ਫੈਸਲਾ ਕੀਤਾ ਹੈ। ਇਹ ਇਕ ਬੁੱਧੀਮਾਨ ਫੈਸਲਾ ਹੈ ਜਿਸ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ।

ਮੈਂ ਮਾਨਯੋਗ ਜੇ ਐਨ ਮੰਡਲ ਨਾਲ ਗੱਲ ਕੀਤੀ ਹੈ। ਉਹ ਨਿਸ਼ਚਤ ਤੌਰ ਤੇ ਤੁਹਾਡੀ ਕਾਨਫਰੰਸ ਦੀ ਪ੍ਰਧਾਨਗੀ ਕਰਨ ਆ ਰਿਹਾ ਹੈ। ਕਾਸ਼ ਮੈਂ ਆ ਸਕਦਾ। ਪਰ ਬਦਕਿਸਮਤੀ ਨਾਲ ਇਹ ਸੰਭਵ ਨਹੀਂ ਜਾਪਦਾ। ਲੇਕਿਨ ਫਿਰ ਭੀ ਮੈਂ, ਕਾਨਫਰੰਸ ਦੀ ਸਫਲਤਾ ਲਈ ਆਪਣੀਆਂ ਸ਼ੁਭ ਕਾਮਨਾਵਾਂ ਭੇਜ ਰਿਹਾ ਹਾਂ। ਸਾਡੇ ਮੁੰਡਿਆਂ ਨੂੰ ਦੋ ਚੀਜ਼ਾਂ ਸਿੱਖਣੀਆਂ ਚਾਹੀਦੀਆਂ ਹਨ। ਪਹਿਲਾਂ, ਇਹ ਸਾਬਤ ਕਰਨ ਲਈ ਕਿ ਮੌਕਿਆਂ ਦੇ ਕਾਰਨ ਉਹ ਬੁੱਧੀ ਅਤੇ ਸਮਰੱਥਾ ਵਿੱਚ ਕਿਸੇ ਤੋਂ ਘਟੀਆ ਨਹੀਂ ਹਨ। ਦੂਜਾ, ਇਹ ਸਿੱਧ ਕਰਨ ਲਈ ਕਿ ਉਹ ਸਿਰਫ ਨਿਜੀ ਖੁਸ਼ਹਾਲੀ ਦੇ ਰਸਤੇ 'ਤੇ ਚੱਲਣ ਲਈ ਨਹੀਂ ਬਲਕਿ ਆਪਣੇ ਭਾਈਚਾਰੇ ਨੂੰ ਆਜ਼ਾਦ ਹੋਣ, ਮਜ਼ਬੂਤ ਬਣਨ ਅਤੇ ਸਤਿਕਾਰ ਦਿੱਤੇ ਜਾਣਦੀ-ਅਗਵਾਈ ਕਰਨ ਲਈ ਹਨ।

ਜੇ ਕਾਨਫਰੰਸ ਸਾਡੇ ਵਿਦਿਆਰਥੀਆਂ ਦੇ ਦਿਮਾਗ ਨੂੰ ਇਹ ਦੋ ਉਦੇਸ਼ ਭਰ ਸਕਦੀ ਹੈ, ਤਾਂ ਇਸ ਨੇ ਆਪਣੀ ਹੋਂਦ ਨੂੰ ਕਾਫ਼ੀ ਜਾਇਜ਼ ਠਹਿਰਾਇਆ ਹੋਵੇਗਾ। ਮੈਨੂੰ ਯਕੀਨ ਹੈ ਕਿ ਇਹ ਹੋਵੇਗਾ।

ਬੜੇ ਸਤਿਕਾਰ ਨਾਲ,
ਤੁਹਾਡਾ ਸੁਹਿਰਦਿਤ,
ਬੀ. ਆਰ. ਅੰਬੇਦਕਰ। "

**ਅਨੁਵਾਦ ਕਰਤਾ-**
**ਇੰਜੀ, ਹਰਦੀਪ ਸਿੰਘ ਚੁੰਬਰ 9463601616**
**1275 ਅਰਬਨ ਇਸ਼ਟੇਟ ਫੇਸ-2 ਪਟਿਆਲਾ**

# ਗ਼ਦਰੀ ਯੋਧੇ ਅਤੇ ਆਦਿ ਧਰਮ ਦੇ ਬਾਨੀ: ਬਾਬੂ ਮੰਗੂ ਰਾਮ ਮੁਗੋਵਾਲੀਆ

**(ਸਫਾ 20 ਦੀ ਬਾਕੀ)**

ਬਾਬੂ ਮੰਗੂ ਰਾਮ ਨੇ ਲਗ-ਪਗ ਡੇਢ ਦਹਾਕਾ ਗ਼ਦਰ ਪਾਰਟੀ ਵਿਚ ਕੰਮ ਕੀਤਾ ਸੀ। ਇਸ ਲਈ ਆਦਿ ਧਰਮ ਮੰਡਲ ਦੀ ਸਥਾਪਨਾ ਕਰਦੇ ਸਮੇਂ ਗ਼ਦਰ ਪਾਰਟੀ ਦਾ ਸੰਗਠਨਾਤਮਕ ਢਾਂਚਾ ਉਨ੍ਹਾਂ ਦੇ ਦਿਲੋ-ਦਿਮਾਗ 'ਚ ਪਿਆ ਸੀ। ਗ਼ਦਰ ਪਾਰਟੀ ਦੇ ਸਾਨਫਰਾਂਸਿਸਕੋ ਦਫ਼ਤਰ ਦੇ ਅਧਾਰ ਤੇ ਜਲੰਧਰ ਸ਼ਹਿਰ ਦੇ ਦੁ-ਮੋਰੀਆ ਪੁਲ਼ ਕੋਲ਼ ਆਦਿ ਧਰਮ ਮੰਡਲ ਦਾ ਚਿੱਠੀ ਪੱਤਰ ਅਤੇ ਬੈਠਕਾਂ ਹਿੱਤ ਦਫ਼ਤਰ ਖੋਲ੍ਹਿਆ ਗਿਆ। ਮਹਾਂ ਪੰਜਾਬ ਤੋਂ ਇਲਾਵਾ, ਕਲਕੱਤੇ ਤੱਕ ਅਤੇ ਦੇਸ਼ ਵਿਦੇਸ਼ ਦੇ 550 ਮੈਂਬਰਾਂ ਦੀ ਟੀਮ, 56 ਆਨਰੇਰੀ ਪ੍ਰਚਾਰਕਾਂ ਦਾ ਜੱਥਾ ਤਿਆਰ ਕੀਤਾ ਗਿਆ। ਮੀਡੀਆ ਦੇ ਪ੍ਰਚਾਰ ਪ੍ਰਸਾਰ ਹਿੱਤ ਆਦਿਧਰਮ ਮੰਡਲ ਨੇ ਆਪਣਾ ਅਖ਼ਬਾਰ 'ਆਦਿ ਡੰਕਾ' ਕੱਢਿਆ ਜਿਹੜਾ 1927-28 ਤੋਂ ਲੈ ਕੇ 1951 ਈਸਵੀ ਤੱਕ ਛਪਦਾ ਰਿਹਾ।ਮੁਖ ਦਫ਼ਤਰ ਤੋਂ ਇਲਾਵਾ ਵੱਖ-ਵੱਖ ਥਾਂਵਾਂ ਤੇ ਅੱਠ ਸਬ-ਦਫ਼ਤਰ ਹੋਰ ਖੋਲ੍ਹੇ ਗਏ। 'ਗ਼ਦਰ ਗੂੰਜ' ਅਖ਼ਬਾਰ ਦੀ ਤਰਜ਼ ਤੇ 'ਆਦਿ ਡੰਕਾ' ਅਖ਼ਬਾਰ ਵਿਚ ਗੁਰਦਾਸ ਰਾਮ ਆਲਮ, ਧੰਨਾ ਸਿੰਘ ਲੰਗੇਰੀ, ਚਾਨਣ ਲਾਲ ਮਾਣਕ, ਪ੍ਰੀਤਮ ਰਮਦਾਸਪੁਰੀ, ਭਗਤ ਰਾਮ ਦੀਵਾਨਾ, ਸੰਤ ਰਾਮ ਪਿਪਲਾਂਵਾਲਾ, ਚਰਨ ਦਾਸ ਨਿਧੜਕ ਆਦਿ ਦਲਿਤ ਕਵੀਆਂ ਦੀਆਂ ਤਿੱਖੀਆਂ ਨਜ਼ਮਾਂ ਨੇ ਮੰਡਲ ਦੇ ਫ਼ੈਲਾਅ ਵਿਚ ਵੱਡੀ ਭੂਮਿਕਾ ਨਿਭਾਈ। ਬਾਬੂ ਮੰਗੂ ਰਾਮ ਹੁਰਾਂ ਦੀ ਟੀਮ ਆਪਣੇ ਸਮਾਜ ਦੀਆਂ ਮੰਗਾਂ ਲਈ 1928 ਈਸਵੀ ਵਿਚ ਸਾਈਮਨ ਕਮਿਸ਼ਨ ਨੂੰ ਮਿਲੀ। 1931 ਈਸਵੀ ਦੀ ਜਨਗਣਨਾ ਵਿਚ ਆਦਿਧਰਮ ਦਾ ਵੱਖਰਾ ਖ਼ਾਨਾ ਦਰਜ਼ ਕਰਵਾਇਆ। ਉਸ ਸਮੇਂ ਚੱਲ ਰਹੀਆਂ ਹੋਰ ਧਾਰਮਿਕ ਲਹਿਰਾਂ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਆਦਿ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਇੰਨੇ ਵਿਉਂਤਬੱਧ ਤਰੀਕੇ ਨਾਲ ਕੀਤਾ ਗਿਆ ਸੀ ਕਿ 1931 ਈਸਵੀ ਵਿਚ 418779 ਲੋਕਾਂ ਨੇ ਆਪਣੇ ਆਪ ਨੂੰ ਆਦਿਧਰਮੀ ਦਰਜ਼ ਕਰਵਾਇਆ। ਲੰਡਨ ਦੀਆਂ ਗੋਲਮੇਜ਼ ਕਾਨਫਰੰਸਾਂ ਸਮੇਂ ਬਾਬਾ ਸਾਹਿਬ ਨੂੰ 'ਸਾਡਾ ਲੀਡਰ ਅੰਬੇਡਕਰ' ਦੱਸਣ ਹਿੱਤ ਤਾਰਾਂ ਘੱਲੀਆਂ, 1932 ਵਿਚ ਬਾਬੂ ਮੰਗੂ ਰਾਮ ਨੇ ਦਲਿਤ ਸਮਾਜ ਦੀਆਂ ਮੰਗਾਂ ਖ਼ਾਤਰ ਮਹਾਤਮਾ ਗਾਂਧੀ ਖ਼ਿਲਾਫ਼ ਜਲੰਧਰ 'ਚ ਮਰਨ ਵਰਤ ਰੱਖਿਆ, 1932 'ਚ ਹੀ ਲਾਹੌਰ ਵਿਖੇ ਹਜ਼ਾਰਾਂ ਸਾਥੀਆਂ ਨੂੰ ਨਾਲ ਲੈ ਕੇ ਲਾਰਡ ਲੋਥੀਅਨ ਨਾਲ ਮੁਲਾਕਾਤ ਕੀਤੀ, ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ, 1937 ਈਸਵੀ ਦੀਆਂ ਚੋਣਾਂ 'ਚ ਸੱਤ ਆਦਿਧਰਮੀਆਂ ਨੂੰ ਐੱਮ.ਐੱਲ.ਏ. ਬਣਾਉਣਾ, 1946 'ਚ ਆਪ ਐੱਮ.ਐੱਲ.ਏ ਚੁਣਿਆ ਜਾਣਾ ਮਿਸਾਲੀ ਪ੍ਰਾਪਤੀਆਂ ਹਨ।

ਬਾਬੂ ਮੰਗੂ ਰਾਮ ਅਤੇ ਬਾਬਾ ਸਾਹਿਬ ਦੀਆਂ ਸੰਘਰਸ਼ਸ਼ੀਲ ਲਹਿਰਾਂ ਇੱਕ ਦੂਜੇ ਦੀਆਂ ਪੂਰਕ ਰਹੀਆਂ ਹਨ। ਇਸੇ ਲਈ ਬਾਬਾ ਸਾਹਿਬ ਆਪਣੇ ਗ੍ਰੰਥਾਂ ਵਿਚ ਵੀ ਇਸ ਲਹਿਰ ਦਾ ਜ਼ਿਕਰ ਕਰਦੇ ਹਨ।ਬਾਬੂ ਮੰਗੂ ਰਾਮ ਸਾਰੀ ਉਮਰ ਦੱਬਿਆਂ ਦੁਰਕਾਰਿਆਂ ਦੇ ਹੱਕਾਂ ਦੀ ਜੰਗ ਲੜਦੇ ਰਹੇ। ਬਾਬੂ ਮੰਗੂ ਰਾਮ ਜਸਪਾਲ ਦੇ ਉਦਮ ਸਦਕਾ ਬਾਬੂ ਮੰਗੂ ਰਾਮ ਮੋਗੋਵਾਲੀਆ ਨੂੰ ਇੱਕ ਵਾਰ ਫਿਰ ਉਮਰ ਦੇ ਨੌਵੇਂ ਦਹਾਕੇ 13 ਦਸੰਬਰ, 1970 ਨੂੰ ਡੇਰਾ ਬੱਲਾਂ ਵਿਖੇ 'ਆਦਿਧਰਮ ਸ਼ਡਿਊਲਡ ਕਾਸਟ ਫੈੱਡਰੇਸਨ' ਦਾ ਪ੍ਰਧਾਨ ਚੁਣਿਆ ਗਿਆ। ਭਾਵੇਂ ਇਸ ਸਮੇਂ ਉਹ ਕਾਫ਼ੀ ਬਿਰਧ ਹੋ ਚੁਕੇ ਸਨ ਪਰ ਗੜ੍ਹਕਾ ਤੇ ਸੁਰਤੀ ਪੂਰੀ ਕਾਇਮ ਸੀ। ਸਾਰੀ ਉਮਰ ਦਲਿਤਾਂ ਦੇ ਹੱਕਾਂ ਦੀ ਬਾਤ ਪਾਉਣ ਵਾਲਾ ਇਹ ਯੋਧਾ 22 ਅਪ੍ਰੈਲ, 1980 ਈਸਵੀ ਨੂੰ ਸਦਾ ਲਈ ਅੱਖਾਂ ਤੋਂ ਓਝਲ ਹੋ ਗਿਆ। ਸਮਾਜ ਲਈ ਕੀਤੇ ਸੰਘਰਸ਼ ਸਦਕਾ ਦੇਸ਼, ਵਿਦੇਸ਼ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਤਾਮਰ ਪੱਤਰ ਸਮੇਤ ਅਨੇਕਾਂ ਇਨਾਮ ਸਨਮਾਨ ਝੋਲ਼ੀ ਪਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਪੜ੍ਹੇ ਭਾਵੇਂ ਥੋੜ੍ਹਾ ਸਨ ਪਰ ਉਨ੍ਹਾਂ ਦਾ ਅਧਿਐਨ ਬਹੁਤਾ ਸੀ। ਉਨ੍ਹਾਂ ਗ਼ਦਰ ਪਾਰਟੀ ਨਾਂ ਦੇ ਉਸ ਸੰਗਠਨ ਵਿਚ ਕੰਮ ਕੀਤਾ ਸੀ ਜਿਸਨੇ ਪੂਰੇ ਸੰਸਾਰ ਵਿਚ ਸਾਮਰਾਜ ਦਾ ਝੰਡਾ ਝੁਲਾਉਣ ਵਾਲੀ ਸਰਕਾਰ ਨੂੰ ਭੁਆਂਟਣੀਆਂ ਦੁਆ ਦਿੱਤੀਆਂ ਸਨ।ਉਨ੍ਹਾਂ ਨੇ ਪਹਿਲੀ ਵਾਰ ਇੱਥੋਂ ਦੇ ਮੂਲ ਨਿਵਾਸੀਆਂ ਨੂੰ ਉਨ੍ਹਾਂ ਦੇ ਮੂਲ ਨਾਲ ਜੋੜ ਕੇ ਬਹੁਤ ਸੋਚਣ ਸਮਝਣ ਤੋਂ ਬਾਅਦ 'ਆਦਿ ਧਰਮੀ' ਨਾਂ ਦਿੱਤਾ ਸੀ। ਆਦਿ ਧਰਮ ਮੰਡਲ ਇੱਕ ਸਮਾਜਿਕ ਸੰਗਠਨ ਸੀ। ਸਮਾਜਿਕ ਤੌਰ ਤੇ ਇਸਨੇ ਅਜੇ ਸਥਾਪਿਤ ਹੋਣਾ ਸੀ ਤੇ ਰਾਜਨੀਤਕ ਤੌਰ ਤੇ ਕਦਮ ਰੱਖ ਲਿਆ।ਭਾਵੇਂ ਇਸ ਵਿਚ ਪ੍ਰਾਪਤੀ ਵੀ ਕੀਤੀ ਪਰ ਸਮਾਜਿਕ ਤੌਰ ਤੇ ਪਕੜ ਅਜੇ ਮਜ਼ਬੂਤ ਨਾ ਹੋਣ ਕਰਕੇ ਇਸ ਦੀ ਰਾਜਨੀਤਕ ਚਿਰਸਥਿਰਤਾ ਕਾਇਮ ਨਾ ਰਹਿ ਸਕੀ।ਹਾਂ, ਇੰਨਾ ਜ਼ਰੂਰ ਹੈ ਕਿ ਇਸ ਸੰਗਠਨ ਨੇ ਦਲਿਤ ਅੰਦੋਲਨ ਲਈ ਇੱਕ ਨੀਂਹ ਜ਼ਰੂਰ ਤਿਆਰ ਕਰ ਦਿੱਤੀ ਸੀ ਜਿਸ ਉਪਰ ਭਵਿੱਖ ਵਿਚ ਸੰਘਰਸ਼ ਨਾਲ ਉੱਚੀ ਇਮਾਰਤ ਦੀ ਉਸਾਰੀ ਕੀਤੀ ਜਾ ਸਕੇਗੀ।

# ਗੁਰਮਤਿ (ਗੁਰਬਾਣੀ ਪ੍ਰਚਾਰ) ਦੇ ਝੰਡਾ ਬਰਦਾਰ ਹਨ ਨਿਹੰਗ ਸਿੰਘ

'ਨਿਹੰਗ ਸਿੰਘ' ਦੇ ਮਹਾਨ ਕੋਸ਼ ਅਨੁਸਾਰ ਤਾਂ 7-8 ਅਰਥ ਹਨ ਪਰ ਅਸੀਂ ਕੇਵਲ ਕੁਝ ਅਰਥਾਂ ਦੀ ਹੀ ਵਿਚਾਰ ਕਰਾਂਗੇ। ਨਿਹੰਗ ਸ਼ਬਦ ਦਾ ਸਭ ਤੋਂ ਪਹਿਲਾ ਅਰਥ ਹੈ - ਨਿ-ਹੰਗ (ਹੰਕਾਰ ਰਹਿਤ ਵਿਅਕਤੀ)। ਜਿਹੜਾ ਵਿਅਕਤੀ ਗੁਰਮਤਿ ਦੀ ਸੋਝੀ ਨਾਲ ਆਪਣੇ ਮਨ ਦੀਆਂ ਮਰਜ਼ੀਆਂ ਉਪਰ ਕਾਬੂ ਪਾ ਲੈਂਦਾ ਹੈ ਉਹ ਹੀ ਨਿਹੰਗ ਹੈ। ਨਿਹੰਗ ਉਹ ਯੋਧਾ ਹੈ ਜਿਹੜਾ ਮੈਦਾਨੇ ਜੰਗ ਵਿੱਚ ਜਾਂ ਤਾਂ ਜਾਂਦਾ ਹੀ ਨਹੀਂ, ਜੇ ਚਲਾ ਜਾਂਦਾ ਹੈ ਤਾਂ ਅੱਗੇ ਹੀ ਅੱਗੇ ਵਧਦਾ ਜਾਂਦਾ ਹੈ ਪਿਛੇ ਮੁੜਨ ਲਈ ਸੋਚਦਾ ਵੀ ਨਹੀਂ।

**ਨਿਹੰਗ ਦਾ ਅਰਥ ਹੈ -** 'ਕਲਮ ਦਾ ਧਨੀ', ਜਿਵੇਂ ਦਸਵੇਂ ਪਾਤਸ਼ਾਹ ਕਲਮ ਦੇ ਧਨੀ ਸਨ ਇਸ ਲਈ ਉਹਨਾਂ ਨੇ ਗੁਰਮੁਖਾਂ ਲਈ ਵੀ ਨਿਹੰਗ ਸ਼ਬਦ ਵਰਤਿਆ ਹੈ। ਗੁਰਬਾਣੀ ਦੇ ਸਾਰੇ ਰਚਨਹਾਰੇ ਨਿਹੰਗ ਹਨ। 'ਤਲਵਾਰ' ਜਾਂ 'ਤਲਵਾਰ ਦਾ ਧਨੀ' ਵੀ ਨਿਹੰਗ ਹੈ। ਤਲਵਾਰ ਤੋਂ ਭਾਵ ਹੈ ਬਿਬੇਕ ਬੁੱਧੀ ਵਾਲਾ, ਗਿਆਨ ਖੜਗ ਦਾ ਧਾਰਨੀ ਹੈ, ਗਿਆਨ ਚਰਚਾ ਵਿੱਚ ਜਿੱਤ ਪ੍ਰਾਪਤ ਕਰਨ ਵਾਲਾ। ਤਲਵਾਰ ਦਾ ਧਨੀ, ਮੈਦਾਨੇ ਜੰਗ ਵਿੱਚ ਤਲਵਾਰ ਫੜਕੇ ਅਜਿੱਤ ਰਹਿਣ ਵਾਲਾ, ਭਾਵ ਹਾਰ ਨਾ ਮੰਨਣ ਵਾਲਾ। ਛੇਵੇਂ ਗੁਰ ਹਰਗੋਬਿੰਦ ਸਾਹਿਬ ਅਤੇ ਖ਼ੁਦ ਦਸਵੇਂ ਪਾਤਸ਼ਾਹ, ਬਾਅਦ ਵਿੱਚ ਖਾਲਸਾ, ਇਸ ਸ਼੍ਰੇਣੀ ਵਿੱਚ ਆਉਂਦੇ ਹਨ। ਪਰ ਇਕੱਲੀ ਲੋਹੇ ਵਾਲੀ ਤਲਵਾਰ ਦੇ ਧਨੀ ਨੂੰ ਨਿਹੰਗ ਸਿੰਘ ਨਹੀਂ ਕਹਿ ਸਕਦੇ। ਪੰਜਵਾਂ ਨਿਹੰਗ ਦਾ ਅਰਥ ਹੈ 'ਸਿੰਘ' (ਸ਼ੇਰ) ਜਿਹੜਾ ਕਿ ਨਿਰਭੈ ਅਵਸਥਾ ਵਿੱਚ ਵਿਚਰਦਾ ਹੈ।

1699 ਈ: ਦੀ ਵਿਸਾਖੀ ਨੂੰ ਦਸਵੇਂ ਪਾਤਸ਼ਾਹ ਨੇ ਸਿਰ ਮੰਗ ਕੇ ਨਿਹੰਗ ਹੀ ਛਾਂਟੇ ਸਨ। ਜਿਨ੍ਹਾਂ ਵਾਸਤੇ ਮੌਤ, ਗੁਰੂ ਜਾਂ ਗੁਰਮਤਿ ਤੋਂ ਵੱਖ ਕਰ ਦੇਣ ਵਾਲੀ ਨਹੀਂ ਸੀ। ਬਾਅਦ ਵਿਚ ਉਨ੍ਹਾਂ ਨੇ ਇਹ ਪ੍ਰਤੱਖ ਵੀ ਕਰਕੇ ਦਿਖਾ ਦਿੱਤਾ, ਕਿ ਦੁਨੀਆਂ ਦੀ ਕੋਈ ਵੀ ਤਾਕਤ, ਮੋਹ, ਲੋਭ, ਭੈ, ਲਾਲਚ ਜਾਂ ਦੁਨਿਆਵੀ ਵਡਿਆਈ ਉਹਨਾਂ ਨੂੰ ਗੁਰੂ ਤੋਂ ਵੱਖ ਨਹੀਂ ਕਰ ਸਕਦੀ।

ਇਸ ਪਰਖ ਤੋਂ ਬਾਅਦ ਹੀ ਦਸਵੇਂ ਪਾਤਸ਼ਾਹ ਨੇ ਇਹਨਾਂ ਪੰਜਾਂ ਨੂੰ ਪਿਆਰੇ ਆਖਿਆ ਅਤੇ ਇਨ੍ਹਾਂ ਪਾਸੋਂ ਖ਼ੁਦ ਪਾਹੁਲ ਪ੍ਰਾਪਤ ਕਰਕੇ ਇਹਨਾਂ ਨੂੰ ਆਪਣੀ ਹਾਜ਼ਰੀ ਵਿੱਚ ਹੀ ਗੁਰਿਆਈ ਦੀ ਜ਼ਿੰਮੇਵਾਰੀ ਦੇ ਦਿੱਤੀ ਅਤੇ ਖਾਲਸਾ ਪੰਥ ਭਾਵ ਪਰਮੇਸ਼ਰ ਦੇ ਰਾਹ ਦੀ ਰਹਿਬਰੀ ਬਖ਼ਸ਼ ਦਿੱਤੀ ਅਤੇ ਆਪ ਇਨ੍ਹਾਂ ਤੋਂ ਪਾਹੁਲ ਲੈਣ ਤੋਂ ਬਾਅਦ ਪੰਜਾਂ ਪਿਆਰਿਆਂ ਦੇ ਹੁਕਮ ਦੀ ਪਾਲਣਾ ਕਰਦੇ ਰਹੇ ਜਾਂ ਇਉਂ ਕਹਿ ਲਵੋ ਕਿ ਇਹਨਾਂ ਪੰਜਾਂ ਦੀ ਸਲਾਹ ਤੋਂ ਬਿਨਾਂ ਕੋਈ ਫੈਸਲਾ ਨਹੀਂ ਲੈਂਦੇ ਸਨ। ਹਾਂ, ਚਮਕੌਰ ਸਾਹਿਬ ਦੀ ਜੰਗ ਵੇਲੇ ਜਦੋਂ ਦਸਵੇਂ ਪਾਤਸ਼ਾਹ ਨੇ ਖ਼ੁਦ ਜੰਗ ਵਿੱਚ ਜਾਣ ਦਾ ਫ਼ੈਸਲਾ ਆਪਣੀ ਮਰਜ਼ੀ ਨਾਲ਼ ਲਿਆ, ਤਾਂ ਇਹਨਾਂ ਪੰਜਾਂ ਪਿਆਰਿਆਂ ਦੇ ਕਹਿਣ ਤੇ ਹੀ ਫ਼ੈਸਲਾ ਵਾਪਸ ਲੈ ਲਿਆ। ਇਸ ਤੋਂ ਸਾਬਤ ਹੋ ਗਿਆ ਕਿ ਖਾਲਸਾ ਪੰਥ ਦੀ ਅਗਵਾਈ ਉਸ ਸਮੇਂ ਪੰਜ ਪਿਆਰੇ ਹੀ ਕਰ ਰਹੇ ਸਨ, ਪਰ ਯੁੱਧ ਨੀਤੀ ਦੀ ਸਾਰੀ ਵਿਉਂਤ ਦਸਵੇਂ ਪਾਤਸ਼ਾਹ ਅਨੁਸਾਰ ਹੀ ਚੱਲਦੀ ਸੀ।

ਹੁਣ ਤਕ ਦੀ ਵਿਚਾਰ ਤੋਂ ਸਪਸ਼ਟ ਹੋ ਗਿਆ ਹੈ ਕਿ ਖਾਲਸਾ ਪੰਥ ਨੂੰ ਗੁਰਿਆਈ ਦੀ ਜ਼ਿੰਮੇਵਾਰੀ 1699 ਈ: ਦੀ ਵਿਸਾਖੀ ਵੇਲੇ ਹੀ ਸੌਂਪ ਦਿੱਤੀ ਗਈ ਸੀ। ਬਾਅਦ ਵਿੱਚ ਜਿਨ੍ਹਾਂ ਲੋਕਾਂ ਨੂੰ ਇਹ ਗੱਲ ਰਾਸ ਨਹੀਂ ਸੀ ਆਉਂਦੀ, ਉਹ ਸਨ ਧੀਰਮੱਲੀਏ, ਰਾਮਰਾਈਏ, ਸ੍ਰੀਚੰਦੀਏ, ਮੀਣੇ ਜਾਂ ਮਸੰਦ ਜਿਹੜੇ ਕੇ ਗੁਰੂ-ਘਰ ਦੇ ਵਿਰੋਧੀ, ਸਨਾਤਨੀ ਸੋਚ ਦੇ ਧਾਰਨੀ ਸਨ। ਉਹਨਾਂ ਲੋਕਾਂ ਨੇ 'ਪੋਥੀ ਸਾਹਿਬ' ਨੂੰ ਗੁਰੂ ਗ੍ਰੰਥ ਸਾਹਿਬ ਪ੍ਰਚਾਰ ਕੇ ਗੁਰਮਤਿ ਨੂੰ ਸਨਾਤਨੀ ਮੱਤ ਵਰਗੀ ਹੀ ਬਣਾ ਦਿੱਤਾ ਹੋਇਆ ਹੈ। ਹੁਣ ਅਸੀਂ ਅਸਲੀ ਮੁੱਦੇ ਬਾਰੇ ਵਿਚਾਰ ਕਰਾਂਗੇ। ਧਰਮ ਪ੍ਰਚਾਰ ਦੀ ਜ਼ਿੰਮੇਵਾਰੀ, ਧਰਮ ਦੀ ਪੂਰਨ ਸੋਝੀ ਰੱਖਣ ਵਾਲੇ ਨੂੰ ਹੀ ਦਿੱਤੀ ਜਾ ਸਕਦੀ ਸੀ। ਧਰਮ ਦੀ ਪੂਰਨ ਸੋਝੀ ਵਾਸਤੇ ਹੰਕਾਰ ਦਾ ਤਿਆਗ ਜਰੂਰੀ ਹੈ ਕਿਉਂਕਿ ਇਹ ਹੰਕਾਰ ਤਾਂ ਨਾਮ ਦਾ ਵਿਰੋਧੀ ਹੈ। "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥"(ਪੰਨਾ - ੫੬੦), ਭਾਵ ਹੰਕਾਰੀ ਵਿਅਕਤੀ ਦੇ ਅੰਦਰ ਨਾਮ ਦਾ ਨਿਵਾਸ ਨਹੀਂ ਹੋ ਸਕਦਾ, ਜਿੱਥੇ ਨਾਮ ਦਾ ਨਿਵਾਸ ਨਹੀਂ, ਉਥੇ ਧਰਮ ਹੁੰਦਾ ਹੀ ਨਹੀਂ। ਹੰਕਾਰੀ ਪੁਰਖ ਨਾਮ ਦੇ ਵਿਰੋਧੀ ਹੁੰਦੇ ਹਨ। ਇਸ ਲਈ ਹੰਕਾਰ ਤੋਂ ਰਹਿਤ ਨਿਹੰਗ ਹੀ ਇਸ ਜ਼ਿੰਮੇਵਾਰੀ ਦੇ ਯੋਗ ਸਨ। ਆਪਣੇ ਮਨ ਨੂੰ ਜਿੱਤਣ ਵਾਲਾ ਇਸ ਸੰਸਾਰ ਨੂੰ ਜਿੱਤ ਸਕਦਾ ਹੈ, 'ਮਨ ਜੀਤੈ ਜਗੁ ਜੀਤੁ ॥'(ਪੰਨਾ-੬), ਭਗਤਾਂ ਨੇ ਆਪਣੇ ਮਨ ਜਿੱਤੇ ਹਨ ਇਸ ਕਰਕੇ ਅੱਜ ਸਾਰਾ ਸੰਸਾਰ ਉਨ੍ਹਾਂ ਦੀ ਸੋਚ ਦਾ ਗੁਲਾਮ ਹੈ। ਭਗਤਾਂ ਨੇ ਜੋ ਲਿਖ ਦਿੱਤਾ ਹੋਇਆ ਹੈ, ਜੋ ਉਨ੍ਹਾਂ ਦੀ ਬਾਣੀ ਦੇ ਰੂਪ ਵਿੱਚ, ਪੋਥੀ ਸਾਹਿਬ ਵਿੱਚ ਸਾਡੇ ਸਾਹਮਣੇ ਹੈ, ਉਨ੍ਹਾਂ ਉੱਤੇ ਕੋਈ ਕਿੰਤੂ-ਪਰੰਤੂ ਕਰਨ ਵਾਲਾ, ਅੱਜ ਤੱਕ ਪੈਦਾ ਨਹੀਂ ਹੋਇਆ। ਭਾਵ ਉਹਨਾਂ ਦੀਆਂ ਲਿਖਤਾਂ ਨੂੰ, ਉਨ੍ਹਾਂ ਦੇ ਕਹੇ ਹੋਏ ਬੋਲਾਂ ਨੂੰ, ਅੱਜ ਤੱਕ ਕੋਈ ਰੱਦ ਨਹੀਂ ਕਰ ਸਕਿਆ। ਇਸ ਲਈ ਭਗਤ ਕਬੀਰ ਜੀ ਨੇ ਲਿਖਿਆ ਹੈ 'ਨਾਰਦ ਬਚਨ ਬਿਆਸੁ ਕਹਤ ਹੈ ॥' (ਪੰਨਾ-੧੧੦੩)।

ਇਹ ਸਾਰੀ ਗੁਰਬਾਣੀ ਦੇ ਬਚਨ ਅਤੇ ਵੇਦਾਂ ਦੇ ਸ਼ਲੋਕ ਜਿਨ੍ਹਾਂ ਵਿੱਚ ਬ੍ਰਹਮ ਗਿਆਨ ਭਰਿਆ ਪਿਆ ਹੈ, ਉਹਨਾਂ ਨੂੰ ਕੋਈ ਰੱਦ ਨਹੀਂ ਕਰ ਸਕਦਾ। ਬਲਕਿ ਗੁਰਬਾਣੀ ਨੇ ਤਾਂ ਪੁੰਨ ਪਾਪ, ਨਰਕ ਸੁਰਗ ਦੀ ਵਿਚਾਰਧਾਰਾ ਨੂੰ ਰੱਦ ਕਰ ਦਿੱਤਾ ਹੈ, ਨਰਕ ਸੁਰਗ ਇਸੇ ਸੰਸਾਰ ਵਿੱਚ ਹੀ ਹੈ। ਕਾਸ਼ੀ ਵਿੱਚ ਬੈਠ ਕੇ ਅਜਿਹਾ ਪ੍ਰਚਾਰ ਕਰਨ ਵਾਲਾ ਭਗਤ ਕਬੀਰ ਸਭ ਤੋਂ ਪਹਿਲਾਂ ਖ਼ਾਲਸਾ ਹੈ, ਜਿਸ ਨੇ ਨਿਰਭੈ ਹੋ ਕੇ ਮੌਤ ਦੀ ਪ੍ਰਵਾਹ ਨਾ ਕਰਦੇ ਹੋਏ ਅਜਿਹਾ ਸੱਚ ਬੋਲ ਦਿੱਤਾ ਸੀ, "ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥" (ਪੰਨਾ-੬੫੫)। ਇਸ ਲਈ ਗੁਰਬਾਣੀ ਵਿੱਚ ਦਰਜ ਹੈ 'ਨਿਰਭਉ ਹੋਇਓ ਭਇਆ ਨਿਹੰਗਾ ॥' (ਪੰਨਾ-੩੯੨)। ਜਿੱਥੇ ਕਬੀਰ ਖਾਲਸਾ ਹੈ ਉੱਥੇ ਨਿਹੰਗ ਭੀ ਹੈ। ਇਸ ਲਈ ਨਿਹੰਗ ਜਾਂ ਖਾਲਸਾ ਇਕੋ ਵਿਅਕਤੀ ਦੇ ਗੁਣਵਾਚਕ ਨਾਉ ਹਨ।

ਗੁਰਬਾਣੀ ਵਿੱਚ ਦਰਜ ਹੈ 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥' (ਪੰਨਾ-੧੪੧੨) ਭਾਵ ਜਿਸ ਨੇ ਇਹ 'ਪ੍ਰੇਮਾ ਭਗਤੀ' ਦੀ ਖੇਡ ਖੇਡਣੀ ਹੈ, ਇਸ ਪ੍ਰੇਮਾ ਭਗਤੀ ਦਾ ਪ੍ਰਚਾਰ ਕਰਨਾ ਹੈ, ਉਸ ਨੂੰ ਹਰ ਸਮੇਂ ਆਪਣੇ ਸਿਰ ਨੂੰ ਹਥੇਲੀ ਤੇ ਹੀ ਰੱਖਣਾ ਚਾਹੀਦਾ ਹੈ, 'ਇਤੁ ਮਾਰਗਿ ਪੈਰੁ ਧਰੀਜੈ, ਸਿਰੁ ਦੀਜੈ ਕਾਣਿ ਨ ਕੀਜੈ ॥੨੦॥' ਜੇ ਇਸ ਪ੍ਰੇਮਾ ਭਗਤੀ ਦੇ ਮਾਰਗ ਤੇ ਚਲਦਿਆਂ ਸਿਰ ਦੇਣ ਦੀ ਲੋੜ ਪੈ ਜਾਵੇ ਤਾਂ ਉਥੇ ਤੱਤਪਰਤਾ ਦਿਖਾਉਣੀ ਚਾਹੀਦੀ ਹੈ, ਘਬਰ-ਾਉਣਾ ਨਹੀਂ ਚਾਹੀਦਾ।

ਜਿਸ ਨੂੰ ਇਹ ਮਨਜ਼ੂਰ ਹੋਵੇ ਉਹ ਹੀ ਇਸ ਮਾਰਗ ਦਾ ਧਾਰਨੀ ਬਣੇ ਵਰਨਾ ਇਸ ਮਾਰਗ ਤੋਂ ਦੂਰ ਹੀ ਰਹਿਣਾ ਚੰਗਾ ਹੈ। ਜਦੋਂ ਕਬੀਰ ਜੀ ਨੂੰ ਹਾਥੀ ਅੱਗੇ ਸੁੱਟਣ ਦੀ ਘਟਨਾ ਵਾਪਰੀ, ਜਿਸ ਦਾ ਗੁਰਬਾਣੀ ਵਿੱਚ ਜਿਕਰ ਹੈ, ਉਹ ਬਿਲਕੁਲ ਨਹੀਂ ਡੋਲਿਆ। ਭਗਤ ਨਾਮਦੇਵ ਜੀ ਨੂੰ ਜਦੋਂ ਗਊ ਜਿਉਂਦੀ ਕਰਨ ਵਾਸਤੇ ਜਾਨੋਂ ਮਾਰ ਦੇਣ ਦੀ ਧਮਕੀ ਦਿਤੀ, ਜਾਂ ਉਹ ਮਰੀ ਗਾਂ ਨੂੰ ਜਿਉਂਦੀ ਕਰੇ ਜਾਂ ਮੁਸਲਮਾਨ ਬਣ ਜਾਵੇ, ਉਸ ਸਮੇਂ ਭਗਤ ਜੀ ਨੇ ਗੁਰਮਤਿ ਦਾ ਤਿਆਗ ਕਰਨ ਨਾਲੋ ਸਰੀਰ ਤਿਆਗਣ ਨੂੰ ਪਹਿਲ ਦਿੱਤੀ। ਚਾਹੇ ਬਾਅਦ ਵਿੱਚ ਕੁਝ ਵੀ ਹੋਇਆ ਪਰ ਜਿੱਤ ਨਾਮਦੇਵ ਜੀ ਦੀ ਹੀ ਹੋਈ। ਹੋਰ ਅਨੇਕਾਂ ਸਾਖੀਆਂ ਸਾਡੇ ਕੋਲ ਮੌਜੂਦ ਹਨ ਜਿੱਥੇ ਸਚਿਆਰਿਆਂ ਨੇ ਸੱਚ ਨਹੀਂ ਛੱਡਿਆ। ਝੂਠੀ ਮਾਇਆ ਰੂਪੀ ਪੰਜਾਂ ਤੱਤਾਂ ਦੇ ਸਰੀਰ ਨੂੰ ਛੱਡਣਾ ਮੰਨ ਲਿਆ। ਇਹੋ ਇਤਿਹਾਸਿਕ ਸਿਲਸਿਲਾ ਗੁਰੂ ਘਰ ਵੇਲੇ ਵੀ ਚਲਦਾ ਰਿਹਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਸਾਬਤ ਕਰ ਦਿੱਤਾ ਕਿ ਖ਼ਾਲਸਾ (ਨਿਹੰਗ) ਨੇ ਆਪਣਾ ਮਨ ਜੋ ਕਿ ਆਪਣਾ ਹੀ ਕਾਲ ਰੂਪ ਹੈ, ਪਹਿਲਾਂ ਹੀ ਮਾਰ ਲਿਆ ਹੁੰਦਾ ਹੈ, ਆਪਣਾ ਮਨ ਹੀ ਆਪਣਾ ਕਾਲ ਹੈ। ਮਨ ਨੂੰ ਮਾਰ ਲੈਣ ਵਾਲਾ ਹੀ ਜੀਵਨ ਮੁਕਤ ਅਵਸਥਾ ਦਾ ਧਾਰਨੀ ਹੁੰਦਾ ਹੈ। ਇਸੇ ਲਈ ਹੀ ਅੱਜ ਦਾ ਖ਼ਾਲਸਾ ਪੰਥ 'ਬਾਬਾ ਫ਼ਤਿਹ ਸਿੰਘ ਕੇ ਜੱਥੇ ਸਿੰਘ' ਦਾ ਪੰਥ ਹੈ। ਬਾਕੀ ਜਿਹੜੇ ਅਨੇਕਾਂ ਨਾਮ ਹਨ, ਜਿਵੇਂ ਬੁੱਢਾ ਦਲ, ਤਰਨਾ ਦਲ ਇਹ ਸਿੰਘਾਂ ਦੇ ਮੱਤਭੇਦਾ ਵਿੱਚੋਂ ਪੈਦਾ ਹੋਏ ਹਨ, ਅੱਜ ਸਿੰਘਾਂ ਦੇ ਮੱਤਭੇਦ ਸਭ ਦੇ ਸਾਹਮਣੇ ਹਨ। ਮਤਭੇਦਾਂ ਦਾ ਕਾਰਨ ਗੁਰਮਤਿ ਦੀ ਵਿਚਾਰਧਾਰਾ ਦੀ ਸੋਝੀ ਦੀ ਅਣਹੋਂਦ ਹੈ। ਇਸ ਬਾਰੇ ਅਗਲੇ ਲੇਖ ਵਿਚ ਵਿਚਾਰ ਕਰਾਂਗੇ।



ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

**(ਇਸ ਲੇਖ ਵਿਚ ਦਰਸਾਏ ਵਿਚਾਰ ਲੇਖਕ ਦੇ ਆਪਣੇ ਨਿੱਜੀ ਵਿਚਾਰ ਹਨ)**

# ਹੁਣ ਧਰਤੀ ਨੂੰ ਖੋਰੇ ਤੋਂ ਬਚਾਉਣ ਦਾ ਮਸਲਾ



ਵਿਜੈ ਬੰਬੇਲੀ
91-94634-39075

ਭੌਂ-ਖੋਰ ਨਵਾਂ ਅਤੇ ਗੈਰ-ਚਰਚਿਤ ਵਿਸ਼ਾ ਹੈ। ਕੁਦਰਤ ਦੁਆਰਾ ਤੇ ਕੁਦਰਤ ਵਿਰੋਧੀ ਮਨੁੱਖ ਦੀਆਂ ਗੈਰ-ਵਿਗਿਆਨਕ ਗਤੀਵਿਧੀਆਂ ਅਤੇ ਵਰਤੇ ਕੁਦਰਤੀ ਸੋਮਿਆਂ ਦੀ ਮੁੜ ਭਰਪਾਈ ਨਾ ਕਰਨ ਕਾਰਨ ਧਰਤੀ ਦਾ ਖੁਰਚਿਆ ਜਾਣਾ ਅਤੇ ਭੂਮੀ ਦੇ ਕਣਾਂ ਦਾ ਪਾਣੀ, ਹਵਾ, ਗਤੀ ਜਾਂ ਜੀਵਕ ਗਤੀਵਿਧੀਆਂ ਦੁਆਰਾ ਨਿੱਖੜ ਕੇ ਇਕ ਥਾਂ ਤੋਂ ਦੂਜੀ ਥਾਂ ਜਾਣ ਨੂੰ ਭੌਂ-ਖੋਰ ਆਖਦੇ ਹਨ। ਸੀਮਤ ਤੇ ਸਾਧਾਰਨ ਭੌਂ-ਖੋਰ ਕੁਦਰਤ ਦੀ ਆਮ ਪ੍ਰਕਿਰਿਆ ਹੈ, ਇਹ ਨੁਕਸਾਨਦਾਇਕ ਵੀ ਨਹੀਂ ਸੀ। ਭੂ-ਬਣਤਰ ਤੇ ਢਾਲੂ ਸਤਾਹ ਕਾਰਨ ਖੋਰ ਤਾਂ ਲਗਾਤਾਰ ਜਾਰੀ ਰਹਿੰਦੀ ਹੈ ਪਰ ਬਹੁਤ ਸੀਮਤ ਤੇ ਧੀਮੀ ਹੋਣ ਕਾਰਨ ਇਹ ਕੁਦਰਤੀ ਹੈ। ਭੌਂ-ਖੋਰ ਅੱਗੇ ਵੀ ਜਾਰੀ ਰਹੇਗੀ। ਪੂਰੀ ਤਰ੍ਹਾਂ ਕੱਜੀ ਜਾਂ ਭੌਂ-ਖੋਰ ਰੋਕੂ ਕਾਰਜਾਂ ਕਾਰਨ ਇਹ ਸੀਮਤ ਅਤੇ ਕਹਿਣੇ ਵਿਚ ਹੁੰਦੀ ਹੈ ਜਿਸ ਨੂੰ ਬੰਦੇ ਨੇ ਆਪਣੀ ਲਾਲਸਾ ਨਾਲ ਤੀਬਰ ਕੀਤਾ ਹੈ।

ਧਰਤੀ ਦੇ ਜਿਸ ਹਿੱਸੇ ਵਿਚ ਫਸਲਾਂ ਪੈਦਾ ਹੁੰਦੀਆ ਹਨ, ਉਹ ਉਪਰਲੀ ਬਾਰੀਕ ਮਿੱਟੀ ਦੀ ਸਿਰਫ 9 ਇੰਚ ਪਰਤ ਹੁੰਦੀ ਹੈ। ਇਹ ਮਹੀਨ ਮਿੱਟੀ ਹਜ਼ਾਰਾਂ ਸਾਲਾਂ ਵਿਚ ਪਥਰਾਟਾਂ ਤੋਂ ਬਣੀ ਹੁੰਦੀ ਹੈ। ਮਿੱਟੀ ਦੀ ਇਕ ਇੰਚ ਪਰਤ ਤਿਆਰ ਹੋਣ ਵਿਚ ਇਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਅਤੇ ਕੁਦਰਤੀ ਜ਼ਰਖੇਜ਼ ਹੋਣ ਵਿਚ ਤਿੰਨ ਸਦੀਆਂ। ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਤੇ ਫਿਰ ਸੰਭਾਲਣ ਵਿਚ ਬਨਸਪਤੀ ਦਾ ਵੱਡਾ ਯੋਗਦਾਨ ਹੈ। ਇਹ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਬਨਸਪਤੀ ਖਾਧ ਪਦਾਰਥਾਂ ਦਾ ਸਾਰਾ ਦਾਰੋਮਦਾਰ ਇਸੇ ਪਰਤ ਤੇ ਟਿਕਿਆ ਹੋਇਆ ਹੈ। ਧਰਤੀ ਦੀ ਉਪਰਲੀ ਜ਼ਰਖੇਜ਼ ਮਿੱਟੀ ਹਰ ਸਾਲ 6 ਕਰੋੜ ਟਨ ਦੇ ਹਿਸਾਬ ਨਾਲ ਜਲ ਕੁੰਡਾਂ ਅਤੇ ਸਮੰਦਰਾਂ ਨੂੰ ਜਾ ਰਹੀ ਹੈ। ਜੇ ਹਰ ਹਫਤੇ ਇਕ ਹੈਕਟੇਅਰ ਵਿਚੋਂ ਇਕ ਘਣਮੀਟਰ ਪਰਤ ਰੁੜ੍ਹਦੀ ਰਹੇ ਅਤੇ ਇਹ ਕਿਰਿਆ ਇੱਕ ਪੀੜ੍ਹੀ (ਅਰਥਾਤ 25 ਵਰ੍ਹੇ) ਤਕ ਜਾਰੀ ਰਹੇ ਤਾਂ ਕਰੀਬ 28 ਸੈਂਟੀਮੀਟਰ ਉਤਲੀ ਤਹਿ ਰੁੜ੍ਹ-ਖੁਰ ਜਾਵੇਗੀ। ਭਾਰਤ ਨੂੰ ਦਰਪੇਸ਼ ਵੱਡੇ ਖ਼ਤਰਿਆਂ ਵਿਚੋਂ ਹੁਣ ਸਭ ਤੋਂ ਵੱਡਾ ਖਤਰਾ ਉਸ ਉਪਰਲੀ ਤਹਿ ਦੇ ਖੁਰਨ ਦਾ ਵੀ ਹੈ। ਦੇਸ਼ ਦਾ ਕਰੀਬ ਅੱਧ ਭੌਂ-ਖੋਰ ਹੇਠ ਆ ਚੁੱਕਾ ਹੈ।

ਦਰ-ਹਕੀਕਤ; ਜਿਉਂ ਜਿਉਂ ਮਨੁੱਖ ਦੀ ਲੋੜ ਪਰ ਲਾਲਸਾ ਵਧਦੀ ਗਈ, ਭੂਮੀ-ਖੋਰ ਵੀ ਵਧਦੀ ਗਈ। ਮੁੱਖ ਤੌਰ ਤੇ ਹਵਾ ਦੀ ਬਜਾਏ ਬਹੁਤੀ ਭੌਂ-ਖੋਰ ਪਾਣੀ ਨਾਲ ਹੋ ਰਹੀ ਹੈ। ਵੀਰਾਨ ਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਜਦੋਂ ਪਾਣੀ ਢਲਾਨ ਤੋਂ ਉਤਰਦਾ ਹੈ, ਉਥੇ ਜੇ ਧਰਤੀ ਨੰਗੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ ਤਾਂ ਜੇ ਇਸ ਦੀ ਗਤੀ ਦੁੱਗਣੀ ਹੋ ਜਾਵੇ ਤਾਂ ਭੂਮੀ ਦੀ ਕੱਟ-ਵੱਢ 4 ਗੁਣਾ ਹੋ ਜਾਂਦੀ ਹੈ ਅਤੇ ਇਸ ਗਤੀ ਉੱਤੇ ਮਾਦਾ ਚੁੱਕ-ਖੜਨ ਦੀ ਸਮਰੱਥਾ 32 ਗੁਣਾ ਅਤੇ ਰੋੜ੍ਹ ਸਮਰੱਥਾ 64 ਗੁਣਾ ਹੋ ਜਾਂਦੀ ਹੈ; ਅਰਥਾਤ ਜੇ ਗਤੀ ਦੁੱਗਣੀ ਤਾਂ ਰੋੜ੍ਹ ਸਮਰੱਥਾ 64 ਹੈ, ਤੇ ਜੇ ਜਲ-ਗਤੀ ਤਿੰਨ ਗੁਣਾ ਹੋਵੇ ਤਾਂ ਰੋੜ੍ਹ ਸਮਰੱਥਾ 729 ਗੁਣਾ ਹੋ ਜਾਂਦੀ ਹੈ। ਪਹਿਲੀ ਸਟੇਜ ਵਿਚ ਜਦ ਮੀਂਹ ਦੀਆਂ ਬੂੰਦਾਂ ਨੰਗੀ ਧਰਤੀ ਉੱਤੇ ਪੈਂਦੀਆਂ ਹਨ ਤਾਂ ਇਹ ਭੂਮੀ ਕਣਾਂ ਨੂੰ ਨਿਖੇੜ ਕੇ 2 ਤੋਂ 5 ਫੁੱਟ ਦੀ ਦੂਰੀ ਤੇ ਲਿਜਾ ਕੇ ਸੁੱਟ ਦਿੰਦੀਆਂ ਹਨ। ਦੂਸਰੀ ਸਟੇਜ ਉੱਤੇ ਇਹ ਕਣ ਵਹਿ ਕੇ ਜਾਂ ਧਰਤੀ ਉਪਰਲੀ ਮਹੀਨ ਪਰਤ ਧੋਹ ਹੋ ਕੇ ਵਹਿ ਤੁਰਦੀ ਹੈ। ਇਸ ਬਾਰੀਕ ਪਰਤ ਦੀ ਖੁਰਚਾਈ ਦਿਸਦੀ ਨਹੀਂ ਪਰ ਇੱਕ-ਅੱਧੇ ਦਹਾਕੇ ਬਾਅਦ ਇਸ ਦੀ ਘਾਟ ਰੜਕਣ ਲੱਗ ਪੈਂਦੀ ਹੈ। ਇਸ ਤੋਂ ਅਗਲਾ ਕਦਮ ਧਾਰਾਵੀ ਖੋਰ (ਰਲਿਲ ਇਰੋਸਿਨ) ਹੁੰਦੀ ਹੈ, ਜਦ ਧਰਤੀ ਉੱਤੇ ਪੰਜਿਆਂ ਵਰਗੀਆਂ ਧਾਰਾਵਾਂ ਬਣ ਜਾਂਦੀਆਂ ਹਨ। ਪਾਣੀ ਦਾ ਲਗਾਤਾਰ ਵਹਿਣ ਉਂਗਲਾਂ ਵਰਗੀਆਂ ਨਾਲੀਆਂ ਉਸਾਰ ਕੇ ਭੌਂ-ਖੋਰ ਕਰਦਾ ਹੈ ਜਿਸ ਨਾਲ ਉਪਜਾਊ ਪਰਤਾਂ ਰੁੜ੍ਹ ਜਾਂਦੀਆਂ ਹਨ। ਤੀਜੀ ਧਾਰਾ ਚੋਈਆਂ ਦੀ ਉਸਾਰ ਹੁੰਦੀ ਹੈ। ਪਾਣੀ ਦੀ ਤੇਜ਼ ਗਤੀ ਦੋ ਕੁ ਸਾਲਾਂ ਵਿਚ ਹੀ ਨਾਲੀਆਂ ਦੀ ਉਸਾਰੀ ਕਰ ਦਿੰਦੀ ਹੈ। ਇਸ ਤੋਂ ਅਗਾਂਹ ਖੁਰ ਕੇ ਚੌੜੀਆਂ ਤੇ ਡੂੰਘੀਆਂ ਹੋ ਕੇ ਖਾਈਆਂ ਬਣ ਜਾਂਦੀਆਂ ਹਨ। ਬਰਫਾਨੀ, ਹਵਾਈ ਤੇ ਢਿੱਗਾਂ ਡਿੱਗਣ ਵਾਲੀਆਂ ਹੋਰ ਵੀ ਕਈ ਕਿਸਮਾਂ ਭੂਮੀ ਖੋਰ ਦੀਆਂ ਸ਼ਕਲਾਂ ਹਨ ਪਰ ਡੂੰਘੀਆਂ ਖਾਈਆਂ ਇਸ ਦਾ ਵਿਰਾਟ ਰੂਪ ਹੈ।

ਭੂਮੀ ਖੋਰ ਦੋ ਕਿਸਮ ਦਾ ਹੁੰਦਾ ਹੈ ਕੁਦਰਤੀ (ਸਹਿਜ) ਅਤੇ ਵਧਿਆ ਹੋਇਆ (ਮਨੁੱਖੀ ਆਪ-ਹੁਦਰੀਆਂ ਕਾਰਨ)। ਜਦੋਂ ਭੂਮੀ ਖਾਰ ਦੀ ਦਰ ਭੂਮੀ ਬਣਤਰ ਦੀ ਦਰ ਤੋਂ ਘੱਟ ਜਾਂ ਬਰਾਬਰ ਹੋਵੇ ਤਾਂ ਇਸ ਨੂੰ ਕੁਦਰਤੀ ਜਾਂ ਸਹਿਜ ਕਿਹਾ ਜਾਂਦਾ ਹੈ ਪਰ ਇਹ ਉਸੇ ਹਾਲਤ ਵਿਚ ਹੁੰਦਾ ਹੈ, ਜਦ ਭੂਮੀ ਬਨਸਪਤੀ ਨਾਲ ਪੂਰੀ ਤਰ੍ਹਾਂ ਢਕੀ ਹੋਈ ਹੋਵੇ। ਉਂਜ, ਹੁਣ ਅਜਿਹਾ ਨਹੀਂ ਹੈ। ਮਨੁੱਖੀ ਲੋੜਾਂ ਅਤੇ ਲਾਲਸਾਵਾਂ ਕਾਰਨ ਭੂਮੀ ਨੰਗ-ਧੜੰਗੀ ਕਰ ਦਿੱਤੀ ਗਈ ਹੈ। ਉਸ ਦੀ ਵਰਤੋਂ ਵੀ ਉਸ ਦੀ ਯੋਗਤਾ ਅਨੁਸਾਰ ਨਹੀਂ ਹੋ ਰਹੀ ਜਿਸ ਕਾਰਨ ਭੂਮੀ ਖੋਰ ਅਤੇ ਮਾਰੂਥਲ ਬਣਨ ਦਾ ਅਮਲ ਵਧ ਰਿਹਾ ਹੈ। ਅਨਾਜ ਕੋਠੜੀ ਪੰਜਾਬ ਦਾ ਹਾਲ ਵੀ ਚੰਗਾ ਨਹੀਂ। ਇਸ ਦਾ ਦੱਖਣੀ ਹਿੱਸਾ ਜਿੱਥੇ ਹਵਾ-ਖੋਰ ਦਾ ਸ਼ਿਕਾਰ ਹੈ, ਉੱਥੇ ਕੇਂਦਰੀ ਪੰਜਾਬ ਵਿਚ ਉਪਰਲੀ ਪਰਤ ਦੀ ਖੁਰਚਾਈ ਹੋ ਰਹੀ ਹੈ। ਨਦੀਆਂ-ਨਾਲੇ ਕੰਢੇ ਅਤੇ ਆਧਾਰ ਖੋਰ ਰਹੇ ਹਨ। ਕੰਢੀ ਖੇਤਰ ਬੁਰੀ ਤਰ੍ਹਾਂ ਕੱਟ-ਵੱਢ ਦਾ ਸ਼ਿਕਾਰ ਹੈ। ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜਿੱਥੇ ਸੰਨ 1852 ਵਿਚ 48206 ਏਕੜ ਰਕਬਾ ਭੌਂ-ਖੋਰ ਅਤੇ ਚੋਆਂ ਦੀ ਮਾਰ ਹੇਠ ਸੀ, 1897 ਵਿਚ 94236 ਏਕੜ ਅਤੇ 1936 ਵਿਚ ਇਹ ਡੇਢ ਲੱਖ ਏਕੜ ਤੋਂ ਵੀ ਉੱਪਰ ਹੋ ਗਿਆ ਸੀ। ਹੁਣ ਪਹਾੜਾਂ ਦੇ ਰੁੰਡ-ਮਰੁੰਡ ਹੋਣ ਨਾਲ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਮੀਂਹ ਭਾਵੇਂ ਘੱਟ ਤੇ ਅਣਸਾਵੇਂ ਪੈਂਦੇ ਹਨ ਪਰ ਨੰਗੀ ਧਰਤੀ ਹੁਣ ਬਹੁ-ਪਰਤੀ ਭੂਮੀ ਖੋਰ ਤੇ ਕੱਟ-ਵੱਢ ਦੀ ਸ਼ਿਕਾਰ ਹੈ। ਮਨੁੱਖ ਵੱਲੋਂ ਕੁਦਰਤੀ ਜਲ ਵਹਿਣ ਮੱਲਣ ਕਾਰਨ ਹੜ੍ਹਾਂ ਦੀ ਭਿਆਨਕਤਾ ਵੀ ਵਧ ਗਈ ਹੈ। ਇਸ ਵਕਤ ਕੰਢੀ ਖਿੱਤੇ ਦਾ 70000 ਹੈਕਟੇਅਰ ਖੇਤਰ ਭੂਮੀ ਖੋਰ ਹੇਠ ਹੈ। ਇਸ ਦਾ ਮੁੱਖ ਕਾਰਨ ਭਾਵੇਂ ਕੰਢੀ ਦੀ ਵਿਸ਼ੇਸ਼ ਭੂਗੋਲਿਕ ਹਾਲਤ ਅਤੇ ਕੁਦਰਤੀ ਸੋਮਿਆਂ ਦਾ ਘਾਣ ਹੈ।



ਜੇ ਮਿੱਟੀ ਅਤੇ ਪਾਣੀ ਹੈ, ਤਦ ਹੀ ਬਨਸਪਤੀ (ਜੰਗਲ) ਹੈ। ਜੰਗਲ ਜੋ ਵਰਖਾ ਦੇ ਗਵਾਹ ਹਨ, ਵਰਖਾ ਪਾਣੀ ਦਾ ਮੁੱਢਲਾ ਸੋਮਾ ਹੈ, ਪਾਣੀ-ਮਿੱਟੀ ਜੀਵਨ ਦਾ ਆਧਾਰ ਹਨ। ਭੌਂ-ਖੋਰ ਨਾਲ ਧਰਤ ਦੀ ਉਪਜਾਊ ਪਰਤ ਗੁਆਚ ਜਾਂਦੀ ਹੈ, ਮੈਦਾਨੀ ਜਲ ਵਹਿਣਾ ਦੇ ਪਾਟ ਭਰਨ ਨਾਲ ਹੜ੍ਹਾਂ ਦਾ ਖਤਰਾ, ਜਲ ਕੁੰਡ ਮਿੱਟੀ ਨਾਲ ਪੂਰ ਹੋਣ ਨਾਲ ਜਲ ਗ੍ਰਹਿਣ ਸਮਰੱਥਾ ਵਿਚ ਘਾਟਾ, ਜ਼ਮੀਨ ਦਾ ਟੋਇਆਂ -ਟੋਟਿਆਂ ਵਿਚ ਵੰਡੇ ਜਾਣਾ, ਜਲ ਤਲ ਦਾ ਨੀਵੇਂ ਤੋਂ ਨੀਵਾਂ ਹੁੰਦੇ ਜਾਣਾ, ਸਮੁੰਦਰ ਦਾ ਤਲ ਉੱਚਾ ਹੁੰਦੇ ਜਾਣਾ, ਵਰਖਾ ਗੜਬੜਾ ਜਾਣਾ ਤੋਂ ਬਿਨਾਂ ਖਾਧ ਪਦਾਰਥਾਂ ਦੀ ਪੈਦਾਵਾਰ ਦਾ ਘਟਣਾ ਅਤੇ ਜਾਇਦਾਦਾਂ ਸਮੇਤ ਜਾਨਾਂ ਦਾ ਖੌਅ ਆਦਿ ਇਸ ਦੀਆਂ ਭੈੜੀਆਂ ਅਲਾਮਤਾਂ ਹਨ। ਜਲ ਅਤੇ ਹਵਾ ਨਾਲ ਲਗਾਤਾਰ ਹੁੰਦੀ ਭੌਂ-ਖੋਰ, ਕੱਟ-ਵੱਢ ਤੇ ਉਡਾਈ, ਉਪਰੰਤ ਸਾਡੇ ਪੱਲੇ ਦਰਾੜਾਂ ਅਤੇ ਮਾਰੂਥਲ ਤਾਂ ਪਾ ਹੀ ਜਾਵੇਗੀ ਸਗੋਂ ਅਸੀਂ ਸਮੁੰਦਰ ਕੰਢਲੇ ਸ਼ਹਿਰਾਂ ਅਤੇ ਨੀਵੇਂ ਮੁਲਕਾਂ ਨੂੰ ਵੀ ਲੈ ਬੈਠਾਂਗੇ। ਜੰਗਲਾਂ ਪਹਾੜਾਂ ਵਿਚ ਨਿਗੁਣੀਆਂ ਆਮਦਨਾਂ ਲਈ 'ਵਿਕਾਸ ਅਤੇ ਸੈਰ-ਸਪਾਟੇ' ਦੇ ਨਾਂ 'ਤੇ ਕੁਦਰਤੀ ਸਮਤੋਲ ਵਿਚ ਦਿੱਤਾ ਬੇਲੋੜਾ ਦਖ਼ਲ ਪਹਾੜਾਂ ਆਦਿ ਨੂੰ ਢਹਿ-ਢੇਰੀ ਕਰ ਕੇ ਹਰ ਸਾਲ ਭਿਆਨਕ ਦੁਖਾਂਤ ਸਾਡੇ ਪੱਲੇ ਪਾਉਂਦਾ ਹੈ। ਕੀ ਅਸੀਂ ਨੇਪਾਲ ਅਤੇ ਉਤਰਾਖੰਡ ਦੇ ਜਲ-ਸੈਲਾਬ ਅਤੇ ਢਿੱਗਾਂ ਡਿਗਣ ਨੂੰ ਭੁੱਲ ਗਏ ਹਾਂ?

ਭਾਰਤੀ ਖੇਤੀ ਖੋਜ ਕੌਂਸਲ ਅਨੁਸਾਰ ਇਸ ਸਮੇਂ ਸਾਡੇ ਦੇਸ਼ ਦੇ ਵੱਡੇ ਭੂਗੋਲਿਕ ਰਕਬੇ ਨੂੰ ਪਾਣੀ ਤੇ ਪੌਣ-ਖਰਨ ਦਾ ਸਾਹਮਣਾ ਹੈ ਅਤੇ ਸੱਤ ਕਰੋੜ ਹੈਕਟੇਅਰ ਖੇਤਰ ਭੌਂ ਖਰਨ ਦੇ ਕਾਰਨ ਅਤਿਅੰਤ ਗੰਭੀਰ ਰੂਪ ਵਿਚ ਖ਼ਰਾਬ ਹੋ ਚੁੱਕਾ ਹੈ। ਭੂ-ਵਿਗਿਆਨੀਆਂ ਦੀ ਰਾਇ ਹੈ ਕਿ ਭਾਰਤ ਵਿਚ ਫ਼ੀ ਸਾਲ ਸੱਤਰ ਹਜ਼ਾਰ ਵਰਗ ਫੁੱਟ ਭੂਮੀ ਅਤੇ ਤਕਰੀਬਨ ਛੇ ਅਰਬ ਟਨ ਮਿੱਟੀ ਦਾ ਕਟਾਅ ਹੁੰਦਾ ਹੈ ਜੋ ਆਪਣੇ ਨਾਲ ਪੌਦਿਆਂ ਲਈ ਲੋੜੀਂਦੀਆਂ ਤਕਰੀਬਨ 90 ਲੱਖ ਟਨ ਰਸਾਇਣੀ ਖਾਦਾਂ ਤੇ ਉਨ੍ਹਾਂ ਦੇ ਪੋਸ਼ਕ ਤੱਤਾਂ ਨੂੰ ਰੋੜ੍ਹ ਕੇ ਲੈ ਜਾਂਦੀ ਹੈ। ਦੇਸ਼ ਵਿਚ ਵਧਦੇ ਹੋਏ ਭੌਂ ਖਰਨ ਦੇ ਕਾਰਨ ਹਰ ਸਾਲ ਤਿੰਨ ਹਜ਼ਾਰ ਕਰੋੜ ਰੁਪਏ ਦੀ ਹਾਨੀ ਹੁੰਦੀ ਹੈ ਅਤੇ ਜੇ ਆਉਣ ਵਾਲੇ ਵੀਹ ਵਰ੍ਹਿਆਂ ਤਕ ਇਹੋ ਹਾਲਾਤ ਰਹੇ ਤਾਂ ਇਕ ਤਿਹਾਈ ਖੇਤੀਯੋਗ ਭੂਮੀ ਨਸ਼ਟ ਹੋ ਜਾਵੇਗੀ। ਇਸ ਦੇ ਇਲਾਵਾ ਭੌਂ-ਖਰਨ ਦੇ ਕਾਰਨ ਬਨਸਪਤੀ ਵੀ ਹੌਲੀ ਹੌਲੀ ਨਸ਼ਟ ਹੋਣ ਲੱਗਦੀ ਹੈ ਅਤੇ ਧਰਤੀ ਦੇ ਤਲ ਦੀ ਉਪਰਲੀ ਉਪਜਾਊ ਸ਼ਕਤੀ ਖ਼ਤਮ ਹੋ ਜਾਂਦੀ ਹੈ; ਫਲਸਰੂਪ ਸਮਾਂ ਪਾ ਕੇ ਉਹ ਹਿੱਸਾ ਮਾਰੂਥਲ ਵਿਚ ਤਬਦੀਲ ਹੋ ਜਾਂਦਾ ਹੈ।

ਲੱਗਦਾ ਹੈ, ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ ਵਿਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿਚ ਉਦੋਂ ਧੂੜ ਤੇ ਟੋਇਆਂ ਵਿਚ ਬਦਲ ਗਿਆ, ਜਦ ਜੰਗਲ ਰੁੱਸ ਗਏ। ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਦਰਾੜਾਂ ਅਤੇ ਮਾਰੂਥਲ ਦੇ ਜਨਮ ਨਾਲ ਹੋਇਆ ਹੈ। ਮੌਜੂਦਾ ਮਾਰੂਥਲ ਮੋਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌਂ-ਖੋਰ ਹੈ। ਮੈਸੋਪਟਾਮੀਆਂ, ਫ਼ਲਸਤੀਨ, ਸੀਰੀਆ ਉਤੇ ਅਰਬ ਦੇ ਕੁਝ ਭਾਗ, ਸੁਮੇਰੀਆ, ਬੇਬੀਲੋਨ ਅਤੇ ਅਸੀਰੀਆ ਕਦੇ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖ਼ਤ ਸਨ। ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿਕੰਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ। ਕਿਉਂ? ਇਨ੍ਹਾਂ ਕੁਦਰਤ ਦੀ ਅਸਮਤ ਜੋ ਲੀਰੋ-ਲੀਰ ਕਰ ਦਿੱਤੀ ਸੀ। ਸਾਡੇ ਆਪਣੇ ਮੋਹੰਜੋਦੜੋ ਅਤੇ ਹੜੱਪਾ ਵਰਗੇ ਸੱਭਿਅਕ ਖਿੱਤਿਆਂ ਦਾ ਕੀ ਬਣਿਆ? ਇਹ ਵੱਡਾ ਸਵਾਲ ਹੈ।

# ਇਨਸਾਨ ਅਤੇ ਇਨਸਾਨ ਹੋਣ ਦੇ ਫਰਕ ਦਾ ਸਬਕ



ਗੌਰਵ ਗੋੜ (ਡਾ.)
91-94642-73743

ਹਾਲ ਹੀ ਵਿੱਚ ਸਾਨੂੰ ਇੱਕ ਅਜਿਹੇ ਸਕੂਲ ਵਿੱਚ ਜਾਣ ਦਾ ਮੌਕਾ ਮਿਲਿਆ ਜਿਥੇ ਵਿਸ਼ੇਸ਼ ਯੋਗਤਾਵਾਂ (Disabled) ਵਾਲੇ ਵਿਦਿਆਰਥੀ ਪੜ੍ਹਦੇ ਹਨ। ਅਸੀਂ ਉਥੋਂ ਦਾ ਅਨੁਸ਼ਾਸ਼ਨ ਦੇਖ ਕੇ ਹੈਰਾਨ ਰਹਿ ਗਏ ਕਿ ਕਿਵੇਂ ਕੁੱਝ ਵਿਦਿਆਰਥੀ ਬਸ ਵਿਚੋਂ ਇੱਕ-ਇਕ ਕਰਕੇ ਉਤਰ ਰਹੇ ਸਨ, ਜਦਕਿ ਦੂਜੇ ਵਿਦਿਆਰਥੀ ਲਾਇਨਾਂ ਵਿੱਚ ਲੱਗ ਕੇ ਚੱਲ ਰਹੇ ਸਨ ਅਤੇ ਕੁੱਝ ਵਿਦਿਆਰਥੀ ਆਪਣੇ ਅਧਿਆਪਕਾਂ ਦੇ ਨਿਰਦੇਸ਼ ਸੁਣ ਰਹੇ ਸਨ। ਉਥੇ ਪੜ੍ਹਾਉਂਦੇ ਇੱਕ ਅਧਿਆਪਕ ਦੁਆਰਾ ਕੀਤੀ ਨਿੱਕੀ ਜਾਣ-ਪਛਾਣ ਨਾਲ ਸਾਡੀ ਇਸ ਫੇਰੀ ਦੀ ਸ਼ੁਰੂਆਤ ਹੋਈ ਤੇ ਵਿਦਿਆਰਥੀਆਂ ਬਾਰੇ ਵਧੇਰੇ ਸਮਝਣ ਲਈ ਸਾਨੂੰ ਵੱਖ-ਵੱਖ ਜਮਾਤਾਂ ਦੇ ਛੋਟੇ-ਛੋਟੇ ਗਰੁੱਪਾਂ ਵਿੱਚ ਲਿਜਾਇਆ ਗਿਆ। ਹਰ ਜਮਾਤ ਦੇ ਅਧਿਆਪਕ ਵਲੋਂ ਸਾਨੂੰ ਪੜ੍ਹਾਈ ਲਈ ਵਰਤੀ ਜਾਂਦੀ ਉਨ੍ਹਾਂ ਦੀ ਪੇਡਾਗੋਗੀਅਲ ਤਕਨੀਕ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਸਾਨੂੰ ਕੁੱਝ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ।ਜ਼ਬਰਦਸਤ ਢੰਗ ਨਾਲ ਸਾਡਾ ਸਭ ਦਾ ਸਵਾਗਤ ਕਰਕੇ ਉਨ੍ਹਾਂ ਨੇ ਸਾਨੂੰ ਹੈਰਾਨ ਕਰ ਦਿੱਤਾ ਅਤੇ ਗਰਮਜੋਸ਼ੀ ਭਰੇ ਇਸ ਸਵਾਗਤ ਨੇ ਮੇਰੇ ਦਿਲ ਦੀਆਂ ਗਹਿਰਾਰੀਆਂ ਤੱਕ ਨੂੰ ਛੂਹ ਲਿਆ।ਉਨ੍ਹਾਂ ਵਿਚੋਂ ਬੁਹਤੇ ਵਿਦਿਆਰਥੀ ਉਤਸ਼ਾਹਿਤ ਸਨ ਤੇ ਸਾਨੂੰ ਅੱਗੇ ਵੱਧ-ਵੱਧ ਕੇ ਮਿਲ ਰਹੇ ਸਨ ਪਰ ਕੁੱਝ ਅਜਿਹੇ ਵੀ ਸਨ ਜੋ ਸ਼ਾਇਦ ਉਨ੍ਹਾਂ ਦੀ ਜਮਾਤ 'ਚ ਆਏ ਵੱਖਰੇ ਲੋਕਾਂ ਦੇ ਇਸ ਗੱਰੁਪ ਨੂੰ ਦੇਖ ਕੇ ਜ਼ਰਾ ਸੰਕੋਚ ਵੀ ਕਰ ਰਹੇ ਸਨ।

ਇੱਕ ਜਮਾਤ ਵਿੱਚ ਅਸੀਂ ਇੱਕ ਅਜਿਹੀ ਅਧਿਆ-ਪਕਾ ਨਾਲ ਮਿਲੇ ਜਿਸਨੇ ਸਾਨੂੰ ਇਨ੍ਹਾਂ ਬੱਚਿਆਂ ਦੁਆਰਾ ਕੀਤੀਆਂ ਜਾਂਦੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਜਿਵੇਂ ਹੀ ਅਸੀਂ ਉਸ ਕਮਰੇ 'ਚੋਂ ਬਾਹਰ ਆਏ ਸਾਡੇ ਵਿੱਚੋਂ ਕਿਸੇ ਇੱਕ ਜਣੇ ਨੇ ਉਸ ਅਧਿਆਪਕਾ ਨੂੰ ਪੁੱਛਿਆ, ਉਇਨ੍ਹਾਂ ਬੱਚਿਆਂ ਨਾਲ ਕੰਮ ਕਰਦਿਆਂ ਤੁਹਾਡਾ ਅਨੁਭਵ ਕਿਹੋ ਜਿਹਾ ਰਿਹਾ?" ਉਸ ਨੇ ਸਾਡੇ ਵੱਲ ਬੜ੍ਹੇ ਭਰੋਸੇ ਨਾਲ ਵੇਖਦਿਆਂ ਤੇ ਬੜ੍ਹੇ ਹੀ ਸਤਿਕਾਰ ਨਾਲ ਕਿਹਾ, ਉਮੈਂ ਖ਼ੁਦ ਬੜ੍ਹੀ ਹੀ ਖ਼ੁਸ਼ਕਿਸਮਤ ਤੇ ਸੁਖੀ ਮਹਿਸੂਸ ਕਰਦੀ ਹਾਂ ਕਿ ਮੈਨੂੰ ਇਨ੍ਹਾਂ ਵਿਸ਼ੇਸ਼ ਯੋਗਤਾ ਵਾਲੇ ਬੱਚਿਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ।ਮੈਨੂੰ ਲੱਗਦਾ ਹੈ ਕਿ ਅਸਲ ਵਿੱਚ ਇਹ ਬਹੁਤ ਹੀ ਭਾਗਸ਼ਾਲੀ ਹਨ ਜੋ ਬਹੁਤ ਜ਼ਿਆਦਾ ਪਿਆਰ ਪ੍ਰਗਟ ਕਰਦੇ ਹਨ ਤੇ ਛੁਪੇ ਹੋਏ ਗੁਣਾਂ ਨੂੰ ਵਿਆਕਤ ਕਰਦੇ ਹਨ, ਖ਼ਾਸ ਕਰਕੇ ਸਾਡੇ ਅਧਿਆਪਕਾਂ ਨਾਲ।" ਉਸ ਅਧਿਆਪਕਾ ਦੇ ਇਹ ਸ਼ਬਦ ਸਿੱਧੇ ਦਿਲੋਂ ਕਹੇ ਗਏ ਸਨ ਤੇ ਇਹ ਸ਼ਬਦ ਉਸਨੇ ਇੰਨੀ ਪ੍ਰਬਲਤਾ ਨਾਲ ਕਹੇ ਗਏ ਕਿ ਇੰਝ ਲਗਿਆ ਜਿਵੇਂ ਉਸਦੇ ਇਨ੍ਹਾਂ ਸ਼ਬਦਾਂ ਨਾਲ ਸਭ ਕੁੱਝ ਕਹਿ ਦਿਤਾ ਹੋਏ।

ਜਦ ਅਸੀਂ ਗਲਿਆਰੇ ਵਿਚੋਂ ਜਾ ਰਹੇ ਸਾਂ ਅਸੀਂ ਹੋਰ ਉਤਸ਼ਾਹਿਤ ਹੋ ਗਏ ਤੇ ਅਸੀਂ ਉਸ ਅਧਿਆਪਕਾ ਨੂੰ ਥੋੜ੍ਹਾ ਹੋਰ ਵਿਸਥਾਰ ਨਾਲ ਆਪਣੇ ਵਿਅਕਤੀਗਤ ਅਧਿਆਪਨ ਤਜ਼ਰਬੇ ਸਾਂਝੇ ਕਰਨ ਲਈ ਕਿਹਾ। ਉਸਨੇ ਦੱਸਿਆ, ਉਸ਼ੁਰੂ ਵਿੱਚ ਮੈਂ ਕੰਪਿਊਟਰ ਵਿੱਚ ਪ੍ਰੋਫ਼ੈਸ਼ਨਲ ਡਿਗਰੀ ਲਈ ਤੇ ਸੋਚਿਆ ਸੀ ਕਿ ਵਿਦੇਸ਼ ਜਾ ਕੇ ਕਿਸੇ ਸੋਫ਼ਟਵੇਅਰ ਇੰਡਸਟਰੀ ਵਿੱਚ ਮੈਂ ਇੱਕ ਅੱਛੀ-ਖ਼ਾਸੀ ਇਨਕਮ ਕਮਾਵਾਂਗੀ। ਪਰ ਮੈਂ ਇਨ੍ਹਾਂ ਬੱਚਿਆਂ ਨੂੰ ਪੜ੍ਹਾ ਕੇ ਉਸ ਤੋਂ ਵੀ ਵੱਧ 'ਦੁਆਵਾਂ ਰੂਪੀ ਦੌਲਤ' ਕਮਾ ਰਹੀ ਹਾਂ।" ਉਸਨੇ ਕਿਹਾ ਕਿ ਮੈਂ ਜੋ ਐਥੋਂ ਕਮ੍ਹਾ ਰਹੀ ਹਾਂ ਉਸ ਤੋਂ ਦੋ ਸੌ ਪਤ੍ਰੀਸ਼ਤ ਤੋਂ ਵੀ ਜ਼ਿਆਦਾ ਸੰਤੁਸ਼ਟ ਹਾਂ ਕਿਉਂਕਿ ਪੈਸਾ ਤੁਹਾਨੂੰ ਸਭ ਕੁੱਝ ਨਹੀਂ ਦੇ ਸਕਦੀ। ਇਹ ਵਿਦਿਆਰਥੀ ਜੋ ਮੈਨੂੰ ਦੇ ਰਹੇ ਹਨ ਉਹ ਮੇਰੀਆਂ ਉਮੀਦਾਂ ਤੋਂ ਵੀ ਪਰ੍ਹੇ ਹੈ।ਉਸਨੇ ਨਾਲ ਇਹ ਵੀ ਜੋੜਿਆ ਕਿ ਸਗੋਂ ਮੈਂ ਇਨ੍ਹਾਂ ਵਿਦਿਆਰਥੀਆਂ ਦੀ ਧੰਨਵਾਦੀ ਹਾਂ ਜੋ ਮੈਨੂੰ ਹਰ ਰੋਜ਼ ਸਕਾਰਾਤਮਕਤ ਸੋਚ ਪ੍ਰਦਾਨ ਕਰਦੇ ਹਨ।

ਐਨੇ ਨੂੰ ਅਸੀਂ ਇੱਕ ਹੋਰ ਗਰੁੱਪ ਵਿੱਚ ਜਾ ਪਹੁੰਚੇ ਜਿਥੇ ਇੱਕ ਹੋਰ ਅਧਿਆਪਕਾ ਆਪਣੇ ਤਜ਼ਰਬੇ ਸਾਂਝੇ ਕਰ ਰਹੀ ਸੀ ਤੇ ਉਸਨੇ ਕਿਹਾ, ਉਕਈ ਬਾਰ ਮੈਂ ਦੁਬਿਧਾ ਵਿੱਚ ਪੈ ਜਾਂਦੀ ਹਾਂ ਕਿ ਮੇਰੇ ਆਪਣੇ ਜੰਮੇ ਬੱਚੇ ਮੈਨੂੰ ਜ਼ਿਆਦਾ ਪਿਆਰ ਕਰਦੇ ਹਨ ਜਾਂ ਇਹ ਸਭ ਕਿਉਂਕਿ ਹੁਣ ਇਹ ਸਭ ਮੇਰੇ ਹੀ ਹੋ ਗਏ ਹਨ। ਮੈਂ ਇਨ੍ਹਾਂ ਵਿਚਕਾਰ ਕੋਈ ਫ਼ਰਕ ਨਹੀਂ ਕਰ ਸਕਦੀ।"

ਵਾਪਸੀ 'ਤੇ ਅਸੀਂ ਇੱਕ ਸੇਲ ਕਾਉਂਟਰ 'ਤੇ ਗਏ, ਇਥੇ ਇਨ੍ਹਾਂ ਬੱਚਿਆਂ ਦੁਆਰਾ ਬਣਾਈਆਂ ਗਈਆਂ ਵਸਤਾਂ ਰੱਖੀਆਂ ਸਨ ਜੋ ਕੋਈ ਵੀ ਖ਼ਰੀਦ ਸਕਦਾ ਹੈ। ਉਸ ਅਧਿਆਪਕ ਨੇ ਸਾਡੇ ਨਾਲ ਸਾਂਝਾ ਕੀਤਾ ਤੇ ਦੱਸਿਆ ਕਿ ਇਹ ਸਾਰੀਆਂ ਵਸਤਾਂ ਸ਼ੁੱਧ ਹਨ ਅਤੇ ਉਨ੍ਹਾਂ ਨੇ ਸ਼ੁੱਧਤਾ ਦਾ ਸਹੀ ਮਤਲਬ ਦੋ ਢੰਗਾਂ ਨਾਲ ਸਮਝਾਉਂਦਿਆਂ ਦਸਿਆ : ਪਹਿਲਾ ਕਿ ਸ਼ੁੱਧਤਾ ਸੰਤੋਖਜਨਕ ਹੁੰਦੀ ਹੈ, ਇਹ ਵਾਸਤਵਿਕ ਰੂਪ ਵਿੱਚ ਹੱਥਾਂ ਨਾਲ ਤਿਆਰ ਕੀਤੀਆਂ ਹੁੰਦੀਆਂ ਹਨ ਨਾ ਕਿ ਮਸ਼ੀਨੀ ਅਤੇ ਦੂਜਾ, ਇਹ ਪੱਵਿਤਰ ਰੂਹਾਂ ਵਲੋਂ ਪੈਕਡ /ਤਿਆਰ ਕੀਤੇ ਹੁੰਦੇ ਹਨ, ਜਿਨ੍ਹਾਂ ਕੋਲ ਨਿਰੋਲ ਪ੍ਰੇਮ ਤੇ ਦੂਜਿਆਂ ਲਈ ਦੁਆਵਾਂ ਹੀ ਹੁੰਦੀਆਂ ਹਨ। ਉਨ੍ਹਾਂ ਨੇ ਅੱਗੇ ਬੋਲਦਿਆਂ ਕਿਹਾ, ਉਇਸ ਮਿਲਾਵਟ ਦੇ ਯੁੱਗ ਵਿੱਚ, ਅਸੀਂ ਹੋਰ ਕੀ ਉਮੀਦ ਕਰ ਸਕਦੇ ਹਾਂ ? ਇਹਨਾਂ ਵਸਤਾਂ ਦੀ ਐਨੀ ਮੰਗ ਹੈ ਕਿ ਅਸੀਂ ਹਮੇਸ਼ਾ ਸਮੇਂ-ਸਮੇਂ 'ਤੇ ਲੋਕਾਂ ਦੁਆਰਾ ਕੀਤੇ ਆਰਡਰਾਂ ਕਈ ਬਾਰੇ ਪੂਰੇ ਹੀ ਨਹੀਂ ਕਰ ਪਾਉਂਦੇ।

ਅਜਿਹੀਆਂ ਗਤੀਵਿਧੀਆਂ 'ਚ ਰੁੱਝੇ ਰਹਿਣਾ ਇਹਨਾਂ ਬੱਚਿਆਂ ਨੂੰ ਵਧੇਰੇ ਸੰਜੀਦਾ ਤੇ ਵਚਨਬੱਧ ਬਣ-ਾਉਂਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਉਅਜਿਹਾ ਕੰਮ ਕਰਦਿਆਂ ਇਹ ਬੱਚੇ ਕਦੇ ਵੀ ਥਕਾਵਟ ਮਹਿਸੂਸ ਨਹੀਂ ਕਰਦੇ ਅਤੇ ਉਹ ਬਿਨ੍ਹਾਂ ਥੱਕੇ ਕੰਮ ਕਰਦੇ ਹਨ। ਬੱਚੇ ਆਪਣੇ ਕੰਮ 'ਚ ਐਨੇ ਰੁੱਝ ਜਾਂਦੇ ਹਨ ਕਿ ਕਈ ਵਾਰ ਦੁਪਹਿਰ ਦਾ ਖਾਣਾ ਖਾਣਾ ਵੀ ਭੁੱਲ ਜਾਂਦੇ ਹਨ।"

ਜਦੋਂ ਅਸੀਂ ਆਪਣੀ ਇਸ ਮਿਲਣੀ ਖ਼ਤਮ ਕਰਕੇ ਵਾਪਸ ਆ ਰਹੇ ਸਾਂ ਤਾਂ ਮੈ ਮਹਿਸੂਸ ਕਰ ਰਿਹਾ ਸਾਂ , ਉਕਈ ਬਾਰ ਲੋਕ ਬਹੁਤ ਅਮੀਰ ਹੁੰਦੇ ਹਨ ਤੇ ਉਨ੍ਹਾਂ ਕੋਲ ਜੋ ਇੱਕ ਚੀਜ਼ ਹੈ ਉਹ ਹੈ ਪੈਸਾ , ਸਿਰਫ਼ ਪੈਸਾ ਤੇ ਹੋਰ ਕੁੱਝ ਵੀ ਨਹੀਂ।" ਉਨ੍ਹਾਂ ਕੋਲ ਨਾ ਹੀ ਦਿਆ ਭਾਵਨਾ ਹੁੰਦੀ ਹੈ, ਨਾ ਕੋਈ ਹਮਦਰਦੀ ਤੇ ਨਾ ਹੀਂ ਦੂਜਿਆਂ ਲਈ ਪ੍ਰੇਮ ਭਾਵ।"

ਇਨ੍ਹਾਂ ਪਿਆਰੀਆਂ ਰੂਹਾਂ ਕੋਲ ਕੀਤੀ ਇਸ ਨਿੱਕੀ ਜੇਹੀ ਫੇਰੀ ਨਾਲ ਮੈਂ ਬਹਿਤਰੀਨ ਮਹਿਸੂਸ ਕਰ ਰਿਹਾ ਹਾਂ ਤੇ ਇਸ ਫੇਰੀ ਨੇ ਮੈਨੂੰ ਮਨੁੱਖਤਾ ਤੇ ਮਨੁੱਖ ਵਿਚਲੇ ਫ਼ਰਕ ਬਾਰੇ ਵੀ ਸਿਖਾਇਆ। ਸਭ ਤੋਂ ਵੱਡੀ ਗੱਲ ਕਿ ਮੈਂ ਪਹਿਲਾਂ ਨਾਲੋਂ ਵਧੇਰੇ ਦਿਆਲੂ ਭਾਵਨਾਵਾਂ ਨਾਲ ਭਰ ਗਿਆ ਹਾਂ।

# ਕਰੋਨਾ ਵਾਇਰਸ ਦੇ ਸੰਕਟ ਕਾਰਨ ਉਪਜੇ ਹਾਲਾਤ



ਮੁਹੰਮਦ ਬਸ਼ੀਰ
91-94171-58300

ਚੀਨ ਤੋਂ ਆਰੰਭ ਹੋ ਕੇ ਸਮੁੱਚੇ ਵਿਸ਼ਵ ਦੇ ਵਿੱਚ ਫੈਲ ਚੁੱਕਿਆ ਕਰੋਨਾ ਵਾਇਰਸ ਅਜੋਕੇ ਵਿਸ਼ਵ ਲਈ ਇੱਕ ਨਵੀਂ ਚੁਣੋਤੀ ਬਣ ਕੇ ਉਭਰਿਆ ਹੈ। ਕਰੋਨਾ ਨੇ ਵਿਸ਼ਵ ਦੀਆਂ ਆਰਥਿਕ ਅਤੇ ਸੈਨਿਕ ਮਹਾਂ ਸਕਤੀਆਂ ਨੂੰ ਆਪਣੇ ਪ੍ਰਭਾਵ 'ਚ ਇਸ ਤਰ੍ਹਾਂ ਲਿਆ ਹੈ ਕਿ ਉਨ੍ਹਾਂ ਨੂੰ ਕਰੋਨਾ ਤੋਂ ਬਚਣ ਦਾ ਕੋਈ ਰਾਹ ਨਹੀਂ ਲੱਭ ਰਿਹਾ। ਦੁਨੀਆਂ ਦੀ ਸੁਪਰ ਪਾਵਰ ਸਮਝਿਆ ਜਾਣ ਵਾਲਾ ਦੇਸ਼ ਅਮਰੀਕਾ ਜੋ ਕਿ ਵੱਖ-ਵੱਖ ਸਮਿਆਂ ਤੇ ਦੁਨੀਆਂ ਦੇ ਛੋਟੇ-ਵੱਡੇ ਦੇਸ਼ਾਂ ਨੂੰ ਟਿੱਚ ਜਾਣ ਕੇ ਆਪਣੇ ਹਿੱਤਾਂ ਦੀ ਰਾਖੀ ਕਰਨ 'ਚ ਪ੍ਰਸਿਧ ਮੰਨਿਆਂ ਜਾਂਦਾ ਹੈ, ਨੂੰ ਵੀ ਗੋਡੇ ਟੇਕਣ ਦੀ ਕਗਾਰ ਤੇ ਲਿਆ ਖੜ੍ਹਾ ਕੀਤਾ ਹੈ। ਅਮਰੀਕਾ ਦਾ ਧਮਕੀ ਭਰਿਆ ਲਹਿਜਾ ਉਸਦੀ ਸਾਰੀ ਆਧੁਨਿਕ ਤਕਨੀਕ ਇਸ ਬੀਮਾਰੀ ਦਾ ਮੁਕਾਬਲਾ ਕਰਨ 'ਚ ਅਸਮੱਰਥ ਨਜ਼ਰ ਆ ਰਹੀ ਹੈ। ਇਹ ਹਾਲ ਹੋਰ ਵੀ ਕਈ ਵਿਕਸਤ ਦੇਸ਼ਾਂ (ਜਿਹੜੇ ਆਪਣੇ ਆਪ ਨੂੰ ਸਰਵਗੁਣ ਸੰਪਨ ਮੰਨਦੇ ਸਨ) ਦਾ ਹੋ ਰਿਹਾ ਹੈ। ਇਸ ਕੁਦਰਤੀ ਆਫ਼ਤ ਨੇ ਸਮੁੱਚੀ ਮਨੁੱਖਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਭਾਰਤ ਵੀ ਇਸ ਵਾਇਰਸ ਦੇ ਪ੍ਰਭਾਵ ਵਿੱਚ ਆਉਣ ਵਾਲੇ ਦੇਸ਼ਾਂ 'ਚੋਂ ਇੱਕ ਦੇਸ਼ ਹੈ। ਸਾਡੇ ਦੇਸ਼ 'ਚ ਭਾਵੇਂ ਇਸ ਦਾ ਪ੍ਰਭਾਵ ਚੀਨ, ਇਟਲੀ, ਅਮਰੀਕਾ ਆਦਿ ਵਾਂਗ ਬਹੁਤ ਜ਼ਿਆਦਾ ਨਹੀਂ ਪਰ ਫਿਰ ਵੀ ਭਾਰਤ ਦੇ ਸਾਧਨਾਂ ਅਤੇ ਜਨਸੰਖਿਆ ਦੀ ਤੁਲਨਾ ਨੂੰ ਦੇਖ ਕੇ ਇਹ ਡਰ ਜ਼ਰੂਰ ਬਣਿਆ ਹੋਇਆ ਹੈ ਕਿ ਜੇਕਰ ਲੋਕਾਂ ਵੱਲੋਂ ਥੋੜੀ ਅਣਗਹਿਲੀ ਵੀ ਵਰਤੀ ਗਈ ਤਾਂ ਇਸ ਵਾਇਰਸ ਨਾਲ ਭਾਰਤ ਦੇ ਲੋਕਾਂ ਨੂੰ ਬਹੁਤ ਨੁਕਸਾਨ ਉਠਾਉਣਾ ਪੈ ਸਕਦਾ ਹੈ। ਇਸ ਗੱਲ ਨੂੰ ਮੁੱਖ ਰੱਖ ਕੇ ਹੀ ਲਗਭਗ ਸਮੁੱਚੇ ਭਾਰਤ 'ਚ ਪਿਛਲੇ ਤਿੰਨ ਹਫਤਿਆਂ ਤੋਂ ਲਾਕ ਡਾਊਣ-ਕਮ-ਕਰਫਿਊ ਚੱਲਾ ਆ ਰਿਹਾ ਹੈ, ਜੋ ਕੇ ਹਾਲ ਦੀ ਘੜੀ ਕਈ ਰਾਜਾਂ ਵਿੱਚ 30 ਅਪ੍ਰੈਲ ਤੱਕ ਚੱਲਣਾ ਹੈ। 30 ਅਪ੍ਰੈਲ ਤੋਂ ਬਾਅਦ ਸਥਿਤੀ ਨੂੰ ਦੇਖਦੇ ਹੋਏ ਅੱਗੇ ਵੀ ਵਧਾਇਆ ਜਾ ਸਕਦਾ ਹੈ। ਇੱਥੇ ਮੈਂ ਇਹ ਗੱਲ ਜ਼ਰੂਰ ਕਹੂੰਗਾਂ ਕਿ ਜੇਕਰ ਪਹਿਲਾਂ ਹੀ ਸਾਵਧਾਨੀ ਵਰਤੀ ਜਾਂਦੀ ਤਾਂ ਸ਼ਾਇਦ ਕਰਫਿਊ ਲਗਾਉਣ ਦੀ ਨੌਬਤ ਨਾ ਆਉਂਦੀ। ਮੇਰੇ ਕਹਿਣ ਦਾ ਭਾਵ ਹੈ, ਕਿ ਜਦੋਂ ਜਨਵਰੀ ਵਿੱਚ ਚੀਨ 'ਚ ਕਰੋਨਾ ਦਾ ਪ੍ਰਕੋਪ ਆਪਣੇ ਪੂਰੇ ਜੋਬਨ ਤੇ ਸੀ ਉਦੋਂ ਹੀ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਪਰਹੇਜ਼ ਅਤੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਇਕਾਂਤ 'ਚ ਰੱਖ ਲੈਣਾ ਚਾਹੀਦਾ ਸੀ। ਇਸ ਨਾਲ ਆਮ ਨਾਗਰਿਕਾਂ 'ਚ ਇਸ ਬੀਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਸੀ। ਕਿਹਾ ਜਾਂਦਾ ਹੈ ਕਿ ਪਰਹੇਜ਼ ਇਲਾਜ਼ ਨਾਲੋਂ ਵੱਧ ਲਾਭਦਾਇਕ ਹੁੰਦਾ ਹੈ। ਇਸ ਕਰਕੇ ਹੁਣ ਭਾਰਤ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀ ਸਰਕਾਰਾਂ ਵੱਲੋਂ ਲੋਕਾਂ ਦੀ ਸੁਰੱਖਿਆ ਲਈ ਚੁੱਕਿਆ ਕਰਫਿਊ ਵਾਲਾ ਕਦਮ ਜਨਤਕ ਹਿੱਤਾਂ ਵਿੱਚ ਹੀ ਜਾਪਦਾ ਹੈ। ਪਰ ਇਸਦੇ ਨਾਲ ਇਹ ਵੀ ਇੱਕ ਸੱਚਾਈ ਹੈ ਕਿ ਭਾਰਤ ਦੀ ਸਮੁੱਚੀ ਜਨਸੰਖਿਆ ਦੀ ਬਹੁ-ਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਆਪਣੀ ਰੋਜ਼ੀ-ਰੋਟੀ ਦਾ ਜੁਗਾੜ ਰੋਜ਼ ਦੀ ਰੋਜ਼ ਕਮਾ ਕੇ ਕਰਦੀ ਹੈ ਅਤੇ ਨਾਲ ਹੀ ਜਨਸੰਖਿਆ ਦਾ ਇੱਕ ਵੱਡਾ ਹਿੱਸਾ ਮੰਗ ਕੇ (ਭਿਖਾਰੀ) ਆਪਣਾ ਪੇਟ ਭਰਦਾ ਹੈ। ਕੁਦਰਤੀ ਰੂਪ 'ਚ ਕਰਫਿਊ ਦੌਰਾਨ ਇਹਨਾਂ ਭਾਰਤੀ ਲੋਕਾਂ ਲਈ ਰੋਜ਼ਾਨਾ ਜ਼ਰੂਰਤ ਦੇ ਸਮਾਨ ਦੇ ਨਾਲ-ਨਾਲ ਦੋ ਵਕਤ ਦੀ ਰੋਟੀ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਇਸ ਕਰਕੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਵੋਟ ਰਾਜਨੀਤੀ ਅਤੇ ਪਾਰਟੀ ਹਿੱਤਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਦੇ ਭਲੇ ਲਈ ਬਿਨਾਂ ਕਿਸੇ ਭੇਦ-ਭਾਵ ਤੋਂ ਇਹਨਾਂ ਗਰੀਬ ਲੋਕਾਂ ਲਈ ਖੁਲ-ਦਿਲੀ ਨਾਲ ਫੈਸਲੇ ਲੈਣੇ ਚਾਹੀਦੇ ਹਨ ਤਾਂ ਕਿ ਕਰੋਨਾ ਵਾਇਰਸ ਤੋਂ ਬਚਣ ਦੇ ਡਰ ਕਾਰਨ ਲਾਏ ਗਏ ਕਰਫਿਊ ਦੀ ਸਥਿਤੀ 'ਚ ਪਨਪ ਰਹੀ ਭੁੱਖਮਰੀ ਤੋਂ ਵੀ ਲੋਕਾਂ ਨੂੰ ਬਚਾਇਆ ਜਾ ਸਕੇ। ਸਰਕਾਰੀ ਪੱਧਰ ਤੇ ਭਾਵੇਂ ਕਿ ਕੁਝ ਰਾਸ਼ਨ ਲੋਕਾਂ ਤੱਕ ਪਹੁੰਚਾਇਆ ਵੀ ਜਾ ਰਿਹਾ ਹੈ ਪਰ ਉਹ ਜਨਸੰਖਿਆਂ ਦੇ ਅਨੁਸਾਰ ਬਹੁਤ ਘੱਟ ਹੈ। ਇਸ ਕਰਕੇ ਇਸ ਮੁਹਿੰਮ ਨੂੰ ਹੋਰ ਜੰਗੀ ਪੱਧਰ ਤੇ ਬਿਨਾਂ ਕਿਸੇ ਭੇਦ ਭਾਵ ਤੋਂ ਗਰੀਬ ਲੋਕਾਂ ਤੱਕ ਲੈ ਕੇ ਜਾਣ ਦੀ ਜ਼ਰੂਰਤ ਹੈ। ਇਸਦੇ ਨਾਲ ਹੀ ਭਾਰਤ ਦੇ ਵੱਡੇ-ਵੱਡੇ ਉਦਯੋਗਿਕ ਘਰਾਣਿਆਂ ਨੂੰ ਵੀ ਇਹਨਾਂ ਔਖੇ ਹਾਲਾਤਾਂ 'ਚ ਲੋਕਾਂ ਦੀ ਸਹਾਇਤਾ ਲਈ ਹਰ ਪੱਧਰ ਤੇ ਅੱਗੇ ਆਉਣਾ ਚਾਹੀਦਾ ਹੈ। ਜਿਸ ਵਿੱਚ ਜਿੰਨੀ ਹਿੰਮਤ ਹੈ ਉਹ ਆਪਣੀ ਹਿੰਮਤ ਅਤੇ ਹੈਸੀਅਤ ਦੇ ਅਨੁਸਾਰ ਲੋਕਾਈ ਦੀ ਭਲਾਈ ਲਈ ਅੱਗੇ ਆਵੇ। ਸੋਸਲ ਮੀਡੀਆ ਤੇ ਵਾਇਰਲ ਹੋ ਰਹੀਆਂ ਕੁਝ ਕਲਿਪਾਂ ਤੋਂ ਇਹ ਵੀ ਸਾਹਮਣੇ ਆਇਆ ਕਿ ਕੁਝ ਸਿੱਖ, ਮੁਸਲਿਮ ਅਤੇ ਹਿੰਦੂ ਜੱਥੇਬੰਦੀਆਂ ਇਸ ਔਖੀ ਘੜੀ 'ਚ ਆਪਣੀ ਜਾਣ ਅਤੇ ਮਾਲ ਦੀ ਪਰਵਾਹ ਨਾ ਕਰਦੇ ਹੋਏ ਭੁੱਖੇ ਮਰ ਰਹੇ ਲੋਕਾਂ ਲਈ ਇੱਕ ਆਸ ਦੀ ਕਿਰਨ ਬਣ ਕੇ ਕੰਮ ਕਰ ਰਹੀਆਂ ਹਨ ਜੋ ਕਿ ਬਹੁਤ ਸ਼ਲਾਘਾ ਯੋਗ ਅਤੇ ਵੱਡਾ ਕੰਮ ਹੈ। ਪਰ ਤਸਵੀਰ ਦਾ ਦੂਜਾ ਪਾਸਾ ਵੀ ਹੈ; ਇੱਥੇ ਮੈਨੂੰ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਭਾਰਤ ਲਈ ਤਾਂ ਕਰੋਨਾ ਵਾਇਰਸ ਤੋਂ ਵੀ ਖਤਰਨਾਕ ਵਾਇਰਸ ਜੋ ਭਾਰਤ ਨੂੰ ਹਰ ਪੱਖ ਤੋਂ ਖੋਖਲਾ ਕਰਕੇ ਬਰਬਾਦੀ ਵੱਲ ਲੈ ਕੇ ਜਾ ਰਿਹਾ ਹੈ, ਉਹ ਹੈ 'ਧਰਮ ਜਾਂ ਜਾਤ ਦੇ ਆਧਾਰ ਤੇ ਨਫਰਤ'। ਸੱਤਾ ਦਾ ਸੁੱਖ ਭੋਗਣ ਲਈ ਭਾਰਤੀ ਰਾਜਨੇਤਾਵਾਂ ਵੱਲੋਂ ਅਤੇ ਭਾਰਤੀ ਲੋਕਤੰਤਰ ਦੇ ਚੌਥਾ ਥੰਮ ਮੰਨੇ ਜਾਂਦੇ ਮੀਡੀਆ ਮੁੱਖ ਰੂਪ 'ਚ ਇਲੈਕਟ੍ਰੋਨਿਕ ਮੀਡੀਆ ਜਾਂ ਬਹੁਤੇ ਨਿਊਜ਼ ਚੈਨਲਾਂ ਵੱਲੋਂ ਅਨਪੜ੍ਹ ਅਤੇ ਜਾਨੂੰਨੀ ਭਾਰਤੀ ਲੋਕਾਂ ਦੇ ਅੰਦਰ ਇਸ ਵਾਇਰਸ ਨੂੰ ਇਸ ਕਦਰ ਭਰਿਆ ਜਾ ਰਿਹਾ ਹੈ, ਜਿਸਦਾ ਵਿਸਫੋਟ ਪ੍ਰਮਾਣੂ ਬੰਬ ਨਾਲੋਂ ਵੀ ਵੱਧ ਖਤਰਨਾਕ ਹੋਵੇਗਾ। ਇਸ ਵਾਇਰਸ ਦਾ ਪ੍ਰਭਾਵ ਅਸੀਂ ਪਹਿਲਾਂ ਵੀ ਮੁੱਖ ਰੂਪ 'ਚ 1947, 1984, 2002, 2020 ਵਿੱਚ ਦੇਖ ਚੁੱਕੇ ਹਾਂ। ਭਾਰਤੀ ਮੀਡੀਆ ਦਾ ਇਹ ਨਾ ਭੁਲੱਣਯੋਗ ਕਾਲਾ ਦੌਰ ਹਮੇਸ਼ਾ ਭਾਰਤੀ ਲੋਕਾਂ ਨੂੰ ਯਾਦ ਰਹੇਗਾ ਕਿ ਕਿਸ ਤਰ੍ਹਾਂ ਜਦੋਂ ਸਮੁੱਚਾ ਵਿਸ਼ਵ ਕਰੋਨਾ ਨਾਮ ਦੇ ਖਤਰਨਾਕ ਵਾਇਰਸ ਨਾਲ ਲੜ੍ਹਣ ਅਤੇ ਉਸਦੇ ਇਲਾਜ਼ ਲਈ ਖੋਜਾਂ ਕਰਨ 'ਚ ਲੱਗਿਆ ਹੋਇਆ ਸੀ ਤਾਂ ਉਸ ਸਮੇਂ ਭਾਰਤੀ ਮੀਡੀਆ ਦੇ ਖੋਜ ਕਰਤਾਵਾਂ ਨੇ ਕਰੋਨਾ ਵਾਇਰਸ ਨੂੰ ਇੱਕ ਧਾਰਮਿਕ ਵਾਇਰਸ ਘੋਸ਼ਿਤ ਕਰ ਦੇਣ ਦੀ ਇੱਕ ਵਿਸ਼ਵ ਪ੍ਰਸਿੱਧ ਬੇਮਿਸਾਲ ਖੋਜ ਕੀਤੀ ਸੀ ਤੇ ਇਸ ਨਾਲ ਹੋਣ ਵਾਲੀ ਬੀਮਾਰੀ ਨੂੰ ਕਰੋਨਾ ਜਿਹਾਦ ਦਾ ਨਾਮ ਦਿੱਤਾ ਸੀ। ਜਿਸ ਦਾ ਕੁਝ ਨਿਊਜ਼ ਚੈਨਲਾਂ ਨੂੰ ਛੱਡ ਕੇ ਬਹੁਤੇ ਨਿਊਜ਼ ਚੈਨਲਾਂ ਨੇ ਖੂਬ ਚੀਕ-ਚੀਕ ਕੇ ਜਰਨਲਿਜ਼ਮ ਦੇ ਮਿਆਰ ਅਤੇ ਇਸ ਪ੍ਰਚਾਰ ਦੇ ਸਮਾਜ ਤੇ ਪੈਣ ਵਾਲੇ ਬੁਰੇ ਪ੍ਰਭਾਵ ਦੀ ਪਰਵਾਹ ਕੀਤੇ ਬਿਨਾਂ ਬਹੁਤ ਰੋਲਾ ਪਾਇਆ ਸੀ। ਮੀਡੀਆ ਜਿਸ ਨੂੰ ਲੋਕਾਂ ਦੇ ਸਾਹਮਣੇ ਸੱਚਾਈ ਲੈ ਕੇ ਆਉਣ ਅਤੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਦਾ ਇੱਕ ਸਾਧਨ ਮੰਨਿਆ ਜਾਂਦਾ ਹੈ, ਉਸ ਮੀਡੀਆ ਵੱਲੋਂ ਆਪਣੇ ਮਾਲਕਾਂ ਦੇ ਸੌੜੇ ਰਾਜਨੀਤਕ ਅਤੇ ਆਰਥਿਕ ਹਿੱਤਾਂ ਦੀ ਪੂਰਤੀ ਲਈ ਬੋਲੇ ਝੂਠ ਕਾਰਨ ਇੱਕ ਵਿਸ਼ੇਸ਼ ਘੱਟ ਗਿਣਤੀ ਲਈ ਕਰੋਨਾ ਵਾਇਰਸ ਦੀ ਬੀਮਾਰੀ ਦੇ ਪ੍ਰਕੋਪ ਨਾਲ ਲੜਣ ਦੇ ਨਾਲ-ਨਾਲ ਸਮਾਜਿਕ ਹਾਲਾਤ ਵੀ ਬਹੁਤ ਅਣਸੁਖਾਵੇਂ ਬਣਾ ਦਿੱਤੇ ਗਏ ਹਨ। ਵਾਇਰਲ ਵਿਡੀਓ ਕਲਿਪਾਂ ਨੂੰ ਦੇਖਣ ਤੋਂ ਪਤਾ ਚੱਲਦਾ ਹੈ ਕਿ ਕਈ ਜਗ੍ਹਾਂ ਕਿਸ ਤਰ੍ਹਾਂ ਘੱਟ ਗਿਣਤੀ ਦੇ ਲੋਕਾਂ ਤੇ ਕਰੋਨਾ ਵਾਇਰਸ ਦੇ ਫੈਲਾਓ ਦੇ ਕਾਰਨ ਨੂੰ ਮੁੱਦਾ ਬਣਾ ਕੇ ਤਰ੍ਹਾਂ ਤਰ੍ਹਾਂ ਦੇ ਜੁਲਮ ਕੀਤੇ ਗਏ ਹਨ, ਜਿੱਥੇ ਇਸ ਨਾਲ ਇੱਕ ਵਿਸ਼ੇਸ਼ ਘੱਟ ਗਿਣਤੀ ਨੂੰ ਇਸ ਝੂਠ ਅਤੇ ਗੰਦੀ ਰਾਜਨੀਤੀ ਦੇ ਕੂੜ ਪ੍ਰਚਾਰ ਦਾ ਖਮਿਆਜ਼ਾ ਭੁਗਤਨਾ ਪਿਆ ਹੈ, ਉੱਥੇ ਹੀ ਭਾਰਤ ਦੀ ਛਵੀ ਅੰਤਰ ਰਾਸ਼ਟਰੀ ਪੱਧਰ ਤੇ ਵੀ ਬਹੁਤ ਖਰਾਬ ਹੋ ਰਹੀ ਹੈ। ਇਸ ਕਾਰਨ ਵਿਸ਼ਵ ਪੱਧਰ ਤੇ ਭਾਰਤ ਦੀ ਸਥਿਤੀ ਬਹੁਤ ਹਾਸੋਹੀਣੀ ਬਣੀ ਹੋਈ ਹੈ ਕਿ ਜਦੋਂ ਸਮੁੱਚਾ ਵਿਸ਼ਵ ਇੱਕਜੁੱਟ ਹੋ ਕੇ ਬਿਨਾਂ ਕਿਸੇ ਭੇਦ-ਭਾਵ ਦੇ ਇਸ ਮਹਾਂਮਾਰੀ ਨਾਲ ਲੜ ਰਿਹਾ ਹੈ ਉਦੋਂ ਭਾਰਤੀ ਮੀਡੀਆ ਦਾ ਇੱਕ ਵੱਡਾ ਹਿੱਸਾ ਅਤੇ ਕੁਝ ਕੱਟੜ ਵਿਚਾਰਧਾਰਾ ਵਾਲੇ ਸੰਗਠਨ ਭਾਰਤੀ ਲੋਕਾਂ 'ਚ ਨਫਰਤ ਫੈਲਾ ਕੇ ਆਪਸ 'ਚ ਵਿਰੋਧ ਵਧਾ ਕੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਆਪਸੀ ਲੜਾਈ ਝਗੜੇ ਲਈ ਉਕਸਾ ਰਹੇ ਹਨ। ਇਸ ਗੈਰ ਜਿੰਮੇਵਾਰਾਨਾਂ ਵਿਵਹਾਰ ਨੂੰ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਠਹਿਰਾਇਆਂ ਜਾ ਸਕਦਾ। ਸੋ ਮੇਰੀ ਸਮੁੱਚੇ ਭਾਰਤ ਦੇ ਹਰ ਇੱਕ ਧਰਮ ਅਤੇ ਜਾਤ ਨਾਲ ਸਬੰਧਤ ਲੋਕਾਂ ਨੂੰ ਦਿਲੋਂ ਅਪੀਲ ਹੈ ਕਿ ਇਸ ਔਖੇ ਸਮੇਂ ਵਿੱਚ ਜੇਕਰ ਭਾਰਤ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਹਰੇਕ ਤਰ੍ਹਾਂ ਦੇ ਭੇਦ-ਭਾਵ ਭੁਲਾ ਕੇ ਮਨੁੱਖਤਾ ਨੂੰ ਆਪਣਾ ਧਰਮ ਸਮਝ ਕੇ ਅੱਗੇ ਆਓ ਤਾਂ ਕਿ ਇਸ ਔਖੀ ਜੰਗ ਨੂੰ ਵੀ ਅਸੀਂ ਫ਼ਤਿਹ ਕਰ ਸਕੀਏ।ਧਾਰਮਿਕ ਨਫਰਤ ਦੇ ਕਾਰਨ ਜੋ ਅੱਜ ਦੇਸ਼ ਦੇ ਹਾਲਾਤ ਬਣ ਰਹੇ ਹਨ ਉਸ ਕਾਰਨ ਸਮੁੱਚਾ ਭਾਰਤ ਆਉਣ ਵਾਲੇ ਸਮੇਂ ਜਬਰਦਸਤ ਆਰਥਿਕ ਮੰਦੀ, ਬੇਰੁਜ਼ਗਾਰੀ ਅਤੇ ਅਰਾਜਕਤਾ ਵੱਲ ਵੱਧ ਰਿਹਾ ਹੈ ਜੋ ਕੇ ਦੇਸ਼ ਭਗਤਾਂ ਅਤੇ ਦੇਸ਼ ਦੇ ਸ਼ੁਭ ਚਿੰਤਕਾਂ ਲਈ ਕੋਈ ਚੰਗੇ ਸੰਕੇਤ ਨਹੀਂ ਹਨ। ਭਾਰਤ ਸਦੀਆਂ ਤੋਂ ਵੱਖ-ਵੱਖ ਧਰਮਾਂ ਰੂਪੀ ਫੁੱਲਾਂ ਦਾ ਇੱਕ ਅਜਿਹਾ ਗੁਲਦਸਤਾ ਰਿਹਾ ਹੈ, ਜਿਸਨੂੰ ਵਿਸ਼ਵ ਪੱਧਰ ਤੇ ਅਨੇਕਤਾ ਵਿੱਚ ਏਕਤਾ ਦੀ ਸਰਵ-ਉੱਤਮ ਉਦਾਹਰਨ ਮੰਨਿਆ ਜਾਂਦਾ ਰਿਹਾ ਹੈ। ਇਸਦੀ ਇਹ ਵਿਸ਼ੇਸ਼ਤਾ ਪਿਛਲੇ ਲੰਮੇ ਸਮੇਂ ਤੋਂ ਬਣੀ ਹੋਈ ਹੈ। ਇਸੀ ਕਾਰਨ ਸੁਤੰਤਰ ਭਾਰਤ ਦੇ ਸੰਵਿਧਾਨ ਵਿੱਚ ਕਿਸੇ ਵਿਸ਼ੇਸ਼ ਧਰਮ ਨੂੰ ਰਾਜ ਧਰਮ ਦਾ ਦਰਜਾ ਨਹੀਂ ਦਿੱਤਾ ਗਿਆ। ਸਗੋਂ ਸੰਵਿਧਾਨ ਦੇ ਅਨੁਛੇਦ 25 ਤੋਂ 28 ਤੱਕ ਭਾਰਤ ਦੇ ਹਰੇਕ ਨਾਗਰਿਕ ਨੂੰ ਧਾਰਮਿਕ ਸੁੰਤਰਤਾ ਦਾ ਮੌਲਿਕ ਅਧਿਕਾਰ ਦਿੱਤਾ ਗਿਆ ਹੈ। ਜਿਸ ਦੇ ਅਧੀਨ ਭਾਰਤ ਦੇ ਹਰੇਕ ਨਾਗਰਿਕ ਨੂੰ ਕਿਸੇ ਵੀ ਧਰਮ ਨੂੰ ਮੰਨਣ, ਉਸ ਧਰਮ ਦੇ ਸਿਧਾਤਾਂ ਅਨੁਸਾਰ ਪੂਜਾ ਪਾਠ ਕਰਨ, ਧਰਮ ਸਥਾਨ ਬਣਾਉਣ, ਇੱਕ ਧਰਮ ਨੂੰ ਛੱਡ ਕੇ ਦੂਜੇ ਧਰਮ ਨੂੰ ਅਪਣਾਉਣ ਆਦਿ ਦੀ ਸੁੰਤਤਰਤਾ ਦਿੱਤੀ ਗਈ ਹੈ, ਪਰ ਅੱਜ ਧਰਮ ਦੇ ਆਧਾਰ ਤੇ ਅਸਹਿਣਸ਼ੀਲਤਾ ਦੇ ਕਾਰਨ ਭਾਰਤ ਬਹੁਤ ਅਸੁਖਾਵੇਂ ਹਾਲਾਤਾਂ ਦੇ ਵਿੱਚੋਂ ਲੰਘ ਰਿਹਾ ਹੈ। ਕਦੇ ਗਊ ਰੱਖਿਆ ਦੇ ਨਾਮ ਤੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਲਿਆ ਜਾਂਦਾ ਹੈ ਅਤੇ ਕਦੇ ਵੋਟ ਰਾਜਨੀਤੀ ਦੇ ਕਾਰਨ ਦੰਗੇ ਫਸਾਦ ਕਰਵਾ ਕੇ, ਤੇ ਕਦੇ ਨਾਗਰਿਕਤਾ ਸੋਧ ਕਾਨੂੰਨ (CCa) ਦੇ ਰਾਹੀ ਦੇਸ਼ ਦੇ ਨਾਗਰਿਕਾਂ ਵਿੱਚ ਫੁੱਟ ਪਾ ਕੇ ਦੇਸ਼ ਦੇ ਵਿਕਾਸ ਨੂੰ ਲੀਹੋਂ ਲਾ ਕੇ ਸਰਕਾਰ ਦੁਆਰਾ ਆਪਣੀਆਂ ਖਾਮੀਆਂ ਨੂੰ ਛੁਪਾ ਕੇ ਆਪਣੇ ਸੌੜੇ ਰਾਜੀਨੀਤਿਕ ਹਿੱਤਾਂ ਦੀ ਪੂਰਤੀ ਕਰਨ ਦੀ ਕੋਸ਼ੀਸ਼ ਕੀਤੀ ਜਾਂਦੀ ਰਹੀ ਹੈ ਜੋ ਕਿ ਭਾਰਤ ਦੇ ਹਿੱਤਾਂ ਦੇ ਵਿਰੁੱਧ ਹੈ। ਨਾਗਰਿਕਾ ਵੱਲੋਂ ਰਾਜਨੇਤਾਵਾਂ ਦੇ ਮੱਕੜ ਜਾਲ ਵਿੱਚ ਉਲਝ ਕੇ ਧਰਮ ਦੇ ਆਧਾਰ ਤੇ ਲੜ੍ਹਾਈ-ਝਗੜਾ ਅਤੇ ਧਾਰਮਿਕ ਆਧਾਰ ਤੇ ਨਫਰਤ ਕਰਨ ਦਾ ਵੱਡਾ ਕਾਰਨ ਜੋ ਨਜ਼ਰ ਆ ਰਿਹਾ ਹੈ ਉਹ ਇਹ ਹੈ, ਕਿ ਅੱਜ ਅਸੀਂ ਰੱਬ ਨੂੰ ਤਾਂ ਮੰਨਦੇ ਹਾਂ ਪਰ ਰੱਬ ਦੀ ਨਹੀਂ ਮੰਨਦੇ, ਧਰਮ ਨੂੰ ਤਾਂ ਮੰਨਦੇ ਹਾਂ ਪਰ ਧਰਮ ਦੀ ਨਹੀਂ ਮੰਨਦੇ। ਅਸਲ ਵਿੱਚ ਅਸੀਂ ਧਰਮ ਨੂੰ ਵੀ ਆਪਣੇ ਨਿੱਜੀ ਸਵਾਰਥੀ ਹਿੱਤਾਂ ਦੇ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਕੋਈ ਵੀ ਧਰਮ ਦੂਜੇ ਧਰਮ ਦੇ ਲੋਕਾਂ ਨਾਲ ਧਾਰਮਿਕ ਕੱਟੜਤਾ ਦੇ ਆਧਾਰ ਤੇ ਅਸਹਿਣਸ਼ੀਲਤਾ ਦਾ ਵਿਵਹਾਰ ਕਰਨ ਦੀ ਆਗਿਆ ਨਹੀ ਦਿੰਦਾਂ।

ਜਿਸਦਾ ਸਪਸਟ ਭਾਵ ਹੈ ਕਿ ਸਾਰੇ ਧਰਮਾਂ ਦੇ ਸਿਧਾਂਤ ਦੂਜੇ ਧਰਮਾਂ ਦੇ ਲੋਕਾਂ ਨਾਲ ਆਪਸੀ ਭਾਈਚਾਰੇ ਅਤੇ ਸ਼ਾਂਤਮਈ ਸਹਿਹੋਂਦ ਨਾਲ ਰਹਿਣ ਦੀ ਸਿੱਖਿਆ ਦਿੰਦੇ ਹਨ। ਕਿਹਾ ਜਾਂਦਾ ਹੈ ਕਿ ਉਧਰਮ ਜੋੜਦਾ ਹੈ ਤੋੜਦਾ ਨਹੀ"। ਜ਼ਰੂਰਤ ਇਸ ਗੱਲ ਦੀ ਹੈ ਕਿ ਅਸੀਂ ਧਰਮ ਦੀ ਰੂਹ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਅਤੇ ਧਰਮ ਦੇ ਠੇਕੇਦਾਰਾਂ ਵੱਲੋਂ ਅਤੇ ਭਾਰਤੀ ਮੀਡੀਆ ਵੱਲੋਂ ਆਪਣੇ ਨਿੱਜੀ, ਰਾਜਨੀਤਿਕ ਅਤੇ ਆਰਥਿਕ ਹਿੱਤਾਂ ਦੀ ਪੂਰਤੀ ਕਰਨ ਲਈ ਕੀਤੀ ਜਾਂਦੀ ਧਾਰਮਿਕ ਸਿਧਾਂਤਾ ਦੀ ਗਲਤ ਵਿਆਖਿਆ ਅਤੇ ਝੂਠੀਆਂ ਅਫਵਾਹਾਂ ਤੋਂ ਦੂਰ ਰਹੀਏ।

ਸਭ ਤੋਂ ਵੱਡੀ ਗੱਲ ਜੋ ਹਮੇਸ਼ਾਂ ਬੇ-ਚੈਨ ਕਰਦੀ ਹੈ ਕਿ ਧਰਮ ਦੀ ਰੱਖਿਆ ਦੇ ਨਾਮ ਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਮਾਰਨ ਵਾਲੇ ਲੋਕ ਧਰਮ ਦੇ ਕਿਹੜੇ ਸਿਧਾਂਤਾਂ ਦੀ ਪਾਲਣਾ ਕਰ ਰਹੇ ਹਨ? ਕਿਸ ਧਾਰਮਿਕ ਗ੍ਰੰਥ ਦੇ ਕਿਹੜੇ ਸਲੋਕ ਦੀ ਪਾਲਣਾ ਕਰਦੇ ਹੋਏ ਮਜ਼ਲੂਮਾਂ, ਬੇ-ਸਹਾਰਾ ਲੋਕਾਂ ਤੇ ਅੱਤਿਆਚਾਰ ਕਰਦੇ ਹਨ? ਜਿੱਥੇ ਤੱਕ ਧਰਮ ਦੀ ਮੈਨੂੰ ਸਮਝ ਹੈ ਕੋਈ ਵੀ ਧਰਮ ਦੂਸਰੇ ਧਰਮ ਦੇ ਮੰਨਣ ਵਾਲਿਆਂ ਨੂੰ ਤੰਗ ਪ੍ਰੇਸ਼ਾਨ ਕਰਨ ਦੀ ਆਗਿਆ ਨਹੀਂ ਦਿੰਦਾ।

ਸਗੋਂ ਹਰੇਕ ਧਰਮ ਦੀ ਰੂਹ ਮਨੁੱਖਤਾ ਦੀ ਸੇਵਾ ਕਰਨ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਕਰਕੇ ਮੇਰੀ ਭਾਰਤ ਦੇ ਸੂਝਵਾਨ ਮਨੁੱਖਤਾ ਦਾ ਦਰਦ ਮਹਿਸੂਸ ਕਰਨ ਵਾਲੇ ਹਰੇਕ ਧਰਮ ਦੇ ਲੋਕਾਂ ਨੂੰ ਬੇਨਤੀ ਹੈ ਕਿ ਉਹ ਧਾਰਮਿਕ, ਜਾਤੀ ਆਦਿ ਭਾਵਨਾਵਾਂ ਤੋਂ ਉੱਪਰ ਉੱਠ ਕੇ ਲੋਕਾਂ ਨੂੰ ਧਰਮ ਦੇ ਅਸਲ ਸਿਧਾਂਤ (ਜੋ ਕਿ ਸਮੁੱਚੀ ਮਨੁੱਖਤਾ ਨੂੰ ਇਕ ਪਰਿਵਾਰ ਦੇ ਰੂਪ 'ਚ ਦੇਖਦੇ ਹਨ) ਤੋਂ ਜਾਣੂ ਕਰਵਾਉਣ ਲਈ ਅੱਗੇ ਆਉਣ। ਇਸ ਤਰ੍ਹਾਂ ਕਰਕੇ ਹੀ ਭਾਰਤ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਕਰਦੇ ਹੋਏ ਅਸੀਂ ਕਰੋਨਾ ਵਰਗੀ ਖਤਰਨਾਕ ਬੀਮਾਰੀ ਨਾਲ ਲੜ ਕੇ ਜਿੱਤ ਪ੍ਰਾਪਤ ਕਰ ਸਕਾਗੇ ਤੇ ਅੰਤਰ-ਰਾਸ਼ਟਰੀ ਪੱਧਰ ਤੇ ਦੇਸ਼ ਦੀ ਹੋ ਰਹੀ ਬਦਨਾਮੀ ਤੋਂ ਦੇਸ਼ ਨੂੰ ਬਚਾ ਕੇ ਇਸਦੇ ਅਕਸ ਨੂੰ ਸੁਧਾਰ ਸਕਦੇ ਹਾਂ।



# ਡਾ. ਅੰਬੇਡਕਰ ਇਕ ਅਮਨਪਸੰਦ ਕਰਾਂਤੀਕਾਰੀ



ਪ੍ਰਿੱਸਧ ਬੁੱਧੀਜੀਵੀ ਕਾਰਲਾਇਲ ਨੇ ਕਿੰਨਾ ਸੱਚ ਕਿਹਾ ਹੈ, "ਕੋਈ ਵੀ ਜ਼ਮਾਨਾ ਬੇਅਰਥ ਨਸ਼ਟ ਨਹੀਂ ਹੁੰਦਾ, ਜੇਕਰ ਇਕ ਵੀ ਬੁੱਧੀਮਾਨ, ਗੁਣਵਾਨ, ਸਦਾਚਾਰੀ ਅਤੇ ਉਪਕਾਰੀ ਮਹਾਂਪੁਰਖ ਪੈਦਾ ਹੋ ਜਾਵੇ, ਜੋ ਆਪਣੀ ਸਿਆਣਪ ਨਾਲ ਆਪਣੇ ਸਮੇਂ ਦੀ ਨਬਜ਼ ਨੂੰ ਪਛਾਣ ਸਕਦਾ ਹੋਵੇ ਅਤੇ ਠੀਕ ਰਸਤੇ ਉੱਤੇ ਲੈ ਜਾਣ ਦਾ ਸਾਹਸ ਅਤੇ ਹੌਸਲਾ ਰੱਖਦਾ ਹੋਵੇ ਤਾਂ ਕਿਸੇ ਵੀ ਜ਼ਮਾਨੇ ਦਾ ਉੱਧਾਰ ਹੋ ਸਕਦਾ ਹੈ"ਲ ਇਹੋ ਜਿਹਾ ਹੀ ਮਹਾਂਪੁਰਖ, ਭਾਰਤ ਭੂਮੀ ਉਪਰ 1891 ਈਸਵੀ ਵਿਚ ਮਹਾਂਰਾਸ਼ਟਰ ਦੀ ਮਹੂੰ ਛਾਉਣੀ ਵਿੱਚ ਪੈਦਾ ਹੋਇਆ, ਜਿਸਨੂੰ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈਲ ਕਹਾਵਤ ਹੈ: ਹੋਣਹਾਰ ਬਿਰਵਾਨ ਕੇ ਹੋਤ ਚਿਕਨੇ ਪਾਤ ਜਾਂ ਕਹਿੰਦੇ ਹਨ-ਗੁੰਦੜੀ ਦੇ ਲਾਲ ਕਦੇ ਛੁਪਿਆ ਨਹੀਂ ਕਰਦੇਲ ਭੀਮ ਰਾਓ ਦੇ ਬਚਪਨ ਵਿਚ ਹੀ ਅਨੋਖੇ ਲੱਛਣ ਦਿਸਣ ਲੱਗ ਪਏ ਸਨ, ਜਿੱਦਾ ਬਚਪਨ ਤੋਂ ਹੀ ਜਿੱਦੀ ਤੇ ਗੁੱਸੇਖੋਰ ਹੋਣ ਦੇ ਨਾਲ ਨਾਲ ਲੜਾਈ ਝਗੜਾ, ਮਾਰਕੁਟਾਈ ਅਤੇ ਅਨਿਆਂ ਦੇ ਖਿਲਾਫ਼ ਡੱਟ ਕੇ ਖੜ ਜਾਣਾ, ਸਿਰੜੀ ਤੇ ਦਲੇਰ ਸੁਭਾਅ, ਸਮਾਜ ਦੇ ਗਰੀਬ ਅਤੇ ਅਛੂਤ ਵਰਗ ਵਿਚ ਪੈਦਾ ਹੋਣ ਕਰਕੇ, ਬਚਪਨ ਵਿਚ ਹੀ ਉਨਾਂ ਨੂੰ ਥੁੜਾਂ, ਤੰਗੀਆਂ, ਗਰੀਬੀ ਅਤੇ ਅਨੇਕਾਂ ਪ੍ਰਕਾਰ ਦੇ ਵਿੱਤਕਰਿਆਂ ਦਾ ਸਾਹਮਣਾ ਕਰਨਾ ਪਿਆਲ ਉਨਾਂ ਕਿਹਾ ਸੀ, "ਉਹ ਗਰੀਬਾਂ ਦੇ ਜੀਵਨ ਨੂੰ ਬਹੁਤ ਨੇੜਿਓ ਜਾਣਦੇ ਹਨ ਕਿਉਕਿ ਉਹ ਗਰੀਬ ਪਰਵਾਰ ਵਿਚ ਪੈਂਦਾ ਹੋਏ, ਨੰਗੇ ਫ਼ਰਸ ਉਪਰ ਸੁੱਤੇ, ਕਈ ਵਾਰ ਫ਼ਟੇ ਕਪੜੇ ਪਹਿਨੇਲ ਉਨਾਂ ਨੂੰ ਅਕਸਰ ਬਚਪਨ ਵਿਚ ਮਜਦੂਰਾਂ ਦੀ ਰੋਟੀ ਦੇ ਡੱਬੇ ਲੈ ਕੇ ਫ਼ੈਕਟਰੀਆਂ ਵਿਚ ਜਾਣਾ ਪੈਦਾ ਸੀਲ ਇਹੋ ਜਿਹੀਆਂ ਬਚਪਨ ਦੀਆਂ ਕੌੜੀਆਂ ਯਾਦਾਂ ਨੂੰ ਉਹ ਜੀਵਨ ਭਰ ਨਹੀਂ ਭੁਲਾ ਸਕੇ, ਕਿ ਕਿਵੇਂ ਉਨਾਂ ਨੂੰ ਕਲਾਸ ਵਿਚ ਅਲੱਗ ਬੈਠਾਇਆ ਜਾਂਦਾ ਸੀ, ਸਾਂਝੇ ਘੜੇ ਵਿੱਚੋ ਪਾਣੀ ਨਾ ਪੀ ਸਕਣ ਕਰਕੇ ਘੰਟਿਆ ਬੱਧੀ ਪਿਆਸੇ ਰਹਿਣਾ ਪਿਆਲ ਬੱਚੇ ਉਸ ਨਾਲ ਖੇਡਣਾ ਪਸੰਦ ਨਹੀਂ ਕਰਦੇ ਸਨਲ ਨਾਈ ਵਾਲ ਨਹੀਂ ਕੱਟਦਾ ਸੀ, ਟਾਂਗੇਵਾਲਾ ਬੈਠਾਉਦਾ ਨਹੀਂ ਸੀਲ ਇਥੋਂ ਤੱਕ ਕਿ ਵਕਾਲਤ ਜਾਂ ਪਰੋਫ਼ੈਸਰੀ ਵੇਲੇ ਸਾਥੀ ਖਾਰ ਖਾਂਦੇ ਸਨਲ ਜਿੰਦਗੀ ਦੇ ਹਰ ਮੋੜ ਉਪਰ ਅੰਬੇਡਕਰ ਨੂੰ ਉਸਦੇ ਨੀਂਵੇਪਣ ਦਾ ਅਹਿਸਾਸ ਕਰਵਾਇਆ ਗਿਆਲ ਅਛੂਤ ਹੋਣ ਕਰਕੇ ਕੋਈ ਉਨਾਂ ਨੂੰ ਕਿਰਾਏ ਉਪਰ ਕਮਰਾ ਦੇਣ ਨੂੰ ਤਿਆਰ ਨਹੀਂ ਸੀਲ ਬੜੌਦਾ ਰਿਆਸਤ ਵਿਚ ਲੈਫ਼ਟੀਨੈਟ ਹੋਣ ਦੇ ਬਾਵਜੂਦ, ਚਪੜਾਸੀ ਦੂਰੋਂ ਹੀ ਫ਼ਾਇਲਾਂ, ਉਨਾਂ ਦੀ ਮੇਜ਼ ਉਪਰ ਸੁੱਟ ਦਿੰਦਾ ਅਤੇ ਉਨਾਂ ਦੇ ਆਉਣ ਤੋਂ ਪਹਿਲਾਂ ਹੀ ਦਫ਼ਤਰ ਦੇ ਕਾਲੀਨ ਇੱਕਠੇ ਕਰ ਲਏ ਜਾਂਦੇ ਸਨ।



ਹਰਮੇਸ਼ ਜੱਸਲ
+91-94644 83080

ਡਾ. ਅੰਬੇਡਕਰ, ਇਸ ਜਿੱਲਣ ਭਰੀ ਜਿੰਦਗੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨਲ ਬੱਸ ਫਿਰ ਕੀ ਸੀ! ਕਹਿੰਦੇ ਹਨ, ਜਿੱਥੇ ਚਾਹ ਉਥੇ ਰਾਹਲ ਸ਼ੈਕਸਪੀਅਰ ਨੇ ਕਿਹਾ ਹੈ: "ਮਨੁੱਖਾਂ ਦੇ ਜੀਵਨ ਵਿਚ ਇਕ ਅਜਿਹੀ ਤਰੰਗ ਵੀ ਆਉਦੀ ਹੈ, ਜੋ ਤੂਫ਼ਾਨ ਵਿੱਚੋ ਉਭਾਰ ਕੇ ਸਫ਼ਲਤਾ ਤੱਕ ਲੈ ਜਾਂਦੀ ਹੈ"ਲ ਡਾ. ਅੰਬੇਡਕਰ ਨੂੰ ਆਪਣਾ ਉਦੇਸ਼ ਪੂਰਾ ਕਰਨ ਲਈ ਘਰ ਦੇ ਗਹਿਣੇ ਵੇਚਣੇ ਪਏ, ਕੁਲੀਗਿਰੀ ਕਰਨੀ ਪਈ, ਇਕ ਇਕ ਪੈਸਾ ਜੋੜਿਆ, ਦੋਸਤਾਂ ਕੋਲੋ ਮੱਦਦ ਮੰਗੀ, ਮਹਾਂਰਾਜਾ ਬੜੌਦਾ ਕੋਲੋ ਵਜ਼ੀਫ਼ਾ ਲਿਆ ਅਤੇ ਦੇਸ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚੋ ਗਿਆਨ ਦਾ ਅਥਾਹ ਭੰਡਾਰ ਇਕੱਠਾ ਕੀਤਾਲ ਉਨਾਂ ਨੇ ਐਮ.ਏ, ਪੀ.ਐਚ.ਡੀ, ਡੀ.ਐਸ. ਸੀ, ਐਲ.ਐਲ.ਡੀ, ਬਾਰ ਐਟ ਲਾਅ ਅਤੇ ਡੀ. ਲਿੱਟ ਵਰਗੀਆਂ ਸਨਮਾਨਯੋਗ ਡਿਗਰੀਆਂ ਹਾਸਲ ਕੀਤੀਆਂਲ ਉਹ ਫ਼ਖਰ ਨਾਲ ਕਿਹਾ ਕਰਦੇ ਸਨ ਕਿ "ਮੇਰੇ ਕੋਲ ਡਿਗਰੀਆਂ ਦੇ ਟਰੰਕ ਭਰੇ ਪਏ ਹਨਲ ਇਨਾਂ ਦਾ ਕੁੱਝ ਵੱਟ ਸਕਦੇ ਹੋ ਤਾਂ ਵਟ ਲਵੋ"ਲ ਰੋਜੀ ਰੋਟੀ ਲਈ ਉਨਾਂ ਵਕਾਲਤ ਕੀਤੀ, ਪਰੋਫ਼ੈਸਰੀ ਕੀਤੀ, ਫੌਜ਼ ਵਿਚ ਲੈਫ਼ਟੀਨੈਟ ਰਹੇ, ਪ੍ਰਿੰਸੀਪਲ ਬਣੇ ਪਰ ਉਨਾਂ ਦੇ ਮਨ ਉਪਰ ਦਲਿਤਾਂ ਅਤੇ ਗਰੀਬਾਂ ਦੀ ਦੁਰਦਸ਼ਾ ਸੁਧਾਰਨ ਦਾ ਬੋਝ ਹਮੇਸ਼ਾ ਭਾਰੂ ਰਿਹਾਲ ਉਨਾਂ ਦੇ ਮਨ ਵਿਚ ਦਲਿਤਾਂ ਅਤੇ ਗਰੀਬਾਂ ਲਈ ਕਿੰਨਾ ਦਰਦ ਸੀ, ਉਦੋਂ ਸਾਹਮਣੇ ਆਇਆ, ਜਦੋਂ ਉਨਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ: "ਤੁਹਾਡੇ ਚੇਹਰਿਆਂ ਦੀ ਤਰਸਯੋਗ ਹਾਲਤ ਦੇਖ ਕੇ ਅਤੇ ਤੁਹਾਡੀਆਂ ਉਦਾਸੀਆਂ ਆਵਾਜ਼ਾਂ ਸੁਣ ਕੇ ਮੇਰਾ ਸੀਨਾ ਫਟ ਜਾਂਦਾ ਹੈਲ ਕਿੰਨੇ ਚਿਰ ਤੋਂ ਤੁਸੀਂ ਜ਼ੁਲਮਾਂ ਦੀ ਚੱਕੀ ਵਿਚ ਪਿਸੇ ਜਾ ਰਹੇ ਹੋਲ ਫੇਰ ਵੀ ਤੁਹਾਨੂੰ ਬੇਹਿੰਮਤੀ ਅਤੇ ਬੇਭਰੋਸਗੀ ਛੱਡਣ ਦਾ ਖਿਆਲ ਨਹੀਂ ਆਉਦਾਲ ਤੁਸੀਂ ਜੰਮਦੇ ਹੀ ਕਿਉ ਨਹੀਂ ਮਰ ਜਾਂਦੇ? ਤੁਸੀਂ ਦੁੱਖਾਂ, ਗਰੀਬੀ ਅਤੇ ਗੁਲਾਮੀ ਨੂੰ ਕਿਉ ਪਿਆਰਦੇ ਹੋ? ਤੁਸੀਂ ਆਪਣੀ ਤਰਸਯੋਗ, ਘ੍ਰਿਣਿਤ ਅਤੇ ਤ੍ਰਿਸ਼ਕਾਰਪੂਰਣ ਜੀਵਨ ਨਾਲ ਸੰਸਾਰ ਦਾ ਭਾਰ ਕਿਉਂ ਵਧਾਉਦੇ ਹੋ? ਜੇਕਰ ਤੁਸੀਂ ਨਵਾਂ ਜੀਵਨ ਨਹੀਂ ਢਾਲ ਸਕਦੇ ਅਤੇ ਆਪਣੀ ਹਾਲਤ ਨਹੀਂ ਬਦਲ ਸਕਦੇ ਤਾਂ ਇਸ ਨਾਲੋਂ ਮਰਨਾ ਕਿਧਰੇ ਚੰਗਾ ਹੈ"ਲ ਉਨਾਂ ਨੇ ਦਲਿਤਾਂ ਅਤੇ ਗਰੀਬਾਂ ਵਿਚ ਜਾਗਰਤੀ ਪੈਦਾ ਕਰਨ ਲਈ ਥਾਂ ਥਾਂ ਭਾਸ਼ਣ ਕੀਤੇ, ਬਹਿਸ਼ਕ੍ਰਿਤ ਭਾਰਤ, ਮੂਕਨਾਇਕ, ਜਨਤਾ, ਪ੍ਰਬੁੱਧ ਭਾਰਤ ਵਰਗੇ ਅਖਬਾਰ ਕੱਢੇਲ ਕਿਤਾਬਾਂ ਲਿਖਿਆਂਲ ਕਾਲਾ ਰਾਮ ਮੰਦਿਰ ਅਤੇ ਚੋਦਾਰ ਤਲਾਬ ਉਪਰ ਮਨੁੱਖੀ ਹੱਕਾਂ ਨੂੰ ਜਤਾਉਣ ਲਈ ਮੋਰਚੇ ਲਾਏਲ ਸੈਡਿਊਡ ਕਾਸਟ ਫ਼ੈਡਰੇਸ਼ਨ, ਲੇਬਰ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੇ ਮੰਚ ਤੋਂ ਚੋਣਾਂ ਲੜੀਆਂ ਤੇ ਜਿੱਤੀਆਂਲ ਉਹ ਕਿਹਾ ਕਰਦੇ ਸਨ ਕਿ "ਜੋ ਲਹਿਰ ਅਸੀਂ ਚਲਾਈ ਹੈ, ਇਸ ਨਾਲ ਨਾ ਕੇਵਲ ਦਲਿਤ ਲੋਕਾਂ ਦੀ ਭਲਾਈ ਹੋਵੇਗੀ ਬਲਕਿ ਇਸ ਨਾਲ ਦੇਸ਼ ਵਿਚ ਅਜਿਹਾ ਸਮਾਜ ਕਾਇਮ ਹੋਵੇਗਾ, ਜਿਸ ਵਿਚ ਹਰ ਵਿਆਕਤੀ ਦੇ ਜੀਵਨ ਦੇ ਹਰੇਕ ਪੱਖ ਵਿਚ, ਕੀ ਰਾਜਸੀ, ਕੀ ਸਮਾਜਿਕ, ਕੀ ਆਰਥਿਕ, ਇਕੋ ਜਿਹੀ ਕਦਰੋ ਕੀਮਤ ਹੋਵੇਗੀਲ ਮੇਰੇ ਲਈ ਸੰਘਰਸ਼ ਇਕ ਅਨੰਦਪੂਰਣ ਗੱਲ ਹੈ, ਜੱਦੋ ਜਹਿਦ ਨਾਲ ਮੇਰਾ ਚਿੱਤ ਖਿੜ ਜਾਂਦਾ ਹੈ "ਲ ਚਾਹੇ ਉਨਾਂ ਨੂੰ ਨਾਮਜ਼ਦ ਕੀਤਾ ਗਿਆ ਜਾਂ ਚੁਣਿਆ ਗਿਆ, ਜਦੋਂ ਵੀ ਉਨਾਂ ਦੇ ਹੱਥ ਸੱਤਾ ਆਈ, ਉਨਾਂ ਨੇ ਬਗੈਰ ਕਿਸੇ ਭਿੰਨ ਭੇਦ, ਨਫ਼ਰਤ ਅਤੇ ਸੌੜੇਪਨ ਤੋਂ ਉਪਰ ਉਠ ਕੇ, ਦਲਿਤਾਂ ਗਰੀਬਾਂ, ਮਜ਼ਦੂਰਾਂ, ਦੇਸ਼ ਦੀਆ ਘੱਟਗਿਣਤੀਆਂ, ਪਛੜੀਆਂ, ਅਤੀ ਪਛੜੀਆਂ ਅਤੇ ਹਿੰਦੂ ਸਮਾਜ ਸਮੇਤ ਸਭਨਾਂ ਧਰਮਾਂ ਦੇ ਪੈਰੋਕਾਰਾਂ ਲਈ ਹਰ ਸੰਭਵ ਯਤਨ ਕੀਤੇ, ਯੋਜਨਾਵਾਂ ਨਾ ਸਿਰਫ਼ ਬਣਾਈਆਂ ਬਲਕਿ ਲਾਗੂ ਵੀ ਕੀਤੀਆਂਲ ਉਸ ਵੇਲੇ ਦੇ ਚੋਟੀ ਦੇ ਲੀਡਰਾਂ ਸ੍ਰੀ ਗਾਂਧੀ ਅਤੇ ਜਿਨਾਹ ਨਾਲੋ ਵੀ ਵੱਧ ਦਲੇਰੀ ਨਾਲ, ਦਲਿਤਾਂ ਅਤੇ ਦੇਸ਼ ਦੀ ਆਜ਼ਾਦੀ ਲਈ ਬ੍ਰਿਟਿਸ਼ ਸਾਮਰਾਜ ਦੀਆਂ ਨਾਕਾਮੀਆਂ ਨੂੰ ਨੰਗਾ ਕੀਤਾਲ ਉਨਾਂ ਨੇ ਕਿਹਾ, "ਸਾਨੂੰ ਅਜਿਹੀ ਸਰਕਾਰ ਚਾਹੀਦੀ ਹੈ, ਜਿਸ ਵਿਚ ਸੱਤਾ ਉਪਰ ਬਿਰਾਜਮਾਨ ਵਿਅਕਤੀ ਦੇਸ਼ ਦੇ ਹਿੱਤ ਵਿਚ ਪੂਰੀ ਇਮਾਨਦਾਰੀ ਨਾਲ ਕੰਮ ਕਰੇਲ ਇਹ ਕੰਮ ਉਹੀ ਸਰਕਾਰ ਕਰ ਸਕਦੀ ਹੈ ਜਿਹੜੀ ਜਨਤਾ ਦੀ ਸਰਕਾਰ ਹੋਵੇ, ਜਨਤਾ ਲਈ ਹੋਵੇ ਅਤੇ ਜਨਤਾ ਦੁਆਰਾ ਚੁਣੀ ਗਈ ਹੋਵੇਲ ਉਹ ਦਿਨ ਬੀਤ ਗਏ, ਜਦੋਂ ਤੁਸੀਂ ਜਿਹੋ ਜਿਹਾ ਵੀ ਫ਼ੈਸਲਾ ਲੈਂਦੇ ਸੀ, ਭਾਰਤ ਉਸਨੂੰ ਮੰਨ ਲੈਦਾ ਸੀਲ ਹੁਣ ਉਹ ਸਮਾਂ ਕਦੇ ਵਾਪਸ ਨਹੀਂ ਆਵੇਗਾ। ਜਦੋਂ ਉਨਾਂ ਨੂੰ ਆਜ਼ਾਦ ਭਾਰਤ ਦਾ ਸੰਵਿਧਾਨ ਬਣਾਉਣ ਦਾ ਮੌਕਾ ਮਿਲਿਆ ਤਾਂ ਉਨਾਂ ਨੇ ਸਿਰਫ਼ 114 ਦਿਨਾਂ ਵਿਚ ਦੁਨੀਆਂ ਦਾ ਸੱਭ ਤੋਂ ਵੱਧ ਲਚਕਦਾਰ, ਸਾਂਤੀ ਅਤੇ ਯੁੱਧ ਦੋਹਾਂ ਸਮਿਆਂ ਵਿਚ ਦੇਸ਼ ਨੂੰ ਇਕਮੁੱਠ ਰੱਖਣ ਦੇ ਯੋਗ, ਪਾਸ ਕਰਵਾ ਦਿੱਤਾ ਜਿਸ ਦੀਆਂ 395 ਧਾਰਾਵਾਂ ਅਤੇ 8 ਸੂਚੀਆਂ ਸਨਲ 296 ਮੈਂਬਰੀ ਸੰਵਿਧਾਨ ਸਭਾ ਵਿਚ ਕੁੱਲ 2473 ਸੰਸੋਧਨ ਪੇਸ਼ ਹੋਏ. ਇਹ ਡਾ. ਅੰਬੇਡਕਰ ਦੀ ਵਿੱਦਵਤਾ ਦਾ ਹੀ ਕਮਾਲ ਸੀ ਕਿ ਵਿਰੋਧੀਆਂ ਦੇ ਹਰ ਸਵਾਲ ਦਾ ਜੁਆਬ ਦਿੱਤਾ ਗਿਆ ਅਤੇ ਹਿੰਮਾਇਤੀਆਂ ਦੀਆਂ ਸ਼ੰਕਾਵਾਂ ਦੂਰ ਕੀਤੀਆਂ ਗਈਆਂਲ ਦੇਸ਼ ਦੇ ਸੰਵਿਧਾਨ ਵਿਚ ਬਗੈਰ ਕਿਸੇ ਲਿੰਗ ਭੇਦ, ਰੰਗ, ਨਸਲ, ਜਾਤ, ਧਰਮ, ਇਲਾਕੇ ਅਤੇ ਭਾਸ਼ਾ ਨਾਲ ਵਿੱਤਕਰਾ ਕੀਤੇ ਬਿਨਾਂ ਸੱਭ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏਲ ਇਹੋ ਜਿਹਾ ਪ੍ਰਬੰਧ ਵੀ ਕੀਤਾ ਕਿ ਸੰਵਿਧਾਨ ਦੇ ਬੁਨਿਆਦੀ ਮੌਲਿਕ ਅਧਿਕਾਰਾਂ ਅਤੇ ਨਿਰਦੇਸ਼ਕ ਸਿਧਾਂਤਾਂ ਨੂੰ ਨਾ ਬਦਲਿਆ ਜਾ ਸਕੇਲ ਸੰਵਿਧਾਨ ਦੀ ਸਰਵਉੱਚਤਾ ਅਤੇ ਸਮਾਜਵਾਦੀ ਰੂਪ ਰੇਖਾ ਨੂੰ ਕਾਇਮ ਰੱਖਦੇ ਹੋਏ, ਸੰਵਿਧਾਨ ਦੀ ਧਾਰਾ 38 ਤੋਂ ਲੈ ਕੇ 46 ਤੱਕ ਅਜਿਹੇ ਨਿਰਦੇਸ਼ ਦਿੱਤੇ ਗਏ ਹਨ ਕਿ ਸਰਕਾਰ ਦਾ ਮੁੱਖ ਉਦੇਸ਼ ਆਖਰੀ ਨਾਗਰਿਕ ਤੱਕ ਦੀ ਭਲਾਈ ਹੋਵੇਲ ਸੰਵਿਧਾਨ ਸਭਾ ਵਿਚ 25 ਨਵੰਬਰ 1949 ਦੇ ਇਤਿਹਾਸਕ ਭਾਸ਼ਣ ਵਿਚ ਉਨਾਂ ਨੇ ਸੰਸਦੀ ਪ੍ਰਣਾਲੀ, ਲੋਕਤੰਤਰ ਅਤੇ ਸੰਵਿਧਾਨਕ ਢਾਂਚੇ ਨੂੰ ਬਣਾਈ ਰੱਖਣ ਲਈ ਆਉਣ ਵਾਲੀਆਂ ਸਮੱਸਿਆਵਾਂ ਅਤੇ ਕਠਿਨਾਈਆਂ ਦਾ ਜ਼ਿਕਰ ਕਰਦੇ ਹੋਏ, ਕੁੱਝ ਚੇਤਾਵਨੀਆਂ ਵੀ ਦਿੱਤੀਆਂ ਸਨਲ ਉਨਾਂ ਨੇ ਸਰਕਾਰ ਨੂੰ ਕਿਹਾ ਸੀ, "26 ਜਨਵਰੀ 1950 ਨੂੰ ਅਸੀਂ ਰਾਜਸੀ ਤੌਰ ਉੱਤੇ ਬਰਾਬਰ ਅਤੇ ਆਰਥਿਕ ਤੌਰ ਉੱਤੇ ਨਾਬਰਾਬਰ ਹੋਵਾਂਗੇ. ਜਿੰਨੀ ਛੇਤੀ ਹੋ ਸਕੇ, ਸਾਨੂੰ ਇਹ ਭਿੰਨ ਭੇਦ ਅਤੇ ਵਿੱਤਕਰਾ ਦੂਰ ਕਰਨਾ ਚਾਹੀਦਾ ਹੈਲ ਜੇ ਅਜਿਹਾ ਨਾ ਕੀਤਾ ਗਿਆ ਤਾਂ ਉਹ ਲੋਕ ਜੋ ਇਸ ਵਿੱਤਕਰੇ ਦਾ ਸ਼ਿਕਾਰ ਹਨ, ਰਾਜਸੀ ਲੋਕਤੰਤਰ ਦੇ ਢਾਂਚੇ ਨੂੰ ਖੇਰੂ ਖੇਰੂ ਕਰਦ ਦੇਣਗੇ ਜੋ ਇਸ ਸੰਵਿਧਾਨ ਸਭਾ ਨੇ ਇੰਨੀ ਮੇਹਨਤ ਨਾਲ ਬਣਾਇਆ ਹੈ"ਲ ਉਨਾਂ ਨੇ ਵਿੱਤਕਰੇ ਦੇ ਸ਼ਿਕਾਰ ਲੋਕਾਂ ਨੂੰ ਵੀ ਹਦਾਇਤ ਦਿੰਦੇ ਹੋਏ, ਕਿਹਾ ਹੈ, "ਜਦੋਂ ਸਮਾਜਿਕ ਅਤੇ ਆਰਥਿਕ ਉਦੇਸ਼ਾ ਦੀ ਪੂਰਤੀ ਲਈ ਸੰਵਿਧਾਨਕ ਰਸਤੇ ਨਹੀਂ ਸਨ, ਤਦ ਇਨਾਂ ਉਦੇਸ਼ਾਂ ਦੀ ਪੂਰਤੀ ਲਈ, ਅਸੰਵਿਧਾਨਕ ਤਰੀਕੇ ਅਪਨਾਉਣੇ, ਕੁੱਝ ਠੀਕ ਹੀ ਸਨ ਪਰ ਜਿੱਥੇ ਸੰਵਿਧਾਨਕ ਰਸਤੇ ਖੁੱਲੇ ਹੋਣ, ਉੱਥੇ ਅਸੰਵਿਧਾਨਕ ਤਰੀਕੇ ਅਪਨਾਉਣਾ ਜਰਾ ਵੀ ਠੀਕ ਨਹੀਂ"।

ਡਾ. ਅੰਬੇਡਕਰ ਹੌਲੀ ਹੌਲੀ ਸੁਧਾਰ ਨਹੀਂ, ਕਰਾਂਤੀਕਾਰੀ ਤਬਦੀਲੀਆਂ ਦੇ ਹਾਮੀ ਸਨਲ ਉਹ ਚਾਹੁੰਦੇ ਸਨ ਕਿ ਦੇਸ਼ ਦਾ ਨਵ ਨਿਰਮਾਣ ਕੀਤਾ ਜਾਵੇ. ਉਹ ਲੋਕਾਂ ਦੀ ਆਜ਼ਾਦੀ ਅਤੇ ਬਰਾਬਰੀ ਦੇ ਕੱਟੜ ਹਮਾਇਤੀ ਸਨਲ ਇਸ ਲਈ ਉਹ ਲੋਕਤੰਤਰ ਨੂੰ ਤਰਜ਼ੀਹ ਦਿੰਦੇ ਸਨਲ ਉਨਾਂ ਕਿਹਾ ਸੀ ਕਿ "ਮੇਰੀ ਰਾਏ ਵਿਚ ਲੋਕਤੰਤਰ, ਸਰਕਾਰ ਦਾ ਅਜਿਹਾ ਸਰੂਪ ਅਤੇ ਤਰੀਕਾ ਹੈ ਜਿਸ ਰਾਹੀਂ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਜੀਵਨ ਵਿਚ, ਬਿਨਾਂ ਕਿਸੇ ਖੂਨ ਖਰਾਬੇ ਦੇ ਕਰਾਂਤੀਕਾਰੀ ਪਰੀਵਰਤਨ ਲਿਆਂਦਾ ਜਾ ਸਕਦਾ ਹੈ"ਲ ਉਨਾਂ ਨੇ ਜੀਵਨ ਭਰ, ਨਿੱਜੀ ਹਿੱਤਾਂ ਦੀ ਬਜਾਏ, ਦੇਸ਼ ਅਤੇ ਕੌਮ ਦੇ ਹਿੱਤਾਂ ਨੂੰ ਪਰਮੁੱਖਤਾ ਦਿੱਤੀਲ ਉਨਾਂ ਨੇ ਆਪਣੇ ਦ੍ਰਿਸ਼ਟੀਕੋਣ ਬਾਰੇ ਸਪਸ਼ਟ ਅਤੇ ਬੇਖੌਫ਼ ਕਿਹਾ ਸੀ ਕਿ, "ਇਹ ਦ੍ਰਿਸ਼ਟੀਕੋਣ ਉਸ ਆਦਮੀ ਦੇ ਹਨ, ਜੋ ਕਦੀ ਕਿਸੇ ਸ਼ਕਤੀ ਦਾ ਹੱਥ ਠੋਕਾ ਨਹੀਂ ਰਿਹਾ ਅਤੇ ਕਿਸੇ ਮਹਾਨਤਾ ਦਾ ਖੁਸ਼ਾਮਦੀ ਨਹੀਂ ਰਿਹਾਲ ਇਹ ਦ੍ਰਿਸ਼ਟੀਕੋਣ ਇਕ ਅਜਿਹੇ ਆਦਮੀ ਦੇ ਹਨ, ਜਿਸਦੀ ਲਗਭਗ ਸਾਰੀ ਜਨਤਕ ਕੋਸ਼ਿਸ ਗਰੀਬਾਂ ਅਤੇ ਮਜ਼ਲੂਮਾਂ ਦੀ ਆਜ਼ਾਦੀ ਲਈ ਇਕ ਲਗਾਤਾਰ ਸੰਘਰਸ਼ ਰਹੀ ਹੈਲ ਮੇਰਾ ਸਾਰਾ ਜਨਤਕ ਜੀਵਨ, ਇਸ ਸ਼ੋਹਰਤ ਉੱਤੇ ਉਸਰਿਆ ਹੋਇਆ ਹੈ ਕਿ ਮੈਂ ਇਕ ਸਦਾਚਾਰੀ ਅਤੇ ਉੱਚ ਇਖਲਾਕ ਵਾਲਾ ਪੁਰਸ਼ ਹਾਂਲ ਜੇਕਰ ਮੇਰੇ ਵੈਰੀ ਮੈਥੋਂ ਡਰਦੇ ਹਨ ਤਾਂ ਇਸ ਉੱਚੇ ਚਾਲ ਚੱਲਣ ਕਰਕੇ ਹੀ ਉਹ ਭੈਅ ਖਾਂਦੇ ਹਨਲ ਮੈਂ ਇਕ ਚਟਾਨ ਦੀ ਤਰਾਂ ਹਾਂ... ਮੈਂ ਬੇਇਨਸਾਫ਼ੀ, ਜ਼ੁਲਮ ਜਬਰ, ਝੂਠੀ ਸ਼ਾਨੋ ਸ਼ੌਕਤ ਅਤੇ ਛਲ ਕਪਟ ਨੂੰ ਨਫ਼ਰਤ ਕਰਦਾ ਹਾਂ ਅਤੇ ਮੇਰੀ ਨਫ਼ਰਤ ਦੀ ਲਪੇਟ ਵਿਚ ਉਹ ਸਾਰੈ ਲੋਕ ਆ ਜਾਂਦੇ ਹਨ, ਜੋ ਇਨਾਂ ਭੈੜਾਂ ਵਿਚ ਰੁੱਝੇ ਹੋਏ ਹਨ"।

ਬਾਬਾ ਸਾਹਿਬ ਅੰਬੇਡਕਰ, ਬਾਹਰੋ ਜਿੰਨੇ ਕਠੋਰ ਦਿਖਦੇ ਸਨ, ਅੰਦਰੋ ਉੱਨੇ ਹੀ ਨਰਮ ਸਨਲ ਉਹ ਕਿਹਾ ਕਰਦੇ ਸਨ ਕਿ," ਮੈਂ ਇਕ ਕਰੜਾ ਪੁਰਸ਼ ਹਾਂ. ਆਮ ਤੌਰ ਤੇ ਪਾਣੀ ਦੀ ਤਰਾਂ ਸ਼ਾਂਤ ਅਤੇ ਘਾਹ ਦੀ ਤਰਾਂ ਨਰਮ ਹਾਂ. ਜਦ ਮੈਂ ਗੁੱਸੇ ਵਿਚ ਹੋਵਾਂ, ਉਦੋਂ ਮੈਂਨੂੰ ਸੰਭਾਲਣਾ ਔਖਾ ਹੋ ਜਾਂਦਾ ਹੈਲ ਮੈਂ ਚੁੱਪ ਰਹਿਣ ਵਾਲਾ ਪੁਰਸ਼ ਹਾਂਲ ਮੈਂ ਮੰਨਮਤੀਆ ਜਿਹਾ ਪੁਰਸ਼ ਹਾਂਲ ਕਦੀ ਮੈਂ ਇਕ ਸ਼ਬਦ ਵੀ ਨਹੀਂ ਬੋਲਦਾਲ ਕਦੀ ਕਦਾਈ ਮੈਂ ਬਹੁਤ ਗੰਭੀਰ ਹੁੰਦਾ ਹਾਂਲ ਕਦੀ ਮੈਂ ਅਨੰਦ ਭਰਪੂਰ ਹੁੰਦਾ ਹਾਂਲ ਮੈਂ ਕੌਈ ਵਿੰਅਗੀ ਪੁਰਸ਼ ਨਹੀਂ ਹਾਂਲ ਜੀਵਨ ਮੌਜਾਂ ਮੈਂਨੂੰ ਨਹੀਂ ਭਾਉਂਦੀਆਂਲ ਮੇਰੇ ਮਿੱਤਰਾਂ ਤੇ ਸਾਥੀਆਂ ਨੂੰ ਪਰਤੀਤ ਹੁੰਦਾ ਹੈ ਕਿ ਮੇਰਾ ਸੁਭਾਅ ਕਾਵਿਮਈ (ਮਅਨਟਚਿ) ਯਾਨੀ ਮਿੱਠਾ ਨਹੀਂ ਹੈਲ ਮੈਂ ਵੀ ਅਜਿਹਾ ਸਮਝਦਾ ਹਾਂ ਕਿ ਮੇਰਾ ਸੁਭਾਅ ਜਾਂ ਮੇਰੀ ਵਿਰਤੀ ਕਾਵਿਮਈ ਨਹੀਂਲ ਪਰ ਕੀ, ਮੇਰੇ ਜੀਵਨ ਦੀ ਹਰੇਕ ਘਟਨਾ ਯਾਨੀ ਮੇਰਾ ਸੰਪੂਰਨ ਜੀਵਨ, ਇਕ ਅਪੂਰਣ ਅਤੇ ਪਰਚੰਡਵਾਰ ਨਹੀਂ ਬਣਿਆ ਰਿਹਾ? ਕੀ ਕਿਸੇ ਨੇ ਇਹ ਕਲਪਨਾ ਵੀ ਕੀਤੀ ਕਿ ਭਾਰਤ ਦੇ ਇਕ ਅਛੂਤ, ਮਹਾਰ ਦਾ ਪੁੱਤਰ, ਗੋਲਮੇਜ਼ ਕਾਨਫ਼ਰੰਸ ਵਿਚ ਮਹੱਤਵਪੂਰਨ ਭਾਗ ਲਵੇਗਾ? ਕਿਸੇ ਵੀ ਕਲਪਨਾ ਸ਼ਕਤੀ ਦੀ ਉਡਾਰੀ, ਕੀ ਇੱਥੋ ਤੱਕ ਅਪੜ ਸਕੀਲ ਉਹ ਮਹਿਸੂਸ ਨਹੀਂ ਕਰ ਸਕਿਆਲ ਅਜਿਹੀ ਘਟਨਾ ਦਾ ਵਾਪਰ ਜਾਣਾ, ਕੀ ਕਾਵਿਮਈ ਅਤੇ ਚਮਤਕਾਰੀ ਨਹੀਂ ?"

ਡਾ. ਅੰਬੇਡਕਰ, ਇਕ ਬਹੁਪੱਖੀ ਨਾਇਕ ਸਨਲ ਉਨਾਂ ਦੀਆਂ ਸੇਵਾਵਾਂ ਦੀ ਦੇਸ਼ ਵਿਦੇਸ਼ ਵਿਚ ਪਰਸੰਸਾ ਕੀਤੀ ਜਾਂਦੀ ਹੈਲ ਗਾਂਧੀ ਜੀ ਨੇ ਡਾ. ਅੰਬੇਡਕਰ ਨੂੰ "ਸੱਚਾ ਦੇਸ਼ ਭਗਤ" ਕਿਹਾਲ ਪੰਡਿਤ ਜਵਾਹਰ ਲਾਲ ਨਹਿਰੂ ਨੇ "ਵਿਦਰੋਹ ਦਾ ਚਿੰਨ" ਅਤੇ ਇੰਦਰਾ ਗਾਂਧੀ ਨੇ, ਉਨਾਂ ਨੂੰ "ਅਧੁਨਿਕ ਮਨੂੰ" ਕਿਹਾਲ ਬਰਵੇ ਨਿਕਲਸ ਨੇ "ਭਾਰਤ ਦੇ ਛੇ ਅਤਿ ਉਤਮ ਦਿਮਾਗਾਂ ਵਿਚੋ ਇਕ" ਕਿਹਾਲ ਡਾ. ਰਾਮ ਮਨੋਹਰ ਲੋਹਿਆ ਨੇ ਇਕ ਮਹਾਨ "ਸਮਾਜਵਾਦੀ ਅਤੇ ਲੋਕਤੰਤਰਿਕ ਵਿਅੱਕਤੀ " ਕਿਹਾਲ ਬਾਬੂ ਜਗਜੀਵਨ ਰਾਮ ਨੇ ਕਿਹਾ ਕਿ ਡਾ. ਅੰਬੇਡਕਰ ਨੇ ਭਾਰਤ ਦੀ ਮਹਾਨ ਸੇਵਾ ਕੀਤੀ ਹੈਲ ਉਨਾਂ ਦਾ ਨਾਂ ਭਾਰਤ ਦੇ ਇਤਿਹਾਸ ਵਿਚ ਸੁਨੈਹਰੀ ਅੱਖਰਾਂ ਨਾਲ ਲਿਖਿਆ ਜਾਵੇਗਾ "ਲ ਕਿਸੇ ਨੇ ਉਨਾਂ ਨੂੰ " ਭਾਰਤ ਦਾ ਲਿੰਕਨ" ਕਿਹਾਲ ਬਰਮਾ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਡਾ. ਅੰਬੇਡਕਰ ਇਕ ਮਹਾਨ ਸ਼ਖਸ਼ੀਅਤ ਸਨਲ ਸ੍ਰੀ ਲੰਕਾ ਦੇ ਲੰਡਨ ਹਾਈ ਕਮਿਸ਼ਨ ਡਾ. ਜੀ ਪੀ ਮਲਾਲਸ਼ੇਕਰਾ ਨੇ ਕਿਹਾ ਕਿ ਵੈਸੇ ਤਾਂ ਭਾਰਤ ਵਿਚ ਕਈ ਮਹਾਂਪੁਰਸ਼ ਪੈਂਦਾ ਹੋਏ ਹਨ. ਭਗਵਾਨ ਬੁੱਧ ਤੋਂ ਬਾਅਦ, ਭਾਰਤ ਦੀ ਧਰਤੀ ਨੇ ਜੇਕਰ ਕੋਈ ਮਹਾਂਮਾਨਵ ਪੈਂਦਾ ਕੀਤਾ ਹੈ ਤਾਂ ਉਹ ਬਾਬਾ ਸਾਹਿਬ ਅੰਬੇਡਕਰ ਹਨਲ ਨੋਬਲ ਪੁਰਸਕਾਰ ਵਿਜੇਤਾ, ਮਹਾਨ ਅਰਥ ਸ਼ਾਸਤਰੀ ਸ੍ਰੀ ਅੰਮ੍ਰਿਤਿਯਾ ਸੇਨ ਨੇ ਕਿਹਾ ਹੈ ਕਿ ਡਾ. ਅੰਬੇਡਕਰ ਅਰਥ ਸ਼ਾਸਤਰ ਵਿਚ ਮੇਰੇ ਗੁਰੂ ਹਨਲ ਬਰਾਕ ਉਬਾਮਾ ਨੇ ਡਾ. ਅੰਬੇਡਕਰ ਨੂੰ "ਸਿੰਬਲ ਆਫ਼ ਨੌਲਜ਼" ਕਿਹਾਲ ਅਜਿਹੇ ਹੋਰ ਅਨੇਕਾਂ ਬੁੱਧੀਜੀਵੀ ਹਨ, ਜਿੰਨਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਪਰਸੰਸਾ ਕੀਤੀ ਹੈ, ਖੂਬ ਪਰਸੰਸਾ ਕੀਤੀ ਹੈਲ ਅੱਜ, ਬਾਬਾ ਸਾਹਿਬ ਦੀ ਪਰਸਿੱਧੀ, ਦਿਨ ਦੂਣੀ ਰਾਤ ਚੌਗਣੀ , ਰਫ਼ਤਾਰ ਨਾਲ ਵੱਧ ਰਹੀ ਹੈਲ ਦਲਿਤਾਂ ਦੇ ਉਹ ਮਸੀਹਾ ਸਨਲ ਔਰਤਾਂ ਦੇ ਹੱਕਾਂ ਲਈ ਲੜਨ ਵਾਲੇ ਯੋਧਾ ਸਨਲ ਭਾਰਤੀ ਲੋਕਾਂ ਦੇ ਬਾਬਾ ਸਾਹਿਬ, ਭਾਰਤ ਰਤਨ ਤੋਂ ਵਿਸ਼ਵ ਰਤਨ ਤੱਕ ਦਾ ਸਫ਼ਰ ਤੈਅ ਕਰ ਚੁੱਕੇ ਹਨਲ ਭਾਰਤ ਦੀ ਆਜ਼ਾਦੀ ਤੋਂ ਬਾਅਦ "ਸੱਭ ਤੋਂ ਵੱਧ ਹਰਮਨ ਪਿਆਰੇ" ਨੇਤਾ ਬਣ ਚੁੱਕੇ ਹਨਲ ਵਿਸ਼ਵ ਪੱਧਰ ਦਾ, ਉਨਾਂ ਨੂੰ "ਅੱਬਲ ਦਰਜੇ" ਦਾ ਸਕਾਲਰ ਐਲਾਨਿਆ ਗਿਆ ਹੈਲ ਯੂ. ਐਨ. ਓ. ਅਤੇ ਦੁਨੀਆ ਭਰ ਦੇ ਹਾਈ ਕਮਿਸ਼ਨਾਂ ਸਮੇਤ ਵਿਸ਼ਵ ਭਰ ਵਿਚ ਉਨਾਂ ਦਾ ਜਨਮ ਦਿਵਸ ਮਨਾਇਆ ਜਾਣ ਲੱਗ ਪਿਆ ਹੈਲ ਦੁਨੀਆ ਭਰ ਵਿਚ ਉਨਾਂ ਦੀਆਂ ਤਸਵੀਰਾਂ ਅਤੇ ਬੁੱਤ ਲਗਾਏ ਜਾ ਰਹੇ ਹਨਲ ਕਨੇਡਾ ਦੇ ਸ਼ਹਿਰ ਬਰਨਵੇ ਵਲੋਂ 14 ਅਪਰੈਲ 2020 ਨੂੰ "ਬਰਾਬਰਤਾ ਦਿਵਸ" ਵਜੋਂ ਮਨਾਇਆ ਜਾ ਰਿਹਾ ਹੈਲ ਇਹ ਵੀ ਮੰਗ ਕੀਤੀ ਜਾ ਰਹੀ ਹੈ ਕਿ ਯੂ. ਐਨ .ਓ. ਵਿਚ ਹਰ ਸਾਲ 14 ਅਪਰੈਲ ਨੂੰ ਉਨਾਂ ਦਾ ਜਨਮ ਦਿਵਸ "ਅੰਤਰ ਰਾਸ਼ਟਰੀ ਬਰਾਬਰਤਾ ਦਿਵਸ" ਵਜੌਂ ਮਨਾਇਆ ਜਾਵੇਲ ਅੱਜ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਉਨਾਂ ਉਪਰ ਖੋਜਾਂ ਹੋ ਰਹੀਆਂ ਹਨਲ ਡਾ. ਅੰਬੇਡਕਰ ਦੁਨੀਆ ਲਈ "ਰੋਲ ਮਾਡਲ" ਬਣਦੇ ਜਾ ਰਹੇ ਹਨ. ਅਜਿਹਾ ਕਿਉਂ ਹੈ? ਮੇਰਾ ਖਿਆਲ ਹੈ ਕਿ ਡਾ. ਅੰਬੇਡਕਰ ਨੇ ਮਾਨਵਤਾਵਾਦੀ ਕਦਰਾਂ ਕੀਮਤਾਂ ਮੁੱਖ ਰੱਖਦੇ ਹੋਏ, ਲੋਕਤੰਤਰਿਕ ਪਰਣਾਲੀ ਰਾਹੀਂ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦਾ "ਸ਼ਾਤਮਈ ਮੱਧਯਮ ਮਾਰਗ "ਜਿਹਾ ਸਰਵ ਕਲਿਆਣਕਾਰੀ ਮਾਡਲ ਪੇਸ਼ ਕੀਤਾ ਹੈ, ਜੋ ਫ਼ਰਾਂਸ, ਰੂਸ ਅਤੇ ਚੀਨ ਵਰਗੇ ਕਈ ਹੋਰ ਮੁਲਕਾਂ ਵਿਚ ਆਏ ਖੂਨੀ ਇਨਕਲਾਬਾਂ ਦਾ ਬਦਲ ਹੋ ਸਕਦਾ ਹੈ। ਡਾ. ਅੰਬੇਡਕਰ ਨੇ ਮਈ 1956 ਨੂੰ ਬੀ.ਬੀ.ਸੀ. ਤੌਂ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ, "ਮਾਰਕਸਵਾਦ ਅਤੇ ਕਮਿਊਨਿਜ਼ਮ ਨੇ ਸਾਰੀ ਦੁਨੀਆ ਦੀਆਂ ਧਾਰਮਿਕ ਪਰਣਾਲੀਆਂ ਨੂੰ ਹਲੂਣ ਦਿੱਤਾ ਹੈਲ ਬੁੱਧ ਧੱਮ ਹੀ ਮਾਰਕਸ ਅਤੇ ਕਮਿਊਨਿਜ਼ਮ ਦਾ ਢੁਕਵਾਂ ਜਵਾਬ ਹੋ ਸਕਦਾ ਹੈਲ ਕਮਿਊਨਿਜ਼ਮ ਖੂਨੀ ਇਨਕਲਾਬ ਲਿਆਉਣਾ ਚਾਹੁੰਦਾ ਹੈ ਜਦਕਿ ਬੋਧੀਆਂ ਦਾ ਕਮਿਊਨਿਜ਼ਮ ਬਿਨਾਂ ਖੂਨ ਬਹਾਏ ਇੰਨਕਲਾਬ ਲਿਆਉਦਾ ਹੈ"ਲ ਇਹੋ ਜਿਹੇ ਵਿਚਾਰ ਹੀ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਾਠਮੰਡੂ ਵਿਖੇ ਦਿੱਤੇ ਗਏ ਆਪਣੇ ਭਾਸ਼ਣ ਵਿਚ ਜਾਹਿਰ ਕੀਤੇ ਸਨ। ਬਾਬਾ ਸਾਹਿਬ ਨੇ ਆਪਣੇ ਦਰਸ਼ਨ ਬਾਰੇ ਕਿਹਾ ਸੀ ਕਿ, "ਮੇਰਾ ਸਮਾਜ ਦਰਸ਼ਨ ਤਿੰਨ ਸ਼ਬਦਾਂ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਉਪਰ ਆਧ-ਾਰਿਤ ਹੈਲ ਕਿਸੇ ਵਿਅੱਕਤੀ ਨੂੰ ਇਸ ਗੱਲ ਦੀ ਸ਼ੰਕਾ ਨਹੀਂ ਰਹਿਣੀ ਚਾਹੀਦੀ ਕਿ ਮੈਂ ਇਹ ਦਰਸ਼ਨ ਫਰਾਂਸ ਦੀ ਕਰਾਂਤੀ ਤੋਂ ਲਿਆ ਹੈਲ ਮੈਂ ਅਜਿਹਾ ਨਹੀਂ ਕੀਤਾ ਮੇਰੇ ਦਰਸ਼ਨ ਦੀ ਜੜ ਧੱਮ ਵਿਚ ਹੈ ਨਾ ਕਿ ਰਾਜਨੀਤੀ ਵਿਗਿਆਨ ਵਿਚਲ ਮੈਂ ਇਹ ਦਰਸ਼ਨ ਆਪਣੇ ਗੁਰੂ ਬੁੱਧ ਦੀਆਂ ਸਿੱਖਿਆਵਾਂ ਤੋਂ ਲਿਆ ਹੈ. ਅੱਜ ਦੁਨੀਆ ਤਰਾਂ ਤਰਾਂ ਦੇ ਪਰਮਾਣੂ ਹਥਿਆਰਾਂ, ਬਾਇਓਲਾਜੀਕਲ ਹਥਿਆਰਾਂ ਦੇ ਜਵਾਲਾਮੁਖੀ ਉਪਰ ਬੈਠੀ ਹੋਈ ਹੈਲ ਸਿਰਫ਼ ਇੱਕੋ ਚਿੰਗਾਰੀ ਜਾਂ ਗਲਤ ਕਦਮ, ਦੁਨੀਆ ਨੂੰ ਤਬਾਹ ਕਰ ਸਕਦਾ ਹੈ. ਇਹੋ ਜਿਹੀ ਸੂਰਤੇ ਹਾਲ ਵਿਚ ਕਿਸੇ ਅਜਿਹੇ ਮਹਾਂਪੁਰਸ਼ ਦੀ ਅਗਵਾਈ ਦੀ ਲੋੜ ਹੁੰਦੀ ਹੈ ਜੋ ਜਮਾਨੇ ਦਾ ਉਧਾਰ ਕਰ ਸਕੇਲ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਇਹੋ ਜਿਹੀ ਅਗਵਾਈ ਦੀ ਯੋਗਤਾ ਰੱਖਦੇ ਸਨ. ਬਾਬਾ ਸਾਹਿਬ ਨੇ ਕਿਹਾ ਸੀ, "ਤੁਹਾਨੂੰ ਮੇਰੇ ਕਸ਼ਟਾਂ, ਦੁੱਖਾਂ ਅਤੇ ਘਾਲਣਾਵਾਂ ਦੀ ਕਲਪਨਾ ਨਹੀਂਲ ਜਦ ਮੈਂ ਲੋਕ ਸੇਵਾ ਦਾ ਕੰਮ ਸ਼ੁਰੂ ਕੀਤਾ ਤਾਂ ਮੇਰੇ ਕੋਲ ਕੁਝ ਨਹੀਂ ਸੀਲ ਕੋਈ ਹੋਰ ਹੁੰਦਾ ਤਾਂ ਕਦੋ ਦਾ ਮਿੱਟ ਗਿਆ ਹੁੰਦਾ"ਲ ਸੱਚ ਹੈ, ਬਾਬਾ ਸਾਹਿਬ ਡਾ. ਅੰਬੇਡਕਰ , ਭਾਰਤੀ ਸਮਾਜ ਦੇ ਸੱਭ ਤੋਂ ਹੇਠਲੇ ਵਰਗ ਵਿਚ ਪੈਦਾ ਹੋ ਕੇ ਵੀ, ਆਪਣੀ ਲਿਆਕਤ ਨਾਲ ਏਨੇ ਉੱਚੇ ਉਠ ਗਏ ਕਿ ਅੱਜ ਨਾ ਸਿਰਫ਼ ਭਾਰਤ ਦਾ ਹਰ ਫ਼ਿਰਕਾ ਉਨਾਂ ਦਾ ਮਾਣ ਸਤਿਕਾਰ ਕਰਦਾ ਹੈ ਬਲਕਿ ਵਿਸ਼ਵ ਭਰ ਦੇ ਦੱਬੇ ਕੁਚਲੇ ਲੋਕ ਉਨਾਂ ਨੂੰ ਆਪਣਾ ਮਾਰਗ ਦਰਸ਼ਕ ਸਮਝਣ ਲੱਗ ਪਏ ਹਨਲ ਜਿੱਥੇ ਉਨਾਂ ਨੇ ਬਿਨਾਂ ਕਿਸੇ ਦਵੇਸ਼ ਭਾਵਨਾ ਦੇ ਭਾਰਤ ਦੇ ਹਰ ਧਰਮ, ਲਿੰਗ ਭੇਦ, ਖੇਤਰ,ਭਾਸ਼ਾ, ਰੰਗ ਦਾ ਖਿਆਲ ਨਾ ਕਰਦੇ ਹੋਏ, ਹਰੇਕ ਦੀ ਭਲਾਈ ਲਈ ਅਣਥੱਕ ਕੋਸ਼ਿਸ ਕੀਤੀ. ਦੇਸ਼ ਦੀ ਏਕਤਾ, ਅਖੰਡਤਾ, ਅਮਨ ਸਾਂਤੀ, ਭਾਈਚਾਰੇ ਦੀ ਬਹਾਲੀ ਨੂੰ ਚਿਰ ਸਥਾਈ ਬਣਾਉਣ ਲਈ ਭਾਰਤੀ ਸੰਵਿਧਾਨ ਦੀ ਰਚਨਾ ਕਰਦੇ ਹੋਏ, ਮਨੁੱਖੀ ਅਧਿਕਾਰਾਂ ਦੇ ਸਿਧਾਂਤ ਆਜਾਦੀ, ਬਰਾਬਰੀ, ਨਿਆਂ, ਲੋਕਤੰਤਰ ਨੂੰ ਪਰਮੁੱਖ ਥਾਂ ਦਿੱਤੀਲ ਭਾਰਤੀ ਸੰਵਿਧਾਨ ਦੇ ਨਿਰਮਾਤਾ ਦੇ ਰੂਪ ਵਿਚ, ਅੱਜ ਵਿਸ਼ਵ, ਉਨਾਂ ਦੀ ਲਿਆਕਤ ਦਾ ਲੋਹਾ ਮੰਨਦਾ ਹੈਲ ਬਹੁਤ ਸਾਰੇ ਦੇਸ਼ਾ ਨੇ ਆਪਣੇ ਸੰਵਿਧਾਨ ਬਣਾਉਣ ਵੇਲੇ ਭਾਰਤੀ ਸੰਵਿਧਾਨ ਦਾ ਅਨੁਸ਼ਰਨ ਕੀਤਾ ਹੈਲ ਇਕ ਹੋਰ ਰੂਪ ਵਿਚ ਉਨਾਂ ਨੂੰ ਵਿਸ਼ਵ ਭਰ ਵਿਚ ਜਾਣਿਆ ਜਾਵੇਗਾ ਉਹ ਹੈ ਬੋਧੀਸੱਤਵਲ ਬਾਬਾ ਸਾਹਿਬ ਨੇ ਭਾਰਤ ਵਿਚੋਂ ਆਲੋਪ ਹੋ ਚੁੱਕੇ ਬੁੱਧ ਧੱਮ ਨੂੰ ਨਾ ਸਿਰਫ ਸੁਰਜੀਤ ਕੀਤਾ ਬਲਕਿ ਉਸ ਨੂੰ ਵਿਗਿਆਨਕ ਰੂਪ ਵੀ ਦਿੱਤਾਲ ਭਾਰਤ ਮੁੜ ਕੇ ਵਿਸ਼ਵ ਗੁਰੂ ਦੇ ਰੂਪ ਵਿਚ ਏਸ਼ੀਆ ਦੇ ਨਾਲ ਨਾਲ, ਸੰਸਾਰ ਦਾ ਮਾਰਗ ਦਰਸ਼ਨ ਕਰੇਗਾਲ ਅੱਜ ਵਿਸ਼ਵ ਪਰਮਾਣੂ ਹਥਿਆਰਾਂ ਦੇ ਜਵਾਲਾਮੁੱਖੀ ਦੇ ਦਹਾਨੇ ਉਪਰ ਬੈਠਾ ਹੈਲ ਉਸ ਨੂੰ ਬੁੱਧ ਧੱਮ ਹੀ ਬਚਾ ਸਕਦਾ ਹੈਲ ਬਾਬਾ ਸਾਹਿਬ ਦੀਆਂ ਸੇਵਾਵਾਂ ਲਈ ਉਨਾਂ ਦੀ ਕੀਰਤੀ ਵਿਸ਼ਵ ਭਰ ਵਿਚ ਫੈਲ ਰਹੀ ਹੈਲ ਅੱਜ ਲੋੜ ਹੈ ਉਨਾਂ ਦੇ ਫ਼ਲਸਫੇ ਨੂੰ ਸਮਝ ਕੇ ਜਨ ਜਨ ਤੱਕ ਪਹੁੰਚਾਉਣ ਦੀਲ ਹਰ ਅੰਬੇਡਕਰੀ, ਬੋਧੀ, ਮਾਨਵਤਾਵਾਦੀ ਦਾ ਮੁੱਢਲਾ ਫਰਜ਼ ਬਣ ਜਾਂਦਾ ਹੈ ਕਿ ਬਾਬਾ ਸਾਹਿਬ ਦੇ ਨਾਂ ਉਪਰ ਅਡੰਬਰ ਨਾ ਕਰਕੇ, ਆਪਣੀ ਹਾਉਮੈ, ਮਾਣ ਅਪਮਾਨ ਦੀ ਪਰਵਾਹ ਨਾ ਕਰਦੇ ਹੋਏ, ਬਹੁਜਨ ਹਿਤਾਏ, ਬਹੁਜਨ ਸੁਖਾਏ ਦੇ ਮਨੋਰਥ ਨਾਲ ਦਿਨ ਰਾਤ ਪਰਚਾਰ ਅਤੇ ਪਰਸਾਰ ਵਿੱਚ ਲੱਗੇ ਰਹਿਣਾ, ਇਹੀ ਬਾਬਾ ਸਾਹਿਬ ਦੀ ਆਖਰੀ ਇੱਛਾ ਸੀਲ ਉਨਾਂ ਨੇ ਆਪਣੇ ਪਿਆਰੇ ਸੇਵਕ ਸ੍ਰੀ ਨਾਨਕ ਚੰਦ ਰੱਤੂ ਨੂੰ ਕਿਹਾ ਸੀ..."ਮੇਰੀ ਜਨਤਾ ਨੂੰ ਇਹ ਦੱਸਣਾ ਕਿ ਜੋ ਕੁੱਝ ਮੈਂ ਉਨਾਂ ਲਈ ਕੀਤਾ ਹੈ, ਇਹ ਮੈਂ ਆਪਣੇ ਜੀਵਨ ਵਿਚ ਤਰਾਂ ਤਰਾਂ ਦੀਆਂ ਔਕੜਾਂ, ਆਫ਼ਤਾਂ ਅਤੇ ਮੁਸੀਬਤਾਂ ਨੂੰ ਝੱਲ ਕੇ ਕੀਤਾ ਹੈ ਅਤੇ ਮੈਨੂੰ ਆਪਣੇ ਵਿਰੋਧੀਆਂ ਨਾਲ ਲੜਾਈਆਂ ਲੜਨੀਆਂ ਪਈਆਂ ਹਨਲ ਬੜੀ ਕਠਨਾਈ ਨਾਲ ਮੈ ਇਹ ਕਾਫ਼ਲਾ, ਜਿੱਥੇ ਅੱਜ ਇਹ ਹੈ, ਲਿਆ ਸਕੀਆਂ ਹਾਂਲ ਚਾਹੇ ਕੁੱਝ ਵੀ ਹੋਵੇ ਔਕੜਾਂ ਦੇ ਬਾਵਜੂਦ ਇਹ ਕਾਫ਼ਲਾ ਅੱਗੇ ਤੋਂ ਅੱਗੇ ਵੱਧਦਾ ਹੀ ਰਹਿਣਾ ਚਾਹੀਦਾ ਹੈਲ ਜੇਕਰ ਮੇਰੇ ਪੈਰੋਕਾਰ ਇਸ ਕਾਫ਼ਲੇ ਨੂੰ ਅੱਗੇ ਨਾ ਲਿਜਾ ਸਕਣ ਤਾਂ ਉਨਾਂ ਨੂੰ ਇਸ ਕਾਫ਼ਲੇ ਨੂੰ ਕਿਸੇ ਹਾਲ ਵਿਚ ਵੀ ਪਿੱਛੇ ਨਹੀਂ ਜਾਣ ਦੇਣਾ ਚਾਹੀਦਾਲ ਮੇਰਾ ਆਪਣੇ ਲੋਕਾਂ ਨੂੰ ਇਹੋ ਸੁਨੇਹਾ ਹੈ"। ਅੱਜ ਬਾਬਾ ਸਾਹਿਬ ਦੇ 129ਵੇਂ ਜਨਮ ਦਿਨ ਉਪਰ, ਉਨਾਂ ਦੇ ਮਿਸ਼ਨ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਹੀ ਉਨਾਂ ਨੂੰ ਸੱਚੀ ਸ਼ਰਧਜਲੀ ਹੈਲ ਬਾਬਾ ਸਾਹਿਬ ਡਾ. ਅੰਬੇਡਕਰ ਇਕ ਅਮਨਪਸੰਦ ਕਰਾਂਤੀਕਾਰੀ ਸਨਲ ਇਹੋ ਜਿਹੇ ਮਹਾਂਪੁਰਸ਼ ਰੋਜ ਰੋਜ ਪੈਂਦਾ ਨਹੀਂ ਹੁੰਦੇਲ ਹਜ਼ਾਰਾਂ ਸਾਲ ਲੰਘ ਜਾਂਦੇ ਹਨ ਇਹੋ ਜਿਹੀ ਸ਼ਖਸ਼ੀਅਤ ਪੈਂਦਾ ਹੋਣ ਲਈ. ਉਰਦੂ ਦੇ ਮਹਾਨ ਸ਼ਾਇਰ ਡਾ. ਇਕਬਾਲ ਨੇ ਕਿੰਨਾ ਸੱਚ ਕਿਹਾ ਹੈ: ਹਜ਼ਾਰੋ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ, ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ॥

# ਗ਼ਜ਼ਲ



ਮੈਂ ਹੁਣ ਸਿਰਮੌਰ ਹਾਂ ਇਸਦੀ ਗਵਾਹੀ ਆਪ ਦੇਵਾਂਗਾ।
ਮੈਂ ਇਕ ਭਗਵਾਨ ਘੜ ਚੁੱਕਾ ਹਾਂ ਬਸ ਹੁਣ ਥਾਪ ਦੇਵਾਂਗਾ।

ਮੈਂ ਇਕ ਚੱਕਰਵਿਊ ਅੰਦਰ ਫਸਾਵਾਂਗਾ ਉਨੂੰ ਖੁਦ ਹੀ,
ਤੇ ਪਿੱਛੋਂ ਤੋੜਨੇ ਦਾ ਮੂਲ ਮੰਤਰ ਆਪ ਦੇਵਾਂਗਾ।

ਉਹ ਮੈਥੋਂ ਰਾਜ ਮੰਗੇਗਾ ਮੈਂ ਜਾਣੂੰ ਹਾਂ ਹਕੀਕਤ ਤੋਂ,
ਮੈਂ ਉਸਨੂੰ ਇਕ ਕਬੀਲੇ ਦਾ ਮਸੀਹਾ ਥਾਪ ਦੇਵਾਂਗਾ।

ਉਹੀ ਨੀਤੀ ਹੈ ਮੇਰੀ ਵੀ ਸਦਾ ਦੀ ਹੈ ਸਿਆਸਤ ਜੋ,
ਗੁਨਾਹ ਆਪੇ ਕਰਾ ਉਸ ਤੋਂ, ਤਸੀਹੇ ਆਪ ਦੇਵਾਂਗਾ।

ਮੈਂ ਉਸਨੂੰ ਰਾਤ ਭਰ ਤਾਂ ਸੁਪਨਿਆਂ ਅੰਦਰ ਲੁਕਾਵਾਂਗਾ,
ਤੇ ਦਿਨ ਚੜ੍ਹਦੇ ਨੂੰ ਖੁਦ ਅਖਬਾਰ ਦੇ ਵਿਚ ਛਾਪ ਦੇਵਾਂਗਾ।

ਉਦ੍ਹੀ ਤਾਸੀਰ ਤੇ ਮੈਂ ਓਸਦੀ ਤਾਕਤ ਨੂੰ ਵੀ ਜਾਣਾ,
ਉਹ ਜਿੱਥੇ ਪਿਘਲ ਜਾਵੇ ਓਸ ਹੱਦ ਤੱਕ ਤਾਪ ਦੇਵਾਂਗਾ।

ਰਚਾ ਕੇ ਕੁਝ ਕੁ ਕੌਤਕ ਉਹ ਮਸੀਹਾ ਬਣਨ ਦੀ ਸੋਚੇ,
ਮੈਂ ਉਸਦੀ ਸੋਚ ਤੋਂ ਲੈ ਖ਼ਾਬ ਤੀਕਰ ਮਾਪ ਦੇਵਾਂਗਾ।

**ਤਲਵਿੰਦਰ ਸ਼ੇਰਗਿੱਲ 91-99154-15501**

# ਹਾਹਾਕਾਰ

ਬੰਦਾ ਵੇਖ ਬੰਦੇ ਨੂੰ ਡਰਦਾ ਏ,
ਇਹ ਡਰ-ਡਰ ਅੰਦਰ ਵੜਦਾ ਏ ।
ਇਹ ਕੇਹਾ ਕਰੋਨਾ ਆਇਆ ਏ,
ਇਹਨੇ ਹਾਹਾਕਾਰ ਮਚਾਇਆ ਏ ।

ਕੋਈ ਇਕ ਦੂਜੇ ਨੇੜੇ ਆਉਦਾ ਨਾ,
ਮਿਲਣੇ ਦੀ ਪਿਆਸ ਬੁਝਾਉਂਦਾ ਨਾ ।
ਡਰ ਅਵਲੜਾ ਮਨ ਬਿਠਾਇਆ ਏ,
ਇਹਨੇ ਹਾਹਾਕਾਰ ਮਚਾਇਆ ਏ ।

ਮੂੰਹ ਢੱਕ-ਢੱਕ ਦਿਲ ਅੱਕ ਗਏ ਨੇ,
ਹੱਥ ਸੇਨੇਟਾਈਜ ਕਰ-ਕਰ ਥੱਕ ਗਏ ਨੇ।
ਲਾਕਡਾਉਨ ਵਿੱਚ ਮਨ ਘਬਰਾਇਆ ਏ,
ਇਹਨੇ ਹਾਹਾਕਾਰ ਮਚਾਇਆ ਏ ।

ਦੁੱਖੀ ਲੋਕੀ ਭੁੱਖ ਦੇ ਮਾਰੇ ਕੀ ਕਰਨ,
ਕੰਮ ਨਾ ਮਿਲਣ ਵਿਚਾਰੇ ਕੀ ਕਰਨ ।
ਬਾਹਰ ਪੁਲਿਸ ਡੰਡਾ ਵਰਾਇਆ ਏ ,
ਇਹਨੇ ਹਾਹਾਕਾਰ ਮਚਾਇਆ ਏ ।

ਵਿਦੇਸ਼ੀ ਆਏ ਜੋ ਇਥੇ ਫਸ ਗਏ ਨੇ,
ਅੱਧ ਪਚਧੇ ਉਡਾਣਾ ਲੈ ਨਸ ਗਏ ਨੇ ।
ਉਪਰੋ ਕੋਰੇਂਟਾਈਨ ਹੁਕਮ ਆਇਆ ਏ,
ਇਹਨੇ ਹਾਹਾਕਾਰ ਮਚਾਇਆ ਏ ।

ਹਲਕੇ ਕੁੱਤੇ ਨਾਲੋਂ ਹੈ ਭੈਅ ਜ਼ਿਆਦਾ,
ਬਣਾ ਦੂਰੀ ਰੱਖਣ ਵਿਚ ਹੀ ਫ਼ਾਇਦਾ ।
ਵਾਇਰਸ ਖ਼ਤਰੇ ਵਾਲਾ ਆਇਆ ਏ,
ਇਹਨੇ ਹਾਹਾਕਾਰ ਮਚਾਇਆ ਏ ।

ਡਾਕਟਰ,ਨਰਸ ਜੋ ਵੀ ਸੇਵਾ ਕਰਦੇ ਨੇ,
ਕਦੀ-ਕਦੀ ਉਹ ਵੀ ਅੜਿੱਕੇ ਚੜ੍ਹਦੇ ਨੇ ।
ਇਹ ਭੈੜਾ ਅਜੇ ਬਾਜ ਨਾਂ ਆਇਆ ਏ,
ਇਹਨੇ ਹਾਹਾਕਾਰ ਮਚਾਇਆ ਏ ।



**ਰਬਿੰਦਰ ਸ਼ਰਮਾ**

# ਕਰੋਨਾ



ਹੱਥ ਜੋੜ ਕੇ ਕਹੋ ਨਮਸਤੇ ,ਹੁਣ ਨਾ ਹੱਥ ਮਿਲ਼ਾਈਏ।
ਕਰੋਨਾ ਵਾਇਰਸ ਤੋਂ ਸਾਰੇ ਮੁਕਤੀ ਪਾਈਏ। ਕਰੋਨਾ ...........
1.ਜਿਸ ਤੇ ਅਸਰ ਕਰੋਨਾ ਦਾ ਹੈ,ਦੂਰੀ ਰੱਖੋ ਬਣਾਕੇ
ਸ਼ੱਕ ਹੋਵੇ ਤਾਂ ਡਾਕਟਰ ਤਾਈਂ,ਦੱਸੋ ਜਲਦੀ ਜਾਕੇ।
ਭੀੜ-ਭੜੱਕੇ ਪਬਲਿਕ ਥਾਂ ਤੇ ਹੁਣ ਨਾ ਐਵੇਂ ਜਾਈਏ। ਕਰੋਨਾ.......
2.ਖਾਂਸੀ-ਛਿੱਕ ਜੇ ਆਵੇ ਮੂੰਹ ਤੇ ਰੱਖੋ ਰੁਮਾਲ ਜੀ ਸਾਰੇ।
ਵਾਰ-ਵਾਰ ਹੱਥ ਧੋਵੋ ਤਾਂ ਹੀ,ਹੋਣੇ ਨੇ ਛੁਟਕਾਰੇ।
ਨੱਕ,ਅੱਖਾਂ ਤੇ ਮੂੰਹ ਨੂੰ ਆਪਣਾ,ਐਵੇਂ ਨਾਂ ਹੱਥ ਲਾਈਏ। ਕਰੋਨਾ .......
3.ਛੱਡੋ ਫੇਰਾ-ਤੋਰਾ ਸਾਥੀ,ਘਰ ਵਿੱਚ ਆਸਣ ਲਾਓ।
ਜ਼ਿੰਦਗੀ ਨਾ਼ਲੋਂ ਕੁਝ ਨਾ ਚੰਗਾ,ਮਨ ਆਪਣਾ ਸਮਝਾਓ।
ਸਮਾਂ ਕੀਮਤੀ ਘਰ ਆਪਣੇ ਵਿੱਚ,ਬੱਚਿਆਂ ਨਾਲ ਬਿਤਾਈਏ। ਕਰੋਨਾ....
4.ਵਕਤ ਬੁਰਾ ਦੁਨੀਆਂ ਤੇ ਆਇਆ,ਰਲ ਮਿਲ ਆਪਾਂ ਕੱਟੀਏ।
ਕਿਵੇਂ ਬਚਾਅ ਕਰਨਾ ਹੈ ਸਭ ਨੇ, ਇੱਕ ਦੂਜੇ ਨੂੰ ਦੱਸੀਏ।
ਸਾਹਲੋਂ ਦੇ ਸਤਪਾਲ ਮੁਸੀਬਤ ਮਿਲਕੇ ਦੂਰ ਭਜਾਈਏ। ਕਰੋਨਾ.....

**- ਸਤ ਪਾਲ ਸਾਹਲੋਂ**

ਕਹਾਣੀ

# ਉਹ



**ਇਕਵਾਕ ਸਿੰਘ ਪੱਟੀ**
**ਸੁਲਤਾਨਵਿੰਡ ਰੋਡ, ਅੰਮ੍ਰਿਤਸਰ**

ਇਹ ਕੋਈ ਪਹਿਲੀ ਵਾਰ ਨਹੀਂ ਸੀ ਹੋਇਆ ਕਿ ਉਸਨੇ ਮੈਨੂੰ ਡੇਟ ਤੇ ਜਾਣ ਨੂੰ ਕਿਹਾ ਹੋਵੇ। ਮੈਂ ਉਸਨੂੰ ਪਿਛਲੇ ਦੋ ਸਾਲਾਂ ਤੋਂ ਜਾਣਦੀ ਸੀ। ਪਹਿਲੀ ਵਾਰ ਉਸਨੂੰ ਆਈਲੈਟਸ ਸੈਂਟਰ ਤੇ ਮਿਲੀ ਸੀ, ਉਹ ਮੇਰੇ ਹੀ ਬੈਚ ਵਿੱਚ ਸੀ ਅਤੇ ਸਾਡੀ ਇੰਨਰਾਲਮੈਂਟ ਵੀ ਇੱਕੋ ਹੀ ਦਿਨ, ਇਕੋ ਹੀ ਸਮੇਂ ਹੋਈ ਸੀ ਅਤੇ ਇਸੇ ਕਰਕੇ ਜਿਸ ਦਿਨ ਮੇਰਾ ਕਲਾਸ ਵਿੱਚ ਪਹਿਲਾ ਦਿਨ ਸੀ, ਉਹੀ ਇੱਕ ਮੇਰਾ ਜਾਣੂੰ ਸੀ। ਸ਼ਾਇਦ ਇਸ ਕਰਕੇ ਵੀ ਅਸੀਂ ਥੋੜਾ ਇੱਕ ਦੂਜੇ ਨੇ ਨੇੜੇ ਸੀ।

ਸਮਾਂ ਲੰਘਿਆ ਸਾਡਾ ਦੋਹਾਂ ਦਾ ਕੋਰਸ ਪੂਰਾ ਹੋ ਗਿਆ। ਹੁਣ ਕਦੇ ਕਦੇ ਵੱਟਸਐਪ ਮੈਸਜ਼ ਕਰ ਦਿੰਦਾ ਸੀ। ਭਾਵੇਂ ਕਿ ਅਸੀਂ ਇਕ ਦੂਜੇ ਦੇ ਸੁਭਾਉ, ਸੋਚ ਅਤੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਜਾਣਦੇ ਸੀ। ਉਸਦਾ ਲਹਿਜ਼ਾ ਬਹੁਤ ਮਜ਼ਾਕੀਆ ਸੀ, ਪਰ ਜਦ ਕਦੇ ਕਿਸੇ ਗੰਭੀਰ ਵਿਸ਼ੇ ਉੱਤੇ ਗੱਲ ਕਰਦਾ ਤਾਂ ਮਾਨੋ ਕਿਸੇ ਫਿਲਾਸਫਰ ਤੋਂ ਘੱਟ ਨਹੀਂ ਲੱਗਦਾ ਸੀ। ਉਸਦਾ ਨਜ਼ਰੀਆ ਹਰ ਛੋਟੀ ਜਾਂ ਵੱਡੀ ਘਟਨਾ ਬਾਰੇ ਬੜਾ ਹੀ ਨਿਰਪੱਖ, ਵਧੀਆ ਅਤੇ ਨਵਾਂ ਜਿਹਾ ਹੁੰਦਾ ਸੀ, ਜੋ ਆਮ ਇਨਸਾਨ ਦੀ ਸਮਝ ਵਿੱਚ ਆਉਣ ਦੇ ਬਾਵਜੂਦ, ਸਮਝ ਤੋਂ ਬਾਹਰ ਰਹਿੰਦਾ ਸੀ।

ਜਦ ਉਸਦੇ ਮੈਸਜ਼ ਦਾ ਜੁਆਬ ਦਿੰਦੀ ਜਾਂ ਕਦੇ ਉਸ ਨਾਲ ਘੜੀ ਦੋ ਘੜੀ ਚਾਟ ਕਰਦੀ ਤਾਂ ਲੱਗਦਾ ਸੀ ਜਿਵੇਂ ਉਹ ਮੇਰੇ ਨਾਲ ਫਲਰਟ ਕਰ ਰਿਹਾ ਹੈ, ਇਸ ਗੱਲ ਦਾ ਉਸਨੂੰ ਵੀ ਅਹਿਸਾਸ ਸੀ, ਅਹਿਸਾਸ ਹੁੰਦਾ ਵੀ ਕਿਉਂ ਨਾ ਅੱਜ ਕੱਲ੍ਹ ਦੇ ਸਮੇਂ ਵਿੱਚ ਇਹ ਪਿਆਰ, ਇਸ਼ਕ ਵਗੈਰਾ ਫਿਲਮੀ ਗੱਲਾਂ ਤੋਂ ਵੱਧ ਕੁੱਝ ਰਿਹਾ ਹੀ ਨਹੀਂ ਹੈ। ਜੋ ਕੁੱਝ ਸਾਡੇ ਆਲੇ ਦੁਆਲੇ ਵਾਪਰ ਰਿਹਾ ਹੈ, ਇਹ ਸੱਭ ਇੱਕ ਤਮਾਸ਼ਾ ਜਿਹਾ ਹੀ ਤਾਂ ਹੈ। ਸੱਚ ਕਿੱਥੇ ਹੈ? ਅੱਜ ਦੇ ਸਮੇਂ ਵਿੱਚ ਜਦ ਭਰਾ-ਭਰਾ ਦਾ ਵੈਰੀ ਬਣਿਆ ਪਿਆ ਹੈ, ਜਦ ਪੁੱਤਰ ਆਪਣੇ ਹੀ ਪਿਉ ਦੇ ਖਿਲਾਫ ਥਾਣਿਆਂ ਕਚਹਿਰੀਆਂ ਵਿੱਚ ਕੇਸ ਕਰ ਰਿਹਾ ਹੈ, ਜਦ ਪਤੀ-ਪਤਨੀ ਦਾ ਪਵਿੱਤਰ ਰਿਸ਼ਤਾ ਇੱਕ ਵਿਉਪਾਰ ਬਣਦਾ ਨਜ਼ਰ ਆ ਰਿਹਾ ਹੈ। ਪਰ ਉਹ ਸੀ ਕਿ ਕਈ ਵਾਰ ਲੱਗਦਾ ਸੀ ਕਿ ਉਹ ਮੁਕੰਮਲ ਇਨਸਾਨ ਹੈ। ਮੈਂ ਉਸਦੀ ਜ਼ਿੰਦਗੀ ਵਿੱਚ ਝਾਕਣ ਦੀ ਕੋਸ਼ਿਸ਼ ਕੀਤੀ ਤਾਂ ਦਹਿਲੀਜ਼ ਵੀ ਨਹੀਂ ਸੀ ਟੱਪੀ ਕਿ ਉਸਦੀ ਛੋਟੀ ਉਮਰੇ ਹੀ ਉਸ ਵੱਲੋਂ ਝੇਲੀਆਂ ਵੱਡੀਆਂ ਮੁਸੀਬਤਾਂ ਨੂੰ ਮੈਂ ਨਾ ਤਾਂ ਹੋਰ ਸੁਣ ਸਕਦੀ ਸੀ, ਨਾ ਮੇਰੇ ਵਿੱਚ ਸਮਰੱਥਾ ਸੀ, ਨਾ ਹੀ ਉਸਦੇ ਬੋਲਾਂ ਨੂੰ ਬਰਦਾਸ਼ਤ ਕਰ ਸਕਦੀ ਸੀ, ਜਿਹੜੇ ਬੋਲ, ਬੋਲ ਕੇ ਉਸਨੇ ਮੈਨੂੰ ਆਪਣੀ ਜ਼ਿੰਦਗੀ ਦੀ ਕਹਾਣੀ ਦੱਸਣੀ ਸ਼ੁਰੂ ਕੀਤੀ ਸੀ। ਮੈਂ ਟਾਲ ਮਟੋਲ ਕਰਕੇ ਉਸਦੀ ਕਹਾਣੀ ਨੂੰ ਹੋਰ ਅੱਗੇ ਵੱਧਣ ਤੋਂ ਰੋਕ ਦਿੱਤਾ। ਤੇ ਬੱਸ ਇੰਨਾਂ ਹੀ ਕਿਹਾ, ਹੁਣ ਹੋਰ ਨਹੀਂ, ਅੱਗੇ ਵਧੋ। ਛੱਡੋ ਅਤੀਤ ਨੂੰ। ਤਾਂ ਉਹ ਜਿਸ ਪੀੜ੍ਹਾ ਵਿੱਚੋਂ ਆਪਣੇ ਦਿਲ ਨੂੰ ਉਧੇੜ ਰਿਹਾ ਸੀ, ਇੱਕ ਦਮ ਸੰਭਲ ਕੇ, ਬੁਲ੍ਹਾਂ ਉੱਤੇ ਮੁਸਕਰਾਹਟ ਲਿਆ ਕੇ, ਵੱਡੇ ਹੌਂਸਲੇ ਤੇ ਬੁਲੰਦ ਅਵਾਜ਼ ਨਾਲ ਕਹਿਣ ਲੱਗਾ, ਮੈਂ ਤਾਂ ਅੱਗੇ ਵੱਧ ਰਿਹਾ ਹਾਂ, ਤੂੰ ਹੀ ਪਿੱਛੇ ਲੈ ਕੇ ਗਈ ਸੀ ਤੇ ਗੱਲ ਨੂੰ ਇੱਥੇ ਹੀ ਖ਼ਤਮ ਕਰ ਗਿਆ।

ਮੇਰੀ ਜ਼ਿੰਦਗੀ ਵਿੱਚ ਕੋਈ ਹੋਰ ਸ਼ਖਸ ਨਹੀਂ ਸੀ, ਨਾ ਹੀ ਇੰਨਾ ਚੀਜ਼ਾਂ ਬਾਰੇ ਕਦੇ ਸੋਚਿਆ ਸੀ, ਨਾ ਹੀ ਸਮਾਂ ਸੀ। ਬੱਸ ਪਹਿਲਾਂ ਪੜ੍ਹਾਈ ਵਿੱਚ, ਫਿਰ ਘਰ ਦੇ ਕੰਮਾਂ ਵਿੱਚ ਤੇ ਫਿਰ ਵੰਨ-ਸੁਵੰਨੇ ਕੋਰਸਾਂ ਵਿੱਚ ਉਲਝੀ ਰਹਿੰਦੀ ਸਾਂ।

ਆਹ ਦਸੰਬਰ ਮਹੀਨੇ, ਫਿਰ ਉਸਦਾ ਮੈਸਜ਼ ਆਇਆ। ਬਾਹਰ ਪੈ ਰਹੀ ਧੁੰਦ, ਧੁੰਦ ਕਰਨ ਵਾਪਰ ਰਹੇ ਹਾਦਸਿਆਂ ਬਾਰੇ ਗੱਲ ਚੱਲੀ ਤੇ ਚੱਲਦੀ ਹੋਈ ਕਾਫੀ ਦੇ ਕੱਪ ਤੇ ਜਾ ਮੁੱਕੀ। ਪਤਾ ਨਹੀਂ ਕਿਉਂ ਮੈਂ ਇਹ ਮੈਸਜ਼ ਕਰ ਦਿੱਤਾ ਕਿ, ਇੰਨੀ ਠੰਡ ਹੈ ਚੱਲੋ ਕਿਤੇ ਕਾਫੀ ਪੀਣ ਚੱਲਦੇ ਹਾਂ। ਪਹਿਲਾਂ ਤਾਂ ਉਸਨੇ ਜੁਆਬ ਵਿੱਚ ਹੈਰਾਨੀ ਵਾਲਾ ਈਮੋਜ਼ੀ ਭੇਜਿਆ ਅਤੇ ਫਿਰ ਪੁਛਿਆ, 'ਰੀਅਅਅਲਈ??'

ਮੈਂ ਵੀ 'ਯਾਹ' ਲਿਖ ਕੇ ਭੇਜ ਦਿੱਤਾ। ਤਾਂ ਕਹਿਣ ਲੱਗਾ, ਮੈਂ ਇੰਨੀ ਵਾਰ ਕਿਹਾ ਪਹਿਲਾਂ ਤਾਂ ਕਦੇ ਮੰਨੀ ਨਹੀਂ, ਅੱਜ ਅਚਾਨਕ ਇਸ ਗਰੀਬ ਨਾਲ ਕਾਫੀ ਪੀਣ ਦਾ ਦਿਲ ਕਿਵੇਂ ਕਰ ਆਇਆ?'

ਮੈਂ ਵੀ ਮਜ਼ਾਕੀਆ ਜਿਹਾ ਕਹਿ ਦਿੱਤਾ, 'ਦਿਲ ਦਾ ਕੀ ਹੈ? ਬੱਸ ਸਮਝੋ ਕੇ ਦਿਲ ਕਰ ਹੀ ਆਇਆ, ਹੁਣ ਇਹ ਦਸੋ ਤੁਸੀਂ ਕਦੋਂ ਪਿਆਉਣੀ ਹੈ ਕਾਫੀ?'

ਉਹ ਕਹਿਣ ਲੱਗਾ, ਜਲਦੀ, ਬੱਸ ਦੋ ਦਿਨ ਬਾਅਦ ਐਤਵਾਰ ਹੈ, ਮੈਂ ਵੀ ਉਸ ਦਿਨ ਵਿਹਲਾ ਹੋਵਾਂਗਾ ਤੇ ਮੇਰੇ ਖਿਆਲ ਵਿੱਚ ਤੂੰ ਵੀ? ਸੋ ਮਿਲਦੇ ਆ ਐਤਵਾਰ!

ਮੈਂ ਵੀ ਹਾਂ ਕਰ ਦਿੱਤੀ। ਉਸਨੇ ਫਿਰ ਜੁਆਬੀ ਮੈਸਜ਼ ਵਿੱਚ 'ਥੈਂਕਸ ਯੂ ਸੋ ਮੱਚ' ਲਿਖ ਕੇ ਕਿਹਾ, ਤੂੰ ਮੇਰਾ ਬੜੀ ਦੇਰ ਦਾ ਸੁਪਨਾ ਪੂਰਾ ਕਰਨ ਜਾ ਰਹੀ ਹੈਂ? ਇਹ ਦੱਸ ਬਾਇ ਕਾਰ ਜਾਣਾ ਜਾਂ ਮੇਰੀ ਬਾਈਕ ਤੇ?

ਮੈਂ ਜੁਆਬ ਵਿੱਚ, 'ਜਿਵੇਂ ਤੁਹਾਡੀ ਮਰਜ਼ੀ' ਲਿਖ ਕੇ ਭੇਜ ਦਿੱਤਾ। ਖ਼ੈਰ! ਅੱਜ ਐਤਵਾਰ ਸੀ। ਤਿੰਨ ਵੱਜ ਕੇ ਤੀਹ ਮਿੰਟ ਤੇ ਅਸੀਂ ਮੁਕਰਰ ਕੀਤੀ ਜਗ੍ਹਾ ਤੇ ਮਿਲੇ ਤੇ ਅਗੋਂ ਉਸਦੀ ਕਾਰ ਵਿੱਚ ਕਾਫੀ ਸ਼ਾਪ ਲਈ ਰਵਾਨਾ ਹੋ ਗਏ।

ਸੜਕਾਂ ਤੇ ਚੱਲ ਰਹੀਆਂ ਗੱਡੀਆਂ ਆਪਣੀ ਸਪੀਡ ਵਿੱਚ ਚੱਲ ਰਹੀਆਂ ਸਨ। ਉਹ ਬਹੁਤ ਅਰਾਮ ਨਾਲ, ਸੜਕ ਦੇ ਇੱਕ ਪਾਸੇ ਆਪਣੀ ਕਾਰ ਚਲਾ ਰਿਹਾ ਸੀ। ਕਦੇ ਤਾਕੀ ਦੇ ਬਾਹਰਵਾਰ ਲੱਗੇ ਸ਼ੀਸ਼ੇ ਵਿੱਚੋਂ ਪਿੱਛੇ ਆ ਰਹੀਆਂ ਗੱਡੀਆਂ ਦੇਖਦੇ ਕਦੇ ਅੰਦਰ ਛੱਤ ਨਾਲ ਲੱਗੇ ਸ਼ੀਸ਼ੇ ਵਿੱਚ ਪਿੱਛੇ ਨੂੰ ਦੇਖਦਾ, ਤੇ ਕਦੇ ਕਦੇ ਅੱਖ ਚੁਰਾ ਕੇ ਮੈਨੂੰ ਤੱਕ ਲੈਂਦਾ। ਧੀਮੀ ਜਿਹੀ ਅਵਾਜ਼ ਵਿੱਚ ਪੁਰਾਣੇ ਗੀਤ ਚੱਲ ਰਹੇ ਸਨ, ਵਿੱਚ ਵਿੱਚ ਥੋੜਾ ਜਿਹਾ ਚੱਲ ਰਹੇ ਗੀਤ ਨੂੰ ਗੁਣਗੁਣਾ ਦਿੰਦਾ। ਕਦੀਂ ਇੰਝ ਲੱਗਦਾ ਕਿ ਕੁੱਝ ਸੋਚ ਰਿਹਾ ਹੈ, ਕਦੇ ਲੱਗਦਾ ਕਿ ਬੱਸ ਹੁਣ ਕੁੱਝ ਬੋਲੇਗਾ, ਕਦੇ ਮਹਿਸੂਸ ਹੋਇਆ ਕਿ ਉਦਾਸ ਹੈ, ਕੁੱਝ ਸਮਝ ਨਹੀਂ ਸੀ ਆ ਰਹੀ, ਭਾਵੇਂ ਕਿ ਇਹ ਸਭ ਮੈਨੂੰ ਵੀ ਚੰਗਾ ਲੱਗ ਰਿਹਾ ਸੀ, ਪਰ ਕਾਰ ਵਿੱਚ ਸਿਰਫ ਅਸੀਂ ਦੋਨੋਂ ਹੀ ਸੀ, ਸ਼ਾਇਦ ਕੁੜੀ ਹੋਣ ਕਰਕੇ ਚੁੱਪ ਕਰਕੇ ਬੈਠਣਾ ਮੇਰੇ ਲਈ ਵੀ ਜ਼ਰਾ ਔਖਾ ਸੀ, ਇਸ ਲਈ ਮੈਂ ਕੋਈ ਗੱਲ ਸੁਣਨੀ ਜਾਂ ਕਰਨੀ ਚਾਹੁੰਦੀ ਸੀ।

ਮੈਂ ਕੁੱਝ ਬੋਲਣ ਲੱਗੀ ਤਾਂ ਉਹ ਬੋਲ ਹੀ ਪਿਆ, 'ਅੱਜ ਸੂਟ ਬਹੁਤ ਸੁਹਣਾ ਪਾ ਕੇ ਆਈਂ ਹੈਂ? ਜਿਵੇਂ ਆਪਣੇ ਦੋਸਤ ਨਾਲ ਨਹੀਂ ਆਪਣੇ ਲਵਰ ਨਾਲ ਕਾਫੀ ਪੀਣ ਚੱਲੀ ਹੋਵੇਂ? ਮੈਂ ਵੀ ਹੈਰਾਨੀ ਭਰੇ ਅੰਦਾਜ਼ ਵਿੱਚ, ਫਿਰ ਮੁਸਕਰਾਉਂਦੇ ਹੋਏ ਕਿਹਾ, ਐਡੀ ਵੀ ਕੋਈ ਗੱਲ ਨਹੀਂ ਹੈ। ਉਸਨੇ ਵੀ ਲੰਮਾ ਜਿਹਾ, 'ਅੱਛਾ ਜੀ' ਕਹਿ ਕੇ ਆਪਣੀ ਗੱਲ ਤੋਰਦਿਆਂ ਕਿਹਾ, ਪਰ ਮੇਰੇ ਲਈ ਇਹ ਬਹੁਤ ਵੱਡੀ ਗੱਲ ਹੈ। ਹੋ ਸਕਦਾ ਹੈ ਅੱਜ ਸਾਡੀ ਇਹ ਪਹਿਲੀ ਮੁਲਾਕਾਤ, ਮੁਲਾਕਾਤਾਂ ਦਾ ਸਿਲਸਲਾ ਸ਼ੁਰੂ ਕਰਨ ਲਈ ਨੀਂਹ ਦਾ ਕੰਮ ਕਰੇ ਤੇ ਇਹ ਵੀ ਹੋ ਸਕਦਾ ਕਿ ਸਾਡੀ ਇਹ ਮੁਲਾਕਾਤ ਆਖਰੀ ਹੋਵੇ, ਹੋ ਸਕਦਾ ਅੱਜ ਤੁਹਾਨੂੰ ਮੇਰੀਆਂ ਕੁੱਝ ਗੱਲਾਂ ਬਿਲਕੁਲ ਪਸੰਦ ਨਾ ਆਉਣ ਅਤੇ ਹੋ ਸਕਦਾ ਬਹੁਤ ਪਸੰਦ ਆਉਣ।

ਅੱਛਾ ਜੀ, ਦੇਖਦੇ ਹਾਂ, ਕੀ ਬਣਦਾ ਹੈ? ਮੈਂ ਕਿਹਾ।

ਉਹ ਫਿਰ ਕਹਿਣ ਲੱਗਾ, 'ਮੈਡਮ ਜੀ! ਅੱਜ ਦਾ ਦਿਨ ਮੇਰੇ ਲਈ ਬਹੁਤ ਹੀ ਵਧੀਆ ਅਤੇ ਮਹਿੰਗਾ ਦਿਨ ਹੈ। ਮੈਂ ਇਸ ਦਿਨ ਲਈ ਬਹੁਤ ਇੰਤਜ਼ਾਰ ਕੀਤਾ ਹੈ, ਇਸੇ ਲਈ ਮੈਂ ਇਸਨੂੰ ਮੇਰੀ ਜ਼ਿੰਦਗੀ ਦੇ ਯਾਦਗਾਰ ਲਮਹਿਆਂ ਵਿੱਚ ਬਦਲਣਾ ਚਾਹੁੰਦਾ ਹਾਂ' ਕਹਿੰਦੇ ਹੋਏ ਉਸਨੇ ਆਪਣੇ ਸੱਜੇ ਹੱਥ ਨਾਲ ਕੋਟ ਦੇ ਅੰਦਰ ਖੱਬੀ ਜੇਬ ਵਿੱਚ ਹੱਥ ਪਾਇਆ ਅਤੇ ਇੱਕ ਬਹੁਤ ਹੀ ਸੁਹਣੀ ਗੁੱਟ ਘੜੀ ਕੱਢ ਕੇ, ਖੱਬੇ ਹੱਥ ਨਾਲ ਮੇਰੇ ਵੱਲ ਵਧਾ ਦਿੱਤੀ ਤੇ ਕਹਿਣ ਲੱਗਾ, ਮੇਰੇ ਵੱਲੋਂ ਇੱਕ ਛੋਟਾ ਜਿਹਾ ਤੋਹਫਾ ਕਬੂਲ ਕਰੋ। ਉਮਦੀ ਹੈ ਤੁਸੀਂ ਫਾਰਮੇਲਟੀ ਕਰਦਿਆਂ ਨਾਂਹ ਨਹੀਂ ਕਹੋਗੇ ਤੇ ਇਸ ਨੂੰ ਬਿਨ੍ਹਾਂ ਝਿਜਕ ਕਬੂਲ ਫੁਰਮਾਉਗੇ?

ਮੈਂ ਫਿਰ ਵੀ ਕਿਹਾ, ਵੈਸੇ ਇਸ ਦੀ ਲੋੜ ਨਹੀਂ ਸੀ, ਪਰ ਜਿਸ ਅਦਬ ਨਾਲ ਤੁਸੀਂ ਦੇ ਰਹੇ ਹੋ ਨਾਂਹ ਨਹੀਂ ਹੋ ਸਕਦੀ ਪਰ ਹਾਂ, ਇਹ ਗੁੱਟ ਘੜੀ ਤੁਸੀਂ ਆਪ ਹੀ ਮੇਰੇ ਗੁੱਟ ਤੇ ਪਹਿਣਾ ਦਿਉਗੇ ਤਾਂ ਚੰਗਾ ਲੱਗੇਗਾ ਤਾਂ ਉਸਨੇ ਕਿਹਾ ਠੀਕ ਹੈ, ਕਾਫੀ ਸ਼ਾਪ ਤੇ ਜਾ ਕੇ ਪਹਿਣਾ ਦੇਵਾਂਗਾ। ਤਾਂ ਮੈਂ ਉਹ ਗੁੱਟ ਘੜੀ ਉਸਦੇ ਹੱਥਾਂ ਵਿੱਚੋਂ ਲੈ ਲਈ।

ਕਾਫੀ ਸ਼ਾਪ ਤੇ ਕਾਰ ਰੋਕਣ ਤੋਂ ਬਾਅਦ ਮੈਨੂੰ ਕਾਰ ਵਿੱਚ ਹੀ ਬੈਠੇ ਰਹਿਣ ਦਾ ਇਸ਼ਾਰਾ ਕਰ ਕੇ ਆਪ ਤਾਕੀ ਖੋਲ੍ਹ ਕੇ ਬਾਹਰ ਨਿਕਲਿਆ ਅਤੇ ਫਿਰ ਮੇਰੀ ਤਾਕੀ ਖੋਲ੍ਹ ਕੇ, ਮੈਨੂੰ ਉਤਰਣ ਲਈ ਕਿਹਾ। ਮੈਨੂੰ ਪਤਾ ਸੀ ਇਹ ਸੱਭ ਫਲਰਟ ਕਰ ਰਿਹਾ ਹੈ, ਪਰ ਇੰਜ ਵੀ ਲੱਗਦਾ ਸੀ ਕਿਤੇ ਇਹ ਪਿਆਰ ਵਿਆਰ ਦੇ ਚੱਕਰ 'ਚ ਨਾ ਪੈ ਜਾਵੇ ਮੇਰੇ ਨਾਲ। ਪਰ ਮੈਂ ਉਸਦੀ ਨੀਅਤ ਤੇ ਕਦੇ ਵੀ ਸ਼ੱਕ ਨਹੀਂ ਸੀ ਕੀਤਾ।

ਕਾਫੀ ਸ਼ਾਪ ਤੇ ਜਾ ਕੇ ਉਸਨੇ ਮੇਰੇ ਗੁੱਟ ਤੇ ਉਹ ਘੜੀ ਬੰਨ੍ਹ ਦਿੱਤੀ, ਮੈਂ ਘੜੀ ਦਾ ਸੁਰਾਹਣਾ ਕੀਤੀ ਤਾਂ ਉਹ ਇੱਕ ਦਮ ਆਪਣੀ ਕੁਰਸੀ ਤੋਂ ਉੱਠ ਕੇ, ਮੇਰੇ ਕੋਲ ਆ ਕੇ ਮੇਰੇ ਪੈਰਾਂ ਵਿੱਚ ਬੈਠ ਗਿਆ, ਮੈਂ ਇਕ ਦਮ ਰੋਕਿਆ ਇਹ ਸੱਭ ਕੀ ਕਰ ਰਹੇ ਹੋ। ਉਸਨੇ ਇਕਦਮ ਮੇਰੇ ਹੱਥ ਨੂੰ ਆਪਣੇ ਹੱਥਾਂ ਨਾਲ ਘੁੱਟ ਕੇ ਫੜ੍ਹ ਲਿਆ ਅਤੇ ਅੱਖਾਂ ਵਿੱਚ ਅੱਖਾਂ ਪਾ ਕੇ ਆਪਣੀ ਥਾਂ ਬੈਠੇ ਰਹਿਣ ਦਾ ਇਸ਼ਾਰਾ ਕੀਤਾ। ਪਤਾ ਨਹੀਂ ਕਿਉਂ ਮੈਂ ਉਸਦੀ ਗੱਲ ਮੰਨ ਲਈ।

ਮੈਂ ਥੋੜੀ ਨਰਵਸ ਜਿਹੀ ਹੋਈ, ਪਰ ਉਸਨੇ ਬੜੇ ਗੰਭੀਰ ਸ਼ਬਦਾਂ ਵਿੱਚ ਬੋਲਣਾ ਸ਼ੁਰੂ ਕੀਤਾ, 'ਮੈਂ ਤੇਰੀ ਜ਼ਿੰਦਗੀ ਦਾ ਕਦੇ ਵੀ ਹਿੱਸਾ ਨਹੀਂ ਬਣ ਸਕਦਾ, ਨਾ ਹੀ ਕਦੇ ਸੋਚ ਸਕਦਾ ਹੈ, ਮੈਨੂੰ ਤੇਰੇ ਮਾਂ-ਬਾਪ ਦੀਆਂ ਸੱਧਰਾਂ ਤੇ ਆਸਾਂ ਦਾ ਖਿਆਲ ਹੈ, ਮੈਂ ਤੇਰੇ ਜ਼ਿੰਦਗੀ ਪ੍ਰਤੀ ਤੇਰੇ ਹੱਕਾਂ ਅਤੇ ਤੇਰੀ ਮਰਜ਼ੀ ਦੇ ਫੈਸਲੇ ਤੈਨੂੰ ਕਰਨ ਦੇ ਅਧਿਕਾਰਾਂ ਬਾਰੇ ਵੀ ਜਾਣਦਾ ਹਾਂ। ਤੇਰੀ ਜ਼ਿੰਦਗੀ ਦਾ ਫੈਸਲਾ ਤੂੰ ਕਰਨਾ ਹੈ ਅਤੇ ਤੈਨੂੰ ਹੀ ਕਰਨਾ ਚਾਹੀਦਾ ਹੈ। ਮੈਨੂੰ ਪਤਾ ਵੀ ਹੈ ਤੇਰੀ ਜ਼ਿੰਦਗੀ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ ਅਤੇ ਨਾ ਹੀ ਕੋਈ ਹੋਰ ਸ਼ਖਸ ਹੈ, ਜਿਸ ਨਾਲ ਤੂੰ ਪੂਰੀ ਜ਼ਿੰਦਗੀ ਬਿਤਾਉਣ ਬਾਰੇ ਸੋਚਿਆ ਹੋਵੇ। ਪਰ ਇਹ ਸੱਚ ਹੈ ਕਿ ਮੈਂ ਚਾਹੁੰਦਾ ਹਾਂ ਮੈਂ ਉਹ ਥਾਂ ਲੈ ਲਵਾਂ, ਜੋ ਅਜੇ ਤਕ ਖਾਲੀ ਹੈ ਜਾਂ ਮੇਰੇ ਤੋਂ ਬਿਨ੍ਹਾਂ ਜਾਂ ਮੇਰੇ ਤੋਂ ਬਾਅਦ ਕਿਸੇ ਹੋਰ ਨੂੰ ਮਿਲਣੀ ਹੈ। ਮੈਂ ਇਹ ਗੱਲਾਂ ਤੈਨੂੰ ਆਪਣੀ ਹਿੱਕ ਨਾਲ ਲਾ ਕੇ ਤੇਰੇ ਕੰਨਾਂ ਵਿੱਚ ਵੀ ਕਰ ਸਕਦਾ ਸੀ, ਪਰ ਮੈਂ ਤੇਰੇ ਕਦਮਾਂ ਵਿੱਚ ਬੈਠਾਂ ਹਾਂ ਤਾਂ ਕਿ ਸਾਡੇ ਦੋਹਾਂ ਵਿਚਲਾ ਫ਼ਰਕ ਵੀ ਬਣਿਆ ਰਹੇ। ਮੈਨੂੰ ਪਤਾ ਕਿ ਤੂੰ ਮੇਰੇ ਲਈ ਇੱਕ ਹਸੀਨ ਸੁਪਨਾ ਹੈ ਅਤੇ ਸੁਪਨਾ ਹੀ ਰਹੇਗੀ। ਪਰ ਫਿਰ ਵੀ ਜੋ ਮੇਰੇ ਦਿਲ ਵਿੱਚ ਸੀ ਅੱਜ ਮੈਂ ਕਹਿਣ ਦੇਣਾ ਚਾਹੁੰਦਾ ਹਾਂ, ਕੀ ਪਤਾ ਕਿਸ ਮੋੜ ਤੇ ਜ਼ਿੰਦਗੀ ਹਾਰ ਜਾਵੇ, ਨਾਲੇ ਮੌਤ ਨੇ ਕਿਹੜਾ ਉਮਰਾਂ ਜਾਣੀਆਂ ਨੇ?

ਮੈਂ ਉਸਦੀਆਂ ਇਹਨਾਂ ਗੱਲਾਂ ਤੋਂ ਉਸਨੂੰ ਰੋਕਣਾ ਚਾਹੁੰਦੀ ਸੀ, ਪਰ ਉਸਨੇ ਆਪਣੀਆਂ ਗੱਲਾਂ ਦੀ ਰਫ਼ਤਾਰ ਜਾਰੀ ਰੱਖੀ। ਬੁੱਲ੍ਹਾਂ ਤੇ ਮੁਸਕਰਾਹਟ ਬਖੇਰਦਿਆਂ ਕਹਿਣ ਲੱਗਾ, ਪਲੀਜ਼ ਇਹ ਨਾ ਸੋਚੀਂ ਕਿ ਕਿੱਥੇ ਫੱਸ ਗਈ ਅੱਜ? ਅਤੇ ਮੇਰਾ ਜੁਆਬ ਜਾਣੇ ਬਿਨ੍ਹਾਂ ਉਸਨੇ ਆਪਣੀ ਗੱਲ ਫਿਰ ਤੋਰ ਲਈ। ਯਾਰ ਸੱਚ ਇਹ ਹੈ ਕਿ ਮੈਨੂੰ ਤੇਰੇ ਨਾਲ ਪਿਆਰ ਹੋ ਗਿਆ ਹੈ ਅਤੇ ਸ਼ਾਇਦ ਇਹ ਇੱਕ ਤਰਫਾ ਹੈ। ਸ਼ਾਇਦ ਮੇਰੇ ਵਿੱਚ ਬਹੁਤ ਵੀ ਕਮੀਆਂ ਨੇ ਅਜੇ। ਤੇ ਸ਼ਾਇਦ ਮੈਂ ਇਸ ਦੇ ਕਾਬਲ ਵੀ ਨਹੀਂ ਜੋ ਕੁੱਝ ਕਹਿ ਰਿਹਾ ਹਾਂ ਅਤੇ ਜੋ ਕੁੱਝ ਕਰ ਰਿਹਾ ਹਾਂ। ਤੇਰੇ ਕਦਮਾਂ ਵਿੱਚ ਬੈਠ ਕੇ ਬਹੁਤ ਸਕੂਨ ਮਿਲ ਰਿਹਾ ਹੈ ਅੱਜ, ਸ਼ਾਇਦ ਇਸੇ ਕਰਕੇ ਹੀ ਮੈਂ ਆਪਣੀ ਗੱਲ ਨੂੰ ਕਹਿ ਸਕਣ ਦੀ ਹਿੰਮਤ ਕਰ ਰਿਹਾ ਹਾਂ ਜੋ ਤੇਰੇ ਸਾਹਮਣੇ ਖਲੋ ਕੇ ਨਹੀਂ ਸੀ ਕਹਿ ਸਕਦਾ। ਬੱਸ ਮੈਂ ਤੇਰੇ ਨਾਲ ਇੱਕੋ ਘਰ ਵਿੱਚ ਬੁੱਢਾ ਹੋਣਾ ਚਾਹੁੰਦਾ ਹਾਂ। ਮੈਨੂੰ ਉਹ ਪਿਆਰ ਨਹੀਂ ਚਾਹੀਦਾ ਜੋ ਜਿਸਮਾਂ ਤੋਂ ਸ਼ੁਰੂ ਹੋ ਕੇ ਆਪਣੀ ਅਜ਼ਾਦੀ ਦੇ ਹੱਕਾਂ ਲਈ ਲੜਦਾ ਹੋਇਆ ਵਿਆਹ ਤੋਂ ਦੋ ਤਿੰਨ ਸਾਲ ਬਾਅਦ ਖਤਮ ਹੋ ਜਾਵੇ। ਮੈਂ ਤਾਂ ਉਹ ਪਿਆਰ ਚਾਹੁੰਦਾ ਜੋ ਕਦੇ ਕਮਜ਼ੋਰ ਨਾ ਹੋਵੇ, ਨਾ ਹੀ ਨਿੱਕੀਆਂ-ਵੱਡੀਆਂ ਨਰਾਜ਼ਗੀਆਂ ਜਾਂ ਸ਼ਿਕਵਿਆਂ ਨਾਲ ਅਤੇ ਨਾ ਹੀ ਅਮੀਰੀ ਜਾਂ ਗਰੀਬੀ ਵਿੱਚ। ਉਹ ਪਿਆਰ ਜਿਸ ਉੱਤੇ ਲੋਕ ਕੀ ਕਹਿੰਦੇ ਨੇ ਦਾ ਅਸਰ ਨਾ ਹੋਵੇ ਅਤੇ ਜਿਸ ਪਿਆਰ ਉੱਤੇ ਬੁਢਾਪੇ ਦੀਆਂ ਝੁਰੜੀਆਂ ਵੀ ਆਪਣਾ ਅਸਰ ਨਾ ਪਾ ਸਕਣ।

ਮੇਰਾ ਦਿਲ ਤਾਂ ਕਰੇ ਕਿ ਉਸਨੂੰ ਕਹਾਂ ਬੱਸ! ਮੈਂ ਤੇਰੇ ਨਾਲ ਜ਼ਿੰਦਗੀ ਜਿਊਣ ਲਈ ਤਿਆਰ ਹਾਂ, ਪਰ ਪਤਾ ਨਹੀਂ ਮੈਨੂੰ ਇਹ ਸੱਭ ਬਹੁਤ ਚੰਗਾ ਕਿਉਂ ਲੱਗ ਰਿਹਾ ਸੀ, ਮੈਂ ਹੋਰ ਸੁਣਨਾ ਚਾਹੁੰਦੀ ਸੀ, ਬਾਰ ਬਾਰ ਸੁਣਨਾ ਚਾਹੁੰਦੀ ਸੀ ਤੇ ਮੇਰੀ 'ਹਾਂ' ਵੇਲੇ ਉਸਦੇ ਹਾਵ-ਭਾਵ ਦੇਖਣਾ ਚਾਹੁੰਦੀ ਸੀ, ਮੇਰਾ ਦਿਲ ਕਰੇ ਕਿ ਜਿਵੇਂ ਅੱਜ ਇਸਨੇ ਮੈਨੂੰ ਸਰਪ੍ਰਾਈਜ਼ ਜਿਹਾ ਕਰ ਦਿੱਤਾ, ਬੱਸ ਮੈਂ ਵੀ ਇਸ ਨੂੰ ਇਵੇਂ ਹੀ ਸਰਪ੍ਰਾਈਜ਼ ਕਰਾਂ। ਇਸ ਲਈ ਚੁੱਪ ਰਹੀ। ਇੰਨੇ ਨੂੰ ਵੇਟਰ ਕਾਫੀ ਲੈ ਕੇ ਮੇਜ਼ ਵੱਲ ਆ ਗਿਆ।

ਉਹ ਬੜਾ ਗੰਭੀਰ ਤੇ ਥੋੜਾ ਜਿਹਾ ਸ਼ਰਮਿੰਦਗੀ ਨਾਲ ਆਸੇ ਪਾਸੇ ਦੇਖ ਕੇ ਮੇਰੇ ਤੋਂ ਅੱਖਾਂ ਚੁਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਸੱਚੀਂ ਬੜਾ ਹੀ ਕਿਊਟ ਲੱਗ ਰਿਹਾ ਸੀ। ਮੈਂ ਅੰਦਰੋਂ ਬਹੁਤ ਖੁਸ਼ ਸੀ। ਮੈਂ ਉਸਨੂੰ ਕਾਫੀ ਲੈਣ ਲਈ ਕਿਹਾ, ਉਹ ਥੋੜਾ ਸਥਿਰ ਹੋ ਰਿਹਾ ਸੀ, ਪਰ ਚੁੱਪ ਸੀ।

ਮੈਂ ਕਿਹਾ, 'ਵੈਸੇ ਕਮਾਲ ਕਰ ਤੀ ਸਰਦਾਰ ਸਾਹਬ ਤੁਸੀਂ! ਉਹ ਕਹਿਣ ਲੱਗਾ, ਜੀ ਸਰਦਾਰਨੀ ਜੀ ਨੂੰ ਖੁਸ਼ ਵੀ ਤਾਂ ਕਰਨਾ ਸੀ ਨਾ।

ਪਰ ਤੁਹਾਡੀ ਸਰਦਾਰਨੀ ਜੀ ਨੇ, ਹਾਂ ਨਹੀਂ ਕੀਤੀ ਅਜੇ। ਮੈਂ ਕਿਹਾ।

ਕੋਈ ਗੱਲ ਨਹੀਂ ਜੀ, ਪਿਆਰ ਰੱਬ ਦੀ ਦਾਤ ਹੈ, ਦਾਤ ਵਾਂਙ ਹੀ ਮਿਲ ਜਾਵੇ ਤਾਂ ਪ੍ਰਵਾਨ ਕਰਨੀ ਚਾਹੀਦੀ ਹੈ, ਨਹੀਂ ਤਾਂ ਉਸਦੀ ਰਜ਼ਾ ਵਿੱਚ ਰਹਿਣਾ ਕੋਈ ਮਾੜੀ ਗੱਲ ਨਹੀਂ। ਉਸਨੇ ਕਿਹਾ। ਮੈਂ ਕਾਫੀ ਦੀ ਚੁਸਕੀ ਲੈਂਦਿਆ ਕਿਹਾ, 'ਗੱਲ ਤਾਂ ਤੁਹਾਡੀ ਸਹੀ ਹੈ ਸਰਦਾਰ ਜੀ, ਲੱਗਦਾ ਕੁੱਝ ਸੋਚਣਾ ਪੈਣਾ ਇਸ ਮਸਲੇ ਬਾਰੇ। ਖੈਰ ਅਸੀਂ ਦੋਹੇਂ ਚੁੱਪ ਸੀ, ਕਿ ਅਚਾਨਕ ਬਾਹਰ ਤੇਜ਼ ਬਾਰਸ਼ ਸ਼ੁਰੂ ਹੋ ਗਈ, ਮੈਂ ਉਸਨੂੰ ਜਲਦੀ ਵਾਪਸ ਜਾਣ ਲਈ ਕਿਹਾ। ਉਸਨੇ ਪਹਿਲਾਂ ਦੀ ਤਰ੍ਹਾਂ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਬਿਠਾਇਆ ਤੇ ਆਪ ਡਰਾਈਵਰ ਸੀਟ ਤੇ ਬੈਠ ਕੇ ਕਾਰ ਪਾਰਕਿੰਗ ਚੋਂ ਮੇਨ ਸੜਕ ਤੇ ਆ ਗਿਆ ਅਤੇ ਕਾਰ ਆਪਣੇ ਰਾਹ ਤੇ ਪੈ ਗਈ।

ਮੇਰੇ ਸਟਾਪ ਤੇ ਕਾਰ ਰੁ ਕ ਗਈ। ਉਹ ਮੇਰੀ ਤਾਕੀ ਖੋਲਣ ਲਈ ਉਤਰਣ ਲੱਗਾ ਤਾਂ ਮੈਂ ਕਿਹਾ, 'ਰਹਿਣ ਦਿਉ, ਬਾਹਰ ਬਾਰਸ਼ ਹੈ, ਮੈਂ ਖੁਦ ਹੀ ਖੋਲ੍ਹ ਲਵਾਂਗੀ। ਪਰ ਉਸਨੇ ਕਾਰ ਦੀ ਡਿੱਗੀ ਵਿੱਚੋਂ ਛੱਤਰੀ ਕੱਢਦਿਆਂ ਕਿਹਾ, ਮੈਨੂੰ ਲੱਗ ਰਿਹਾ ਸੀ ਕਿ ਅੱਜ ਬਾਰਸ਼ ਆਵੇਗੀ, ਇਸ ਲਈ ਪ੍ਰਬੰਧ ਕਰਕੇ ਆਇਆ ਸੀ। ਉਸਨੇ ਕਾਰ ਲਾਕ ਕੀਤੀ ਅਤੇ 'ਮੈਂ ਤੁਹਾਡੇ ਨਾਲ ਪੀਜੀ ਤੱਕ ਜਾ ਆਉਂਦਾ ਹਾਂ ਨਾਲੇ ਛੱਤਰੀ ਵਾਪਿਸ ਲੈ ਆਵਾਂਗੇ' ਮਜ਼ਾਕੀਆਂ ਅੰਦਾਜ਼ ਵਿੱਚ ਕਹਿ ਕੇ ਮੈਨੂੰ ਚੱਲਣ ਦਾ ਇਸ਼ਾਰਾ ਕਰ ਦਿੱਤਾ।

ਪੀਜੀ ਦੇ ਬਾਹਰ ਪੁੱਜ ਕੇ, ਮੈਂ ਉਸਦਾ ਧੰਨਵਾਦ ਕੀਤਾ ਤੇ ਕਿਹਾ ਘਰ ਜਾ ਕੇ ਆਪਣੇ ਪਹੁੰਚਣ ਦਾ ਮੈਸਜ਼ ਕਰ ਦੇਣਾ, ਮੈਂ ਰਾਤ ਨੂੰ ਕਾਲ ਕਾਰਾਂਗੀ, ਬਾਏ।

ਉਸਨੇ ਕਿਹਾ ਮੈਂ ਮੈਸਜ਼ ਕਰ ਦੇਵਾਂਗਾ ਤੇ ਕਾਲ ਦਾ ਇੰਤਜ਼ਾਰ ਕਰਾਂਗਾ, ਉਹ ਖੁਸ਼ ਲੱਗ ਰਿਹਾ ਸੀ। ਮੈਂ ਮੇਨ ਗੇਟ ਦੇ ਓਹਲੇ ਹੋ ਗਈ ਅਤੇ ਉਸਨੂੰ ਜਾਂਦੇ ਦੇਖ ਰਹੇ ਸੀ। ਆਪਣੀ ਕਾਰ ਦੇ ਨੇੜੇ ਜਾ ਕੇ ਉਸਨੇ ਪਿਛੇ ਮੁੜ ਕੇ ਮੈਨੂੰ ਦੇਖਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਨਜ਼ਰ ਨਹੀਂ ਆਈ। ਫਿਰ ਉਸਨੇ ਉੱਪਰ ਦੇਖਿਆ ਅਤੇ ਕਾਰ ਵੱਲ ਨੂੰ ਵਾਪਸ ਮੁੜਿਆ। ਮੈਂ ਵੀ ਆਪਣੇ ਕਮਰੇ ਵੱਲ ਨੂੰ ਮੁੜਦੀ ਹੋਈ ਨੇ ਮਨ ਵਿੱਚ ਕਿਹਾ ਕਿ 'ਮੁੰਡਾ ਝੱਲਾ ਹੀ ਹੈ' ਕਿ ਅਚਾਨਕ ਇੱਕ ਉੱਚੀ ਅਵਾਜ਼ ਸੁਣਾਈ ਦਿੱਤੀ, ਮੈਂ ਇਕ ਦਮ ਪਿੱਛੇ ਮੁੜ ਕੇ ਦੇਖਿਆ, ਉਸਦੀ ਕਾਰ ਦੇ ਕੋਲ ਇੱਕ ਵੱਡਾ ਟਰੱਕ ਖੜਾ ਸੀ ਅਤੇ ਉਸਦੀ ਕਾਰ ਦੇ ਨੇੜੇ ਲੋਕਾਂ ਦੀ ਭੀੜ ਇਕੱਠੀ ਹੋਣ ਲੱਗ ਪਈ। ਮੈਂ ਇਕ ਦਮ ਉਸ ਪਾਸੇ ਵੱਲ ਭੱਜੀ, ਪਰ ਦੇਰ ਹੋ ਚੁੱਕੀ ਸੀ, ਉਸਦੀਆਂ ਅੱਖਾਂ ਮੇਰੇ ਪੀਜੀ ਗੇਟ ਵੱਲ ਖੁਲ੍ਹੀਆਂ ਪਈਆਂ ਸਨ ਤੇ ਆਪ ਉਹ !

## ਓਲਡ ਫੈਸ਼ਨ

ਫੁੱਲਕਾਰੀ, ਘੱਗਰੇ, ਪਰਾਂਦੇ
ਸਭ ਹਵਾ ਹੋ ਗਏ
ਚਰਖਾ, ਚਾਟੀ-ਮਧਾਣੀ, ਹਾਰੇ
ਸਭ ਸਵਾ ਹੋ ਗਏ।
ਠਹਿ ਗਏ ਚੁਬਾਰੇ
ਚੁੱਲੇ ਚੌਂਕੇ ਉੱਜੜ ਗਏ
ਮੀਨਾਕਾਰੀਆਂ ਦੇ ਬੱਸ ਕੱਲੇ
ਦਾਗ ਰਹਿ ਗਏ।
ਕਿਉਂ?
ਖੂਹਾਂ ਦਾ ਪਾਣੀ ਨ੍ਹਿਰਾ
ਜ਼ਹਿਰ ਹੋ ਗਿਆ
ਏ ਕਿਹੋ ਜਿਹਾ ਪੰਜ਼ਾਬ
ਉੱਤੇ ਕਹਿਰ ਹੋ ਗਿਆ
ਟੁੱਟੇ ਪੱਖੀਆਂ ਤੋਂ ਘੁੰਗਰੂ
ਉੱਡੇ ਦਰੀਆਂ ਤੋਂ ਮੋਰ ਨੇ
ਕਿਉਂ?
ਚਾਨਣ ਤੋਂ ਹਨ੍ਹੇਰ ਵੱਲ
ਸਾਰਾ ਸ਼ਹਿਰ ਹੋ ਗਿਆ
ਏ ਕਿਹੋ ਜਿਹਾ ਪੰਜ਼ਾਬ
ਉੱਤੇ ਕਹਿਰ ਹੋ ਗਿਆ।
ਕਿਉਂ?
ਸੂਟਾਂ ਦੀ ਕਢਾਈ ਹੱਥ
ਕੱਢਣੋ ਵੀ ਭੁੱਲੀਆਂ
ਚਰਖੇ ਦੀਆਂ ਪੂਣੀਆਂ
ਕੱਤਣੋਂ ਵੀ ਭੁੱਲੀਆਂ
ਕਿਉਂ?
ਚਰਖਾ ਵੀ ਭਲੇ ਵੇਲੇ
ਠਹਿਰ ਹੋ ਗਿਆ
ਇਹ ਕਿਹੋ ਜਿਹਾ ਪੰਜ਼ਾਬ
ਉੱਤੇ ਕਹਿਰ ਹੋ ਗਿਆ।
ਚੱਲਦੀ ਮਧਾਣੀ ਪਰ
ਲੱਸੀ 'ਚ ਮਿਠਾਸ ਨਾ
ਰੇਹਾਂ ਸਪਰੇਹਾਂ ਬਿਨ੍ਹਾਂ
ਪਲਦੇ ਜਵਾਕ ਨਾ
ਕਿਉਂ?
ਸਮੇਂ ਦਾ ਇਹ ਕਿਹੋ
ਜਿਹਾ ਪਹਿਰ ਹੋ ਗਿਆ
ਇਹ ਕਿਹੋ ਜਿਹਾ ਪੰਜਾਬ
ਉੱਤੇ ਕਹਿਰ ਹੋ ਗਿਆ।

## ਮੁਟਿਆਰ

ਗਜ਼ ਗਜ਼
ਲੰਮੇ ਵਾਲ
ਏ ਕੁਦਰਤ
ਸੂਫ਼ ਦੇ
ਘੱਗਰੇ
ਕਿੱਕਰਾਂ ਦੇ
ਜੋ ਫੁੱਲਾਂ
ਵਾਲੇ ਹਾਰ
ਏ ਕੁਦਰਤ
ਸਰ-ਸਰ
ਕਰਦੇ ਟਾਹਲੀ
ਵਾਲੇ ਪੱਤਿਆਂ
ਦੀ ਆਵਾਜ਼
ਏ ਕੁਦਰਤ
ਪਾਣੀ ਵਹਿੰਦੇ
ਝਰਨੇ ਵਾਲੀ
ਛਮ-ਛਮ
ਕਰਦੀ ਪੰਜ਼ੇਬਾਂ
ਦੀ ਛਣਕਾਰ
ਏ ਕੁਦਰਤ
ਦੂਰੋਂ ਹੀ
ਜੋ ਜਾਵੇ
ਪਛਾਣੀ
ਪੰਜ-ਆਬਾਂ
ਦੀ ਜੰਮੀ
ਜੋ ਮੁਟਿਆਰ
ਏ ਕੁਦਰਤ

## ਕੁਦਰਤ

ਤੂੰ ਜਦ ਵੀ
ਮੈਨੂੰ ਮਿਲਣ ਆਂਵੀ
ਮੇਰੇ ਲਈ ਬਸ
ਸਰੋਂ, ਬਰਸੀਨ, ਤਰੇਕਾਂ
ਕਿੱਕਰਾਂ ਦੇ ਫੁੱਲ
ਲਿਆਉਂਦਾ ਆਂਵੀ
ਮੈਂ ਹਾਰ ਬਣਾ
ਤੇਰਾ ਦਿੱਤਾ ਇਹ
ਅਨਮੋਲ ਤੋਹਫ਼ਾ
ਗਲ ਵਿੱਚ ਪਾਉਣਾ
ਚਾਹੁੰਦੀ ਹਾਂ.....
ਥੋੜੀ ਦੇਰ ਲਈ
ਹੀ ਸਹੀ ਪਰ
ਮੈਂ ਵੀ ਕੁਦਰਤ
ਕਹਾਉਣਾ ਚਾਹੁੰਦੀ ਹਾਂ।



ਖ਼ੁਸ਼ਪ੍ਰੀਤ

## ਬਚਪਨ

ਖੇਡਾਂ ਸੱਭੇ ਵਿਸਰੀਆਂ
ਵਿਸਰ ਗਏ ਸਭ
ਬਚਪਨ ਵਾਲੇ ਯਾਰ
ਰਹਿ ਗਈਆਂ ਬਸ
ਪੱਥਰ ਗੀਟੀਆਂ
ਰਹਿ ਗਈ ਮਿੱਠੀ
ਦਿਲਾਂ ਵਿੱਚ
ਇੱਕ ਯਾਦ
ਕਦੇ ਹੁੰਦੇ ਸੀ
ਮਿੱਟੀ ਨਾਲ ਖੇਡਦੇ
ਅੱਜ ਚਿੱਕੜ ਚਿੱਕੜ
ਸਭ ਹੋ ਗਿਆ
ਪੀਘਾਂ ਸਭ ਟੁੱਟੀਆਂ
ਸਿਉਂਕ ਬੋਹੜਾਂ ਨੂੰ
ਏ ਖਾ ਲਿਆ।
ਕਰੋ ਕਈ ਇਲਾਜ
ਇਸ ਚੰਦਰੇ
ਜਹਾਨ ਦਾ
ਸੋਹਣਾ ਸੀ ਉਹ
ਬਚਪਨ ਜਿਹੜਾ
ਅੱਜ ਮਜ਼ਦੂਰੀਆਂ
ਤੇ ਨਸ਼ਿਆਂ
ਨੇ ਖਾ ਲਿਆ....।

## ਪ੍ਰੀਆ ਦੇ ਇੱਕੀ ਸਾਲਾ ਵਿਛੋੜੇ ਤੇ



ਅੱਖਾਂ ਚੋ ਹੰਝੂ
ਪਲਕਾਂ ਨੂੰ ਚੁੰਮਦੇ
ਧਰਤੀ ਤੇ ਡਿਗੇ
ਤੇ ਹੋਲੀ ਹੋਲੀ ਪੂੰਝੇ ਗਏ।
ਸਾਡੇ ਦਿਲ ਵੀ ਰੋਏ ,
ਰੂਹ ਵੀ ਰੋਈ ,
ਰੂਹ ਦੇ ਹਝੂਆ
ਦੀ ਨਦੀ ,
ਸਦਾ ਰਹੀ
ਭਰੀ ਭਰੀ।

– ਅਮਰੀਕ ਖਡਾਲੀਆ

## ਨਵੀਂ ਬਿਮਾਰੀ

ਕਰ ਲੈ ਨੇਕ ਕਮਾਈਆਂ ਅੰਦਰ ਵੜ ਕੇ ਤੂੰ
ਕੀ ਲੈਣਾ ਏ ਇਹ ਦੁਨੀਆਂ ਨਾਲ ਲੜ ਕੇ ਤੂੰ
ਸਾਂਭ ਲੈ ਰੱਬ ਨੇ ਦਿੱਤੀ ਜਿੰਦ ਨਿਆਰੀ ਏ
ਬੰਦੇ ਨੂੰ ਇਹ ਆ ਗਈ ਨਵੀਂ ਬਿਮਾਰੀ ਏ..

ਕਹਿੰਦੇ ਲੋਕੀ ਜਿਹੜੇ ਸੱਚ ਸਿਆਣੇ ਨੇ
ਇਹ ਦੁਨੀਆਂ ਤੇ ਰਾਜ ਜੋ ਕਰਦੇ ਰਾਣੇ ਨੇ
ਸੱਪ ਨਿਊਲੇ ਖਾ-ਖਾ ਗਈ ਮੱਤ ਮਾਰੀ ਏ
ਬੰਦੇ ਨੂੰ ਇਹ ਖਾ ਗਈ ਨਵੀਂ ਬਿਮਾਰੀ ਏ।

ਰੱਬ ਨੂੰ ਕਰਨ ਮਖੌਲਾਂ ਜਿਹੜੇ ਲੰਘਦੇ ਸੀ
ਮਾੜੇ ਦੇ ਕੋਲ ਆ ਕੇ ਜਿਹੜੇ ਖੰਘਦੇ ਸੀ
ਆਪੇ ਹੀ ਰੱਬ ਆ ਕੇ ਭੁਗਤ ਸਵਾਰੀ ਏ
ਬੰਦੇ ਨੂੰ ਇਹ ਖਾ ਗਈ ਨਵੀਂ ਬਿਮਾਰੀ ਏ।

ਗਲੀਆਂ ਦੇ ਵਿਚ ਫਿਰ ਕੇ ਕੰਮ ਵਿਗਾੜੇਂਗਾ
ਯਮਲਾ ਬਣ ਕੇ ਗਲ਼ ਪਿਆ ਢੋਲ ਵਜਾਵੇਂਗਾ
ਸੱਤੀ ਟੱਬਰ ਦੇ ਨਾਲ ਹੋ ਜਾਏਗਾ ਦੁਖਿਆਰੀ ਏ
ਬੰਦੇ ਨੂੰ ਇਹ ਖਾ ਗਈ ਨਵੀਂ ਬਿਮਾਰੀ ਏ।

– ਸੱਤੀ ਪਾਬਲਾ
925-207-5642

## ਮਿੰਨੀ ਕਹਾਣੀ: ਸਮਾਜਿਕ ਦੂਰੀ

'ਮਾਸਟਰ ਜੀ! ਕਿੰਨੇ ਕੁ ਦਿਨ ਚੱਲੂ ਅਜੇ ਹੋਰ ਕਰਫ਼ੂ।'

ਨੰਬਰਦਾਰਾਂ ਦੇ ਸੀਰੀ ਗਿੰਦੇ ਨੇ ਘਰ ਦੇ ਦਰਵਾਜ਼ੇ ਦੇ ਬਾਹਰ ਬੈਠ ਕੇ ਅਖ਼ਬਾਰ ਪੜ੍ਹ ਰਹੇ ਮਾਸਟਰ ਪਰਸਨ ਸਿੰਘ ਨੂੰ ਪੁੱਛਿਆ।

'ਜਦੋਂ ਤੱਕ ਦੇਸ਼ ਪੂਰੀ ਤਰ੍ਹਾਂ ਕੋਰੋਨੇ ਤੋਂ ਮੁਕਤ ਨਹੀਂ ਹੋ ਜਾਂਦਾ, ਗਿੰਦਰ ਸਿੰਹਾਂ।'ਮਾਸਟਰ ਪਰਸਨ ਸਿੰਘ ਨੇ ਅਖ਼ਬਾਰ ਵੱਲੋਂ ਆਪਣਾ ਧਿਆਨ ਹਟਾਉਂਦੇ ਹੋਏ ਕਿਹਾ।

'ਮਾਸਟਰ ਜੀ! ਮੁਕਤੀ ਭਲਾ ਕਿਵੇਂ ਮਿਲੂ, ਕਹਿੰਦੇ ਨੇ ਇਸ ਬਿਮਾਰੀ 'ਤੇ ਕੋਈ ਦਵਾਈ ਅਸਰ ਹੀ ਨਹੀਂ ਕਰਦੀ।'

ਗਿੰਦਰ ਸੀਰੀ ਨੇ ਲੋਕ ਚਰਚਾ ਨੂੰ ਆਧਾਰ ਬਣਾ ਕੇ ਆਪਣਾ ਪੱਖ ਪੇਸ਼ ਕੀਤਾ।

'ਦਵਾਈ ਤਾਂ ਕੋਈ ਨਹੀਂ ਗਿੰਦਰਾ,ਬੱਸ ਸਮਾਜਿਕ ਦੂਰੀ ਹੀ ਇਸ ਦਾ ਇੱਕੋ ਇੱਕ ਹੱਲ ਹੈ, ਨਾਲੇ ਤੂੰ ਵੀ ਨੰਬਰਦਾਰਨੀ ਤੋਂ ਦੂਰੀ ਬਣਾ ਕੇ ਰੱਖਿਆ ਕਰ ਅੱਜਕੱਲ੍ਹ।

ਮਾਸਟਰ ਪਰਸਨ ਸਿੰਘ ਨੇ ਨੰਬਰਦਾਰਾਂ ਦੇ ਕਾਮੇ ਨੂੰ ਮਖੌਲ ਕਰਦਿਆਂ ਕਿਹਾ।

'ਸਾਡੀ ਦੂਰੀ ਤਾਂ ਮਾਸਟਰ ਜੀ ਕਈ ਸਾਲਾਂ ਤੋਂ ਪਈ ਆ ਰਹੀ ਹੈ।ਨੰਬਰਦਾਰਾਂ ਦੇ ਘਰ ਅਸੀਂ ਤਿੰਨ ਪੀੜ੍ਹੀਆਂ ਤੋਂ ਸੀਰ ਕਰਦੇ ਆ ਰਹੇ ਹਾਂ।ਪਹਿਲਾਂ ਮੇਰਾ ਬਾਬਾ ਉਨ੍ਹਾਂ ਦੇ ਚੌਂਕੇ ਤੋਂ ਪੰਜ ਫੁੱਟ ਦੂਰ ਭੁੰਜੇ ਬੈਠ ਕੇ ਰੋਟੀ ਖਾਇਆ ਕਰਦਾ ਸੀ,ਉਸ ਤੋਂ ਬਾਅਦ ਬਾਪੂ ਅਤੇ ਹੁਣ ਮੈਂ ਵੀ ਬਾਹਰਲੇ ਬਰਾਂਡੇ ਦੀ ਬੁਰਜੀ ਨਾਲ ਬੈਠ ਕੇ ਖਾਂਦਾ ਹਾਂ।ਕੋਰੋਨੇ ਦੀ ਬਿਮਾਰੀ ਵਾਲੀ ਸਮਾਜਿਕ ਦੂਰੀ ਤਾਂ ਕੁੱਝ ਮਹੀਨਿਆਂ ਬਾਅਦ ਮਿੱਟ ਜਾਵਗੀ ਪਰ ਊਚ-ਨੀਚ ਦੀ ਬਿਮਾਰੀ ਵਾਲੀ ਦੂਰੀ ਸ਼ਾਇਦ ਸਾਡੀ ਅਗਲੀਆਂ ਪੀੜ੍ਹੀਆਂ ਤੱਕ ਵੀ ਇਸ ਤਰ੍ਹਾਂ ਹੀ ਬਣੀ ਰਹੇ।'

ਆਪਣੇ ਅਤੇ ਆਪਣੇ ਪਰਿਵਾਰ ਨਾਲ ਜੁੜੇ ਵਿੱਥਵਾਦੀ ਸੱਚ ਨੂੰ ਬਿਆਨਕੇ ਗਿੰਦਰ ਨੰਬਰਦਾਰਾਂ ਦੀ ਮੋਟਰ ਵੱਲ ਨੂੰ ਰਵਾਨਾ ਹੋ ਗਿਆ।

–ਰਮੇਸ਼ ਬੱਗਾ ਚੋਹਲਾ
9463132719

## ਰਾਸ਼ਟਰਪਤੀ ਭਵਨ ਕੰਪਲੈਕਸ ਦੇ 115 ਪਰਿਵਾਰ ਕੁਆਰੰਟਾਈਨ 'ਚ ਗਏ

**ਨਵੀਂ ਦਿੱਲੀ–** ਰਾਸ਼ਟਰਪਤੀ ਭਵਨ ਕੰਪਲੈਕਸ 'ਚ ਇਕ ਸਫ਼ਾਈ ਮੁਲਾਜ਼ਮ ਦੇ ਇਕ ਰਿਸ਼ਤੇਦਾਰ ਨੂੰ ਕੋਰੋਨਾ ਪਾਜ਼ੇਟਿਵ ਪਾਏ ਜਾਣ ਤੋਂ ਬਾਅਦ ਕੰਪਲੈਕਸ 'ਚ ਰਹਿਣ ਵਾਲੇ 115 ਪਰਿਵਾਰ ਇਹਤਿਆਤ ਵਜੋਂ ਖੁਦ ਕੁਆਰੰਟਾਈਨ 'ਚ ਚਲੇ ਗਏ ਹਨ। ਰਾਸ਼ਟਰਪਤੀ ਭਵਨ ਦੇ ਪ੍ਰੈੱਸ ਨੋਟ ਵਿਚ ਮੰਗਲਵਾਰ ਨੂੰ ਕਿਹਾ ਗਿਆ ਹੈ ਕਿ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਅੱਜ ਦੀ ਤਰੀਕ ਤਕ ਰਾਸ਼ਟਰਪਤੀ ਸਕੱਤਰੇਤ ਦਾ ਕੋਈ ਮੁਲਾਜ਼ਮ ਕੋਵਿਡ-19 ਜਾਂਚ 'ਚ ਪਾਜ਼ੇਟਿਵ ਨਹੀਂ ਪਾਇਆ ਗਿਆ। ਸਥਾਨਕ ਪ੍ਰਸ਼ਾਸਨ ਦੇ ਨਾਲ ਸਕੱਤਰੇਤ ਸਰਕਾਰੀ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸਾਰੇ ਜ਼ਰੂਰੀ ਇਹਤਿਆਤੀ ਉਪਾਅ ਕਰ ਰਿਹਾ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਕੋਵਿਡ-19 ਦੇ ਇਕ ਪਾਜ਼ੇਟਿਵ ਮਰੀਜ਼ ਦੀ 13 ਅਪ੍ਰੈਲ ਬੀਐੱਲ ਕਪੂਰ ਹਸਪਤਾਲ, ਨਵੀਂ ਦਿੱਲੀ 'ਚ ਮੌਤ ਹੋ ਗਈ। ਉਹ ਨਾ ਤਾਂ ਰਾਸ਼ਟਰਪਤੀ ਸਕੱਤਰੇਤ 'ਚ ਕੰਮ ਕਰਦਾ ਸੀ ਤੇ ਨਾ ਹੀ ਰਾਸ਼ਟਰਪਤੀ ਭਵਨ ਕੰਪਲੈਕਸ ਦਾ ਵਾਸੀ ਸੀ। ਮ੍ਰਿਤਕ ਦੇ ਸੰਪਰਕ ਦਾ ਪਤਾ ਲਗਾਉਣ 'ਤੇ ਜਾਣਕਾਰੀ ਮਿਲੀ ਕਿ ਰਾਸ਼ਟਰਪਤੀ ਸਕੱਤਰੇਤ ਦੇ ਇਕ ਮੁਲਾਜ਼ਮ ਦੇ ਪਰਿਵਾਰ ਦੇ ਇਕ ਮੈਂਬਰ ਦਾ ਮ੍ਰਿਤਕ ਨਾਲ ਸੰਪਰਕ ਸੀ। ਮੁਲਾਜ਼ਮ ਆਪਣੇ ਪਰਿਵਾਰ ਦੇ ਨਾਲ ਕੰਪਲੈਕਸ ਖੇਤਰ 'ਚ ਨਿਰਧਾਰਤ ਪਾਕੇਟ-1 ਦਾ ਵਾਸੀ ਹੈ। ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਤਹਿਤ ਪਰਿਵਾਰ ਦੇ ਸਾਰੇ ਸੱਤ ਮੈਂਬਰਾਂ ਨੂੰ 16 ਅਪ੍ਰੈਲ ਨੂੰ ਮੰਦਰ ਮਾਰਗ 'ਤੇ ਕੁਆਰੰਟਾਈਨ 'ਚ ਭੇਜ ਦਿੱਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਮ੍ਰਿਤਕ ਦੇ ਨਾਲ ਸੰਪਰਕ ਵਿਚ ਆਏ ਪਰਿਵਾਰ ਦਾ ਇਕ ਮੈਂਬਰ ਜਾਂਚ 'ਚ ਪਾਜ਼ੇਟਿਵ ਪਾਇਆ ਗਿਆ। ਰਾਸ਼ਟਰਪਤੀ ਭਵਨ ਕੰਪਲੈਕਸ ਦੇ ਮੁਲਾਜ਼ਮ ਸਮੇਤ ਇਸ ਪਰਿਵਾਰ ਦੇ ਹੋਰ ਮੈਂਬਰ ਜਾਂਚ 'ਚ ਨੈਗੇਟਿਵ ਪਾਏ ਗਏ ਹਨ।

**ਇਕ ਦਿਨ 'ਚ 705 ਮਰੀਜ਼ ਠੀਕ, ਪ੍ਰਭਾਵਿਤ ਲੋਕਾਂ ਦੀ ਗਿਣਤੀ ਹੋਈ 18601**

ਸਿਹਤ ਮੰਤਰਾਲੇ ਦੇ ਸੰਯੁਕਤ ਸਕੱਤਰ ਲਵ ਅਗਰਵਾਲ ਨੇ ਦੱਸਿਆ ਕਿ ਦੇਸ਼ ਭਰ 'ਚ ਕੋਰੋਨਾ ਵਾਇਰਸ ਦੇ ਹੁਣ ਤਕ 18601 ਪਾਜ਼ੇਟਿਵ ਮਾਮਲੇ ਸਾਹਮਣੇ ਆਏ ਹਨ। 3252 ਲੋਕਾਂ ਨੂੰ ਇਲਾਜ ਦੇ ਬਾਅਦ ਹਸਪਤਾਲ ਤੋਂ ਡਿਸਚਾਰਜ ਕਰ ਦਿੱਤਾ ਗਿਆ ਹੈ ਤੇ ਇਨ੍ਹਾਂ 'ਚ 705 ਲੋਕ ਉਹ ਸ਼ਾਮਲ ਹਨ



ਜਿਨ੍ਹਾਂ ਨੂੰ ਕੱਲ੍ਹ ਡਿਸਚਾਰਜ ਕੀਤਾ ਗਿਆ ਹੈ। ਕੋਰੋਨਾ ਪੀੜਤ ਦਾ ਇਸ ਤਰ੍ਹਾਂ ਠੀਕ ਹੋਣਾ ਹੁਣ ਤਕ ਕੁਲ ਮਰੀਜ਼ਾਂ ਦਾ 17.48 ਫ਼ੀਸਦੀ ਹੈ। ਰਾਜਸਥਾਨ 'ਚ ਅੱਜ ਕੋਰੋਨਾ ਵਾਇਰਸ 83 ਨਵੇਂ ਮਾਮਲੇ ਸਾਹਮਣੇ ਆਏ ਹਨ। ਇਸ ਦੇ ਨਾਲ ਇੱਥੇ ਮਰੀਜ਼ਾਂ ਦੀ ਗਿਣਤੀ 1,659 ਹੋ ਗਈ ਹੈ ਤੇ 25 ਲੋਕਾਂ ਦੀ ਮੌਤ ਹੋ ਗਈ ਹੈ। ਸਿਹਤ ਮੰਤਰਾਲੇ ਦੁਆਰਾ ਜਾਰੀ ਅੰਕੜਿਆਂ ਦੇ ਅਨੁਸਾਰ ਭਾਰਤ 'ਚ ਕੋਰੋਨਾ ਵਾਇਰਸ ਦੇ 18,601 ਮਾਮਲੇ ਸਾਹਮਣੇ ਆਏ ਹਨ। 2152 ਲੋਕ ਠੀਕ ਹੋ ਗਏ ਹਨ। 591 ਲੋਕਾਂ ਦੀ ਮੌਤ ਹੋ ਗਈ ਹੈ। 14,759 ਲੋਕਾਂ ਦਾ ਇਲਾਜ ਜਾਰੀ ਹੈ। ਮਹਾਰਾਸ਼ਟਰ 'ਚ 4666 ਮਾਮਲੇ ਸਾਹਮਣੇ ਆਏ ਹਨ। 572 ਲੋਕ ਠੀਕ ਹੋ ਗਏ ਹਨ ਤੇ 232 ਲੋਕਾਂ ਦੀ ਮੌਤ ਹੋ ਗਈ ਹੈ।

## ਸਾਹਿਤਕ ਸਫ਼ਰ ਦਾ ਖ਼ੂਬਸੂਰਤ ਛੈਲ-ਛਬੀਲਾ ਰਾਹੀ : ਹੀਰਾ ਸਿੰਘ ਤੂਤ

ਜ਼ਿਲਾ ਫਿਰੋਜ਼ਪੁਰ ਦੇ ਪਿੰਡ ਤੂਤ ਦਾ ਜੰਮਪਲ ਹੀਰਾ ਸਿੰਘ ਵੀ ਸਾਹਿਤਕ ਹਲਕਿਆਂ ਵਿਚ ਆਪਣੇ ਨਾਂ ਨਾਲ ਆਪਨੇ ਪਿੰਡ ਦਾ ਨਾਂ ''ਤੂਤ '' ਤਖੱਲਸ ਲਿਖ ਕੇ ਆਪਣਾਂ ਫ਼ਖ਼ਰ ਮਹਿਸੂਸ ਕਰਦਾ ਹੈ। ਉਸ ਦਾ ਕਹਿਣ ਹੈ ਕਿ ਜਿਸ ਪਿੰਡ ਵਿਚ ਜੰਮੇ-ਪਲੇ, ਜਿਸ ਪਿੰਡ ਦੀਆਂ ਜੂਹਾਂ ਵਿਚ ਖੇਡ੍ਹਦਿਆਂ ਜਵਾਨ ਹੋਏ, ਜਿੱਥੋਂ ਦਾ ਅੰਨ ਖਾਧਾ, ਉਸ ਪਿੰਡ ਨੂੰ ਕਿਵੇਂ ਭੁੱਲ ਸਕਦੇ ਹਾਂ। ''ਪਿੰਡ ''ਤੂਤ'' ਵਿਚ ਸ੍ਰ. ਸੋਹਣ ਸਿੰਘ ਪਿਤਾ ਅਤੇ ਸ਼੍ਰੀ ਮਤੀ ਗੁਰਬਖਸ਼ ਕੌਰ ਮਾਤਾ ਦੇ ਵਿਹੜੇ ਨੂੰ 08, ਦਸੰਬਰ, 1980 ਨੂੰ ਭਾਗ ਲਾਉਣ ਵਾਲੇ ਹੀਰਾ ਸਿੰਘ ਤੂਤ ਦੀ ਵਿਦਿਅਕ- ਯੋਗਤਾ ਐਮ. ਏ. (ਪੰਜਾਬੀ/ਹਿਸਟਰੀ), ਬੀ. ਐੱਡ, ਯੂ. ਜੀ. ਸੀ. ਨੈੱਟ (ਪੰਜਾਬੀ) ਹੈ। ਦਸਵੀਂ ਤੱਕ ਦੀ ਸਿੱਖਿਆ ਉਸ ਨੇ ਪਿੰਡ ਪੱਧਰ ਤੇ ਸੈਕੰਡਰੀ ਸਿੱਖਿਆ ਫਿਰੋਜ਼ਪੁਰ ਛਾਉਣੀ ਤੋਂ ਅਤੇ ਐਮ.ਏ. ਤੱਕ ਦੀ ਯੋਗਤਾ ਸਰਕਾਰੀ ਬ੍ਰਿਜਿੰਦਰਾ ਕਾਲਜ਼ ਫਰੀਦਕੋਟ ਤੋਂ ਪ੍ਰਾਪਤ ਕੀਤੀ। ਮੁਲਾਕਾਤ ਦੌਰਾਨ ਉਸ ਗੱਲਬਾਤ ਕਰਦਿਆਂ ਕਿਹਾ,'' ਲਿਖਣ ਦੀ ਚੇਟਕ ਮੈਨੂੰ ਕਾਲਜ਼ ਸਮੇਂ ਤੋਂ ਹੀ ਲੱਗੀ ਸੀ। ਮੈ ਬਹੁਤਾ ਸਮਾਂ ਲਾਇਬ੍ਰੇਰੀ ਵਿੱਚ ਹੀ ਬਤੀਤ ਕਰਦਾ ਸਾਂ। ਕਾਲਜ਼ ਵਿੱਚ ਕੰਧ ਉਪਰ ਕਈ ਵਾਰ ''ਕੰਧ-ਦਰਪਣ'' ਚੱਲਦਾ ਸੀ। ਜਿੱਥੇ ਵੱਖ-ਵੱਖ ਵਿਦਿਆਰਥੀਆਂ ਦੀਆਂ ਰਚਨਾਵਾਂ ਲਗਾਈਆਂ ਜਾਂਦੀਆਂ ਸਨ। ਜਿਸ ਕਰਕੇ ਮੈਂ ਵੀ ਕੁਝ-ਨਾ-ਕੁਝ ਰਚਦਾ ਰਿਹਾ ਸਾਂ। ਪਰ ਮਾੜੀ ਆਰਥਿਕਤਾ ਕਾਰਨ ਮੈਂ 2017 ਤੱਕ ਇਸ ਨੂੰ ਕਿਤਾਬੀ ਰੂਪ ਨਹੀਂ ਦੇ ਸਕਿਆ ਸੀ।''

ਹੀਰਾ ਸਿੰਘ ਤੂਤ ਦੀਆਂ ਮੌਲਿਕ ਪੁਸਤਕਾਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਹ, ''ਫਿੱਕੇ ਰੰਗ'' (ਕਵਿਤਾ-ਸੰਗ੍ਰਹਿ 2017), ''ਪਗਡੰਡੀਆਂ'' (ਕਹਾਣੀ-ਸੰਗ੍ਰਹਿ 2017), ''ਬੱਸ ਏਦਾਂ ਹੀ'' (ਨਾਵਲ 2017), ''ਕੁਝ ਰੰਗ'' (ਕਵਿਤਾ-ਸੰਗ੍ਰਹਿ 2018), ''ਬੇਰੰਗ '' (ਕਵਿਤਾ-ਸੰਗ੍ਰਹਿ 2018), ''ਸ਼ਕਤੀ ਪ੍ਰਦਰਸ਼ਨ'' (ਮਿੰਨੀ ਕਹਾਣੀ-ਸੰਗ੍ਰਹਿ 2019), ''ਮੇਰੇ ਹਿੱਸੇ ਦੀ ਲੋਅ'' (ਕਵਿਤਾ-ਸੰਗ੍ਰਹਿ 2019) ਅਤੇ ''ਤਾਰੇ ਅੰਬਰ ਦੇ'' (ਬਾਲ-ਕਵਿਤਾਵਾਂ 2019) ਸਾਹਿਤ ਦੀ ਝੋਲ਼ੀ ਪਾ ਚੁੱਕੇ ਹਨ, ਜਦ ਕਿ ਤਿੰਨ ਪੁਸਤਕਾਂ, ਕਾਵਿ-ਸੰਗ੍ਰਹਿ, ਕਹਾਣੀ-ਸੰਗ੍ਰਹਿ ਅਤੇ ਬਾਲ-ਕਵਿਤਾ ਸੰਗ੍ਰਹਿ ਛਪਾਈ ਅਧੀਨ ਹਨ। ਇਸ ਤੋਂ ਇਲਾਵਾ ਉਸ ਦੀਆਂ ਰਚਨਾਵਾਂ ਪੰਜਾਬੀ ਸਪੋਕਸਮੈਨ, ਅਜੀਤ, ਦਾ ਟਾਈਮਜ਼ ਆਫ ਪੰਜਾਬ,.ਨਿਰਪੱਖ ਅਵਾਜ਼, ਨਵਾਂ ਜ਼ਮਾਨਾ, ਦੇਸ਼ ਸੇਵਕ, ਅੱਜ ਦੀ ਅਵਾਜ਼ ਅਤੇ ਪੰਜਾਬੀ ਜਾਗਰਣ ਆਦਿ ਅਖਬਾਰਾਂ ਦਾ ਸਿੰਗਾਰ ਬਣਦੀਆਂ ਆ ਰਹੀਆਂ ਹਨ।



ਸਾਹਿਤ, ਸੱਭਿਆਚਾਰ ਅਤੇ ਸਮਾਜ ਪ੍ਰਤੀ ਨਿਭਾਈਆਂ ਗਈਆਂ ਜਾਨਦਾਰ ਤੇ ਸ਼ਾਨਦਾਰ ਸੇਵਾਵਾਂ ਬਦਲੇ ਅਨੇਕਾਂ ਸਾਹਿਤਕ ਸੰਸਥਾਵਾਂ ਅਤੇ ਮੰਚ ਉਨ੍ਹਾਂ ਦੀ ਕਲਮ ਦੀ ਕਦਰ ਪਾਉਂਦਿਆਂ ਉਨ੍ਹਾਂ ਨੂੰ ਸਨਮਾਨਿਤ ਕਰ ਚੁੱਕੇ ਹਨ, ਜਿਨ੍ਹਾਂ ਵਿਚ, ਪੰਜਾਬੀ ਸਾਹਿਤ ਸਭਾ (ਸ਼੍ਰੀ ਮੁਕਤਸਰ ਸਾਹਿਬ), ਸਰਕਾਰੀ ਕਾਲਜ ਜ਼ੀਰਾ (ਫਿਰੋਜ਼ਪੁਰ), ਸਾਹਿਤ ਸਭਾ ਤਲਵੰਡੀ ਭਾਈ (ਫਿਰੋਜ਼ਪੁਰ), ਸ਼ਬਦ ਸਾਂਝ ਸਭਾ ਕੋਟਕਪੂਰਾ (ਫਰੀਦਕੋਟ), ਸਰਕਾਰੀ ਸੈਕੰਡਰੀ ਸਕੂਲ ਘੱਲ ਖੁਰਦ (ਫਿਰੋਜ਼ਪੁਰ). ਸਾਹਿਤ ਸਭਾ ਮੰਡੀ ਬਰੀ ਵਾਲਾ (ਸ਼੍ਰੀ ਮੁਕਤਸਰ ਸਾਹਿਬ) ਅਤੇ ਜ਼ਿਲਾ ਪੱਧਰੀ ਗਣਤੰਤਰ ਦਿਵਸ ਉਪਰ ਡੀ. ਸੀ. ਫਿਰਜ਼ਪੁਰ ਵੱਲੋਂ ਮਿਲੇ ਮਾਨ-ਸਨਮਾਨਾਂ ਨੂੰ ਉਹ ਅਭੁੱਲ ਸਨਮਾਨ ਦੱਸਦੇ ਹਨ। ਇਕ ਹੋਰ ਸਵਾਲ ਦਾ ਜੁਵਾਬ ਦਿੰਦਿਆਂ ਹੀਰਾ ਸਿੰਘ ਨੇ ਕਿਹਾ,'' ਮੇਰੇ ਪਸੰਦੀਦਾ ਲੇਖਕਾਂ ਵਿਚੋਂ ਬਲਵੰਤ ਗਾਰਗੀ ਜੀ, ਨਾਵਲਕਾਰ ਦਲੀਪ ਕੌਰ ਟਿਵਾਣਾ ਜੀ, ਸ਼ਿਵ ਕੁਮਾਰ ਬਟਾਲਵੀ ਜੀ, ਵੀਨਾ ਵਰਮਾਂ, ਬੂਟਾ ਸਿੰਘ ਸ਼ਾਦ, ਨਰਿੰਦਰ ਕਪੂਰ ਜੀ ... ਅਜੋਕੇ ਸਮੇਂ 'ਚੋਂ ਸ਼ਸ਼ੀ ਪਾਲ ਸਮੁੰਦਰਾ ਜੀ ਤੇ ਨਿੰਦਰ ਘੁਗਿਆਣਵੀ ਜੀ ਆਦਿ ਨਾਂ ਹਨ।''

ਆਪਣੇ ਪਿੰਡ ਦੇ ਨੇੜਲੇ ਪਿੰਡ ਵਿੱਚ ਬਤੌਰ ਸਰਕਾਰੀ ਅਧਿਆਪਕ ਸੇਵਾ ਨਿਭਾਅ ਰਹੇ, ਕਲਮ ਦੇ ਪੁਜਾਰੀ ਤੂਤ ਨੇ ਕਿਹਾ, ''ਹਾਲੇ ਤਾਂ ਮੈ ਸੇਰ 'ਚੋਂ ਪੂਣੀ ਵੀ ਨਹੀ ਕੱਤੀ। ਪਰ, ਕਈ ਲੋਕ ਆਖਦੇ ਹਨ ਕਿ ਏਨੀ ਵੀ ਕੀ ਕਾਹ਼ਲੀ ਕਿ ਢਾਈ ਕੁ ਸਾਲਾਂ 'ਚ ਏਨਾ ਸਾਹਿਤ ਪ੍ਰਕਾਸ਼ਿਤ ਕਰਵਾ ਦਿਤਾ ਹੈ? ਉਨ੍ਹਾਂ ਨੂੰ ਮੇਰਾ ਇਹੀ ਜੁਵਾਬ ਹੁੰਦੈ ਕਿ ਜ਼ਿੰਦਗੀ ਦੀ ਕੀ ਗਰੰਟੀ ਹੈ ਕਿ ਅਸੀਂ ਬਹੁਤ ਸਾਲ ਧਰਤੀ ਉਪਰ ਜਿਊਣਾ ਹੈ। ਸੋ ਜੋ ਲਿਖ ਦਿੰਦਾ ਹਾਂ ਉਹ ਛਪਵਾ ਦਿੰਦਾ ਹਾਂ। ਸਨਮਾਨਾਂ ਤੇ ਸ਼ਲਾਘਾ ਦੀ ਕੋਈ ਭੁੱਖ ਨਹੀਂ ਹੈ। ਲੋਕ ਪੜ੍ਹ ਰਹੇ ਹਨ ਤੇ ਮੈਂ ਛਪਵਾ ਰਿਹਾ ਹਾਂ। ਜੇਕਰ ਲੋਕ ਪਿਆਰ-ਸਤਿਕਾਰ ਨਾ ਬਖਸ਼ਦੇ ਤਾਂ ਫਿਰ ਮੈਂ ਕਦ ਦੀ ਹੀ ਕਲਮ ਬੰਦ ਕਰ ਦੇਣੀ ਸੀ।''

ਰੱਬ ਕਰੇ ਪੰਜਾਬੀ ਮਾਂ-ਬੋਲੀ ਦੀ ਸੇਵਾ ਵਿਚ ਮਾਰਗ-ਦਰਸ਼ਨ ਬਣ ਕੇ ਸਰਗਰਮ ਕਦਮੀ ਤੁਰੇ ਹੋਏ ਇਹ ਕਦਮ, ਇਸੇ ਹੀ ਚਾਲੇ ਤੁਰੇ ਮੰਜ਼ਲਾਂ ਤਹਿ ਕਰਦੇ ਨਾਮਨਾ ਖੱਟਦੇ ਰਹਿਣ, ਦਿਲੀ ਦੁਆਵਾਂ, ਇੱਛਾਵਾਂ ਤੇ ਕਾਮਨਾਵਾਂ ਹਨ, ਇਸ ਛੈਲ-ਛਬੀਲੇ ਖ਼ੂਬਸੂਰਤ ਸਾਹਿਤਕ ਰਾਹੀ ਲਈ, ਮੇਰੀਆਂ।



ਪ੍ਰੀਤਮ ਲੁਧਿਆਣਵੀ
9876428641



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop




Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $149,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Coffee Shop for Sale
Monthly Gross Sales: $25,000
Listing Price: $150,000




7Eleven
7 Eleven Store For Sale in Antioch, CA
Listing Price: $550,000




3 Bedroom 1 Bath Home on
10 Acre Lot
Listing Price: $1,500,000




BHHS BERKSHIRE HATHAWAY HOMESERVICES
Elite Real Estate
Home Services
BERKSHIRE HATHAWAY




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

OFFICE: 7412 ELSIE AVE., SACRAMENTO, CA 95828